Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY

Gurjatinder S. Randhawa
REALTOR CA DRE licence # 01490567
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 806, 13 to 19 June, 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਰਾਸ਼ਟਰਪਤੀ ਦਾ ਪੁੱਤਰ ਹੰਟਰ ਬਾਇਡਨ ਅਪਰਾਧਿਕ ਮਾਮਲਿਆਂ 'ਚ ਦੋਸ਼ੀ ਕਰਾਰ

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)-** ਅਮਰੀਕੀ ਜਿਊਰੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਨੂੰ ਡੇਲਾਵੇਅਰ ਵਿਚ ਬੰਦੂਕ ਟ੍ਰਾਇਲ ਦੇ ਮਾਮਲੇ 'ਚ ਤਿੰਨੋਂ ਅਪਰਾਧਿਕ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਹੈ।

ਉਸ ਨੂੰ ਕਰੈਕ ਕੋਕੀਨ ਦੀ ਸਮੱਸਿਆ ਸੀ ਤੇ ਵਕੀਲਾਂ ਨੇ ਕਿਹਾ ਸੀ ਕਿ ਉਸ ਨੇ ਅਕਤੂਬਰ 2018 ਵਿਚ ਕੋਲਟ ਕੋਬਰਾ ਰਿਵਾਲਵਰ ਖਰੀਦਣ ਵੇਲੇ ਫਾਰਮਾਂ 'ਤੇ ਝੂਠ ਬੋਲਿਆ ਸੀ ਕਿ ਉਹ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਦਾ। ਹੰਟਰ ਬਾਇਡਨ ਨੇ ਉਸ ਸਮੇਂ ਇਨ੍ਹਾਂ



■ ਨਸ਼ੇ ਦਾ ਆਦੀ ਹੋਣ ਦੇ ਬਾਵਜੂਦ ਹਥਿਆਰ ਰੱਖਣ ਦੇ ਮਾਮਲੇ 'ਚ ਬੋਲਿਆ ਸੀ ਝੂਠ

ਦੋਸ਼ਾਂ ਨੂੰ ਨਕਾਰਿਆ ਸੀ। ਜਿਸ ਵਿਚ ਇੱਕ ਰਿਵਾਲਵਰ ਲਈ ਸਰਕਾਰੀ ਸਕ੍ਰੀਨਿੰਗ ਦਸਤਾਵੇਜ਼ਾਂ ਨੂੰ ਭਰਨ ਅਤੇ 11 ਦਿਨਾਂ ਲਈ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੌਰਾਨ ਉਸਦੀ ਨਸ਼ਾਖੋਰੀ ਬਾਰੇ ਝੂਠ ਬੋਲਣਾ ਸ਼ਾਮਲ ਹੈ।

ਜਿਊਰੀ ਨੇ ਕਰੀਬ ਤਿੰਨ ਘੰਟੇ ਵਿਚਾਰ ਕਰਨ ਤੋਂ ਬਾਅਦ ਆਪਣਾ ਫੈਸਲਾ ਸੁਣਾਇਆ। ਉਸ ਦੇ ਅਟਾਰਨੀ ਅਬੇ ਲਵੇਲ ਨੇ ਜੱਜਾਂ ਨੂੰ ਦੱਸਿਆ ਕਿ ਉਸ ਦਾ ਮੁਵੱਕਿਲ ਧੋਖਾ ਦੇਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ ਕਿਉਂਕਿ ਜਦੋਂ ਉਸ ਨੇ ਬੰਦੂਕ ਖਰੀਦੀ ਸੀ, ਤਾਂ ਉਹ ਆਪਣੇ ਆਪ ਨੂੰ ਨਸ਼ੇੜੀ ਨਹੀਂ ਸਮਝਦਾ ਸੀ।

ਅਮਰੀਕੀ ਕਾਨੂੰਨ ਮੁਤਾਬਕ ਇਸ ਮਾਮਲੇ 'ਚ ਦੋਸ਼ੀ ਪਾਏ ਜਾਣ 'ਤੇ 25 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

## 8 ਮੰਤਰੀਆਂ ਤੇ 57 ਵਿਧਾਇਕਾਂ ਦੇ ਹਲਕਿਆਂ 'ਚ 'ਆਪ' ਉਮੀਦਵਾਰ ਹਾਰੇ

**ਚੰਡੀਗੜ੍ਹ, (ਪੰਜਾਬ ਮੇਲ)-** ਬੇਸ਼ੱਕ ਆਮ ਆਦਮੀ ਪਾਰਟੀ ਨੇ ਤਿੰਨ ਸੰਸਦੀ ਸੀਟਾਂ 'ਤੇ ਜਿੱਤ ਹਾਸਲ ਕਰਕੇ ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਦੋ ਸੀਟਾਂ ਵੱਧ ਜਿੱਤੀਆਂ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਦਾ 13-0 ਦਾਅਵਾ ਸੱਚ ਨਹੀਂ ਹੋ ਸਕਿਆ। ਜੇਕਰ ਤਾਜ਼ਾ ਹੋਈਆਂ ਚੋਣਾਂ ਦੇ ਨਤੀਜਿਆਂ 'ਤੇ ਨਜ਼ਰ ਮਾਰੀ ਜਾਵੇ, ਤਾਂ ਆਮ ਆਦਮੀ ਪਾਰਟੀ ਦੇ ਜ਼ਿਆਦਾਤਰ ਮੰਤਰੀਆਂ ਅਤੇ ਵਿਧਾਇਕਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ।

■ 'ਆਪ' ਦੇ ਜ਼ਿਆਦਾਤਰ ਮੰਤਰੀਆਂ ਤੇ ਵਿਧਾਇਕਾਂ ਦੀ ਕਾਰਗੁਜ਼ਾਰੀ ਰਹੀ ਨਿਰਾਸ਼ਾਜਨਕ

■ ਬਾਕੀ ਖਬਰ ਸਫਾ 17 'ਤੇ

## ਭਾਰਤੀ ਚੋਣ ਕਮਿਸ਼ਨ ਵਲੋਂ 7 ਸੂਬਿਆਂ ਦੀਆਂ 13 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ ਬਿਹਾਰ, ਪੱਛਮੀ ਬੰਗਾਲ, ਤਾਮਿਲਨਾਡੂ, ਮੱਧ ਪ੍ਰਦੇਸ਼, ਉੱਤਰਾਖੰਡ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ 13 ਵਿਧਾਨ ਸਭਾ ਹਲਕਿਆਂ 'ਚ ਖਾਲੀ ਅਸਾਮੀਆਂ ਨੂੰ ਭਰਨ ਲਈ ਉਪ ਚੋਣਾਂ ਯਾਨੀ ਕਿ ਜ਼ਿਮਨੀ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਹੈ। ਜਲੰਧਰ ਦੇ ਵੈਸਟ ਹਲਕੇ ਦੀ ਸੀਟ ਦੇ ਨਾਲ ਹਿਮਾਚਲ ਦੀਆਂ 3 ਵਿਧਾਨ ਸਭਾ ਸੀਟਾਂ ਸਮੇਤ ਦੇਸ਼ ਭਰ ਵਿਚ 13 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਦਾ ਐਲਾਨ ਕੀਤਾ ਗਿਆ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਜਾਣਕਾਰੀ ਦਿੱਤੀ ਹੈ

■ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ 10 ਜੁਲਾਈ ਨੂੰ : ਸਿਬਿਨ ਸੀ



ਕਿ ਜਲੰਧਰ ਪੱਛਮੀ (ਐੱਸ.ਸੀ.) ਦੀ ਜ਼ਿਮਨੀ ਚੋਣ ਲਈ 10 ਜੁਲਾਈ ਨੂੰ ਵੋਟਾਂ ਪੈਣਗੀਆਂ। ਇਸ ਬਾਬਤ ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਸਿਬਿਨ ਸੀ ਨੇ ਦੱਸਿਆ ਕਿ 14 ਜੂਨ (ਸ਼ੁੱਕਰਵਾਰ) ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ ਅਤੇ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 21 ਜੂਨ (ਸ਼ੁੱਕਰਵਾਰ) ਹੋਵੇਗੀ। ਨਾਮਜ਼ਦਗੀ ਪੱਤਰਾਂ ਦੀ

■ ਬਾਕੀ ਖਬਰ ਸਫਾ 17 'ਤੇ

## ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਵਾਉਣ ਵਾਲੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਮਿਲ ਸਕਦੈ ਗਰੀਨ ਕਾਰਡ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਪੱਕੇ ਹੋਣ ਦੀ ਉਡੀਕ ਕਰ ਰਹੇ ਲੱਖਾਂ ਪ੍ਰਵਾਸੀਆਂ ਲਈ ਚੰਗੀ ਖ਼ਬਰ ਹੈ। ਅਸਲ ਵਿਚ ਬਾਈਡੇਨ ਸਰਕਾਰ ਇਕ ਨਵੀਂ ਨੀਤੀ 'ਤੇ ਵਿਚਾਰ ਕਰ ਰਹੀ ਹੈ ਜਿਸ ਤਹਿਤ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਵਾਉਣ ਵਾਲੇ ਉਨ੍ਹਾਂ ਪ੍ਰਵਾਸੀਆਂ ਨੂੰ ਗਰੀਨ ਕਾਰਡ ਹਾਸਲ ਕਰਨ ਦਾ ਮੌਕਾ ਮਿਲੇਗਾ ਜੋ ਗੈਰਕਾਨੂੰਨੀ ਤਰੀਕੇ ਨਾਲ ਮੁਲਕ ਵਿਚ ਦਾਖਲ ਹੋਏ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੀ ਰਿਪੋਰਟ ਮੁਤਾਬਕ ਤਕਰੀਬਨ 50 ਲੱਖ ਅਮਰੀਕੀਆਂ ਦੇ ਜੀਵਨ ਸਾਥੀ ਗੈਰਕਾਨੂੰਨੀ ਪ੍ਰਵਾਸੀ ਹਨ ਜਾਂ ਉਹ ਗੈਰਕਾਨੂੰਨੀ ਪ੍ਰਵਾਸੀਆਂ ਦੇ ਬਾਲਗ ਹੋ ਚੁੱਕੇ ਬੱਚੇ ਹਨ। ਚੋਣਾਂ ਦੇ ਮੱਦੇਨਜ਼ਰ ਇਹ ਨੀਤੀ ਬੇਹੱਦ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ ਅਤੇ ਐਰੀਜ਼ੋਨਾ, ਜਾਰਜੀਆ ਅਤੇ ਨੇਵਾਡਾ ਵਰਗੇ ਰਾਜਾਂ ਵਿਚ




■ 50 ਲੱਖ ਅਮਰੀਕੀਆਂ ਦੇ ਜੀਵਨ ਸਾਥੀ ਗੈਰਕਾਨੂੰਨੀ ਪ੍ਰਵਾਸੀ ਜਾਂ ਗੈਰਕਾਨੂੰਨੀ ਪ੍ਰਵਾਸੀਆਂ ਦੇ ਬਾਲਗ ਹੋ ਚੁੱਕੇ ਬੱਚੇ ਹਨ

ਡੈਮੋਕ੍ਰੈਟਿਕ ਪਾਰਟੀ ਦੀਆਂ ਵੋਟਾਂ ਵਧ ਸਕਦੀਆਂ ਹਨ। ਅਮੈਰਿਕਨ ਇਮੀਗ੍ਰੇਸ਼ਨ ਬਿਜ਼ਨਸ ਕੌਂਸਲ ਦਾ ਕਹਿਣਾ ਹੈ ਕਿ ਇਨ੍ਹਾਂ

■ ਬਾਕੀ ਖਬਰ ਸਫਾ 17 'ਤੇ

## ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਰਿਹਾਅ ਨਾ ਕਰਨ ਦਾ ਮਾਮਲਾ ਅਮਰੀਕੀ ਰਾਜਸੀ ਗਲਿਆਰਾ 'ਚ ਗੂੰਜਿਆ

**ਅੰਮ੍ਰਿਤਸਰ, (ਕੁਲਜੀਤ ਸਿੰਘ/ਪੰਜਾਬ ਮੇਲ)-** ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ



ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੇ ਮਾਮਲੇ ਨੂੰ ਲੈ ਕੇ ਹੁਣ ਮਾਮਲਾ ਤੂਲ ਫੜਨ ਲੱਗਾ ਹੈ। ਭਾਰੀ ਵੋਟਾਂ ਨਾਲ ਜਿੱਤ ਹਾਸਲ ਕਰਨ ਦੇ ਬਾਵਜੂਦ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰਿਹਾਅ ਨਾ ਕਰਨ ਦਾ ਮਾਮਲਾ ਅਮਰੀਕਾ ਦੇ ਰਾਜਸੀ ਗਲਿਆਰਿਆਂ 'ਚ ਵੀ ਗੂੰਜ ਰਿਹਾ ਹੈ। ਇਸ ਸਬੰਧ ਵਿਚ, ਉਪ ਰਾਸ਼ਟਰਪਤੀ ਕੈਮਿਲਾ ਹੈਰਿਸ ਦੀ ਚੀਫ਼ ਆਫ਼ ਸਟਾਫ਼



ਉਪ ਰਾਸ਼ਟਰਪਤੀ ਕੈਮਿਲਾ ਹੈਰਿਸ ਨਾਲ ਮੁਲਾਕਾਤ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ।

ਸ਼ੀਲਾ ਨਿੱਕਸ ਨੇ ਜਸਪ੍ਰੀਤ ਸਿੰਘ ਨੂੰ ਲਿਖਤੀ ਰੂਪ 'ਚ ਜਵਾਬ ਦਿੱਤਾ ਹੈ, ਜਿਸ ਤੋਂ ਬਾਅਦ ਉਪ ਰਾਸ਼ਟਰਪਤੀ ਦੇ ਏਸ਼ੀਆ-ਪ੍ਰਸ਼ਾਂਤ ਮਾਮਲੇ ਅਤੇ ਹਥਿਆਰ ਕੰਟਰੋਲ ਲਈ ਵਿਸ਼ੇਸ਼ ਸਲਾਹਕਾਰ ਸ਼੍ਰੀ ਸਿਧਾਰਥ ਅਈਅਰ ਵੱਲੋਂ ਉਪ ਰਾਸ਼ਟਰਪਤੀ ਨਾਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਸਪ੍ਰੀਤ ਸਿੰਘ ਨੂੰ ਇੱਕ ਸੱਦਾ ਪ੍ਰਾਪਤ ਹੋਇਆ ਹੈ।

ਇਸ ਤੋਂ ਪਹਿਲਾਂ ਵੀ ਜਸਪ੍ਰੀਤ ਸਿੰਘ ਨਿਊਜਰਸੀ 'ਚ ਜਿਨ੍ਹਾਂ ਸੈਨੇਟਰਾਂ ਨੂੰ ਭਾਈ ਸਾਬ ਤੇ ਸਾਥੀ ਸਿੰਘਾਂ ਦੀ ਰਿਹਾਈ ਲਈ ਮਿਲ ਚੁੱਕੇ ਹਨ, ਉਨ੍ਹਾਂ 'ਚ ਸੈਨੇਟਰ ਬੁਕਰ ਇਵੈਂਟ, ਕਾਂਗਰਸਮੈਨ ਰੌਬ ਮੇਨੇਡੇਜ਼, ਸੈਨੇਟਰ ਜੈਕੀ ਰੋਜ਼ਨ ਅਤੇ ਕਾਂਗਰਸਮੈਨ ਰੂਬੇਨ ਗੈਲੇਗੋ ਸ਼ਾਮਿਲ ਹਨ। ਵਾਈਸ ਪ੍ਰੈਜ਼ੀਡੈਂਟ ਨਾਲ ਮੀਟਿੰਗ ਵਾਲੇ ਦਿਨ ਜਸਪ੍ਰੀਤ ਸਿੰਘ ਅਟਾਰਨੀ ਹੋਰ ਦਸ ਸੈਨੇਟਰ/ਕਾਂਗਰਸਮੈਨਜ਼ ਨਾਲ ਵੀ ਮੁਲਾਕਾਤ ਕਰਨਗੇ।

## ਰਿਚਮੰਡ ਹਿੱਲ ਨਿਊਯਾਰਕ 'ਚ ਪੰਜਾਬੀ ਵਿਅਕਤੀ ਵੱਲੋਂ ਭਰਾ ਦਾ ਗੋਲੀ ਮਾਰ ਕੇ ਕਤਲ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਨਿਊਯਾਰਕ ਦੇ ਰਿਚਮੰਡ ਹਿੱਲ ਇਲਾਕੇ 'ਚ ਇਕ ਪੰਜਾਬੀ ਪਰਿਵਾਰ ਦੇ ਨੌਜਵਾਨ ਕਰਮਜੀਤ ਸਿੰਘ ਮੁਲਤਾਨੀ ਵੱਲੋਂ ਆਪਣੇ ਛੋਟੇ ਭਰਾ ਵਿਪਨਪਾਲ ਸਿੰਘ ਮੁਲਤਾਨੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਪੁਲਿਸ ਨੇ ਦੱਸਿਆ ਕਿ ਤਿੰਨ ਬੱਚਿਆਂ ਦੇ ਇੱਕ ਪਿਤਾ ਨੇ ਪਰਿਵਾਰ ਦੇ ਰਿਚਮੰਡ ਹਿੱਲ ਕੁਈਨਜ਼ ਵਿਖੇ ਘਰ ਦੇ ਅੰਦਰ ਆਪਣੇ ਹੀ ਭਰਾ ਨੂੰ ਗੋਲੀ ਮਾਰ ਦਿੱਤੀ ਅਤੇ ਆਪਣੀ ਮਾਂ ਨੂੰ ਜ਼ਖਮੀ ਕਰ ਦਿੱਤਾ ਅਤੇ ਫਿਰ ਪਿਸਤੌਲ ਨਾਲ ਆਪਣੇ ਆਪ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਜਾਣਕਾਰੀ ਅਨੁਸਾਰ

■ ਮਾਂ ਨੂੰ ਜ਼ਖਮੀ ਕਰਕੇ ਖੁਦ ਨੂੰ ਗੋਲੀ ਮਾਰ ਕੀਤੀ ਖੁਦਕੁਸ਼ੀ





ਰਿਚਮੰਡ ਹਿੱਲ ਇਲਾਕੇ 'ਚ ਮਾਰੇ ਗਏ ਪੰਜਾਬੀ ਨੌਜਵਾਨ ਕਰਮਜੀਤ ਸਿੰਘ ਮੁਲਤਾਨੀ ਦੀ ਆਪਣੇ ਛੋਟੇ ਭਰਾ ਵਿਪਨਪਾਲ ਸਿੰਘ ਮੁਲਤਾਨੀ ਨਾਲ ਪੁਰਾਣੀ ਤਸਵੀਰ। (ਸੱਜੇ) ਘਟਨਾ ਦੀ ਜਾਂਚ ਦੌਰਾਨ ਘਰ ਦੇ ਬਾਹਰ ਖੜ੍ਹੀਆਂ ਪੁਲਿਸ ਦੀਆਂ ਗੱਡੀਆਂ।

33 ਸਾਲਾ ਕਰਮਜੀਤ ਸਿੰਘ ਮੁਲਤਾਨੀ ਰਾਤ 10:30 ਵਜੇ ਦੇ ਕਰੀਬ ਆਪਣੇ 27 ਸਾਲਾ ਭਰਾ ਵਿਪਨਪਾਲ ਸਿੰਘ ਮੁਲਤਾਨੀ ਦੇ ਕਮਰੇ ਵਿਚ ਦਾਖਲ ਹੋ ਗਿਆ ਅਤੇ ਉਸ ਨੂੰ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਸਥਾਨਕ ਪੁਲਿਸ ਦੇ ਅਨੁਸਾਰ, ਦੱਖਣੀ ਰਿਚਮੰਡ ਹਿੱਲ ਵਿਚ 95ਵੀਂ ਸਟ੍ਰੀਟ ਅਤੇ 11ਵੇਂ ਐਵੇਨਿਊ 'ਤੇ ਇਹ ਮੰਦਭਾਗੀ ਘਟਨਾ ਵਾਪਰੀ।

■ ਬਾਕੀ ਖਬਰ ਸਫਾ 17 'ਤੇ

## ਕੈਥਲ 'ਚ ਖ਼ਾਲਿਸਤਾਨੀ ਕਹਿ ਕੇ ਸਿੱਖ ਵਿਅਕਤੀ ਦੀ ਕੁੱਟਮਾਰ

**ਕੈਥਲ, (ਪੰਜਾਬ ਮੇਲ)-** ਇਕ ਸਿੱਖ ਵਿਅਕਤੀ ਨੂੰ ਖ਼ਾਲਿਸਤਾਨੀ ਕਹਿ ਕੇ ਉਸ 'ਤੇ ਇੱਟਾਂ ਨਾਲ ਹਮਲਾ ਕਰ ਕੇ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਰਾਤ ਲਗਪਗ 10 ਵਜੇ ਬੱਸ ਸਟੈਂਡ ਦੇ ਨੇੜੇ ਰੇਲਵੇ ਫਾਟਕ ਦੀ ਹੈ। ਹਾਲਾਂਕਿ ਫਾਟਕ ਤੋਂ ਡੀ.ਸੀ. ਰਿਹਾਇਸ਼ ਕੁਝ ਹੀ ਦੂਰੀ 'ਤੇ ਹੈ। ਸੈਕਟਰ-19 ਨਿਵਾਸੀ ਸੁਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਸਿਵਿਲ ਲਾਈਨ ਥਾਣੇ 'ਚ ਕੇਸ ਦਰਜ ਕਰ ਲਿਆ ਗਿਆ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਡਿਫੈਂਸ ਕਾਲੋਨੀ ਵਿਚ ਫਰਨੀਚਰ ਦਾ ਸ਼ੋਅਰੂਮ ਹੈ। ਰਾਤ ਲਗਪਗ ਪੌਣੇ ਦਸ ਵਜੇ ਉਹ ਸ਼ੋਅਰੂਮ ਬੰਦ ਕਰ ਕੇ ਘਰ ਜਾ ਰਿਹਾ ਸੀ। ਰਸਤੇ ਵਿਚ ਫਾਟਕ ਬੰਦ ਮਿਲਿਆ, ਤਾਂ ਉਹ ਉਥੇ ਰੁੱਕ ਗਿਆ। ਇਸੇ ਦੌਰਾਨ ਉਸ ਪਿੱਛੇ ਇਕ ਬਾਈਕ 'ਤੇ ਦੋ ਨੌਜਵਾਨ ਆ ਕੇ ਰੁੱਕ ਗਏ। ਰੇਲ ਗੱਡੀ ਜਾਣ ਤੋਂ

■ ਬੰਦ ਫਾਟਕ 'ਤੇ ਦੁਪਹੀਆ ਅੱਗੇ ਨਾ ਕਰਨ 'ਤੇ ਬਦਮਾਸ਼ਾਂ ਨੇ ਕੀਤੀ ਵਾਰਦਾਤ



ਜ਼ਖ਼ਮੀ ਸੁਖਵਿੰਦਰ ਸਿੰਘ

ਬਾਅਦ ਜਿਵੇਂ ਹੀ ਉਹ ਸਕੂਟੀ ਚਲਾਉਣ ਲੱਗਾ, ਤਾਂ ਬਾਈਕ ਸਵਾਰ ਨੌਜਵਾਨ ਕਹਿਣ ਲੱਗੇ ਕਿ ਓਏ ਖ਼ਾਲਿਸਤਾਨੀ, ਜਲਦੀ ਸਕੂਟੀ ਅੱਗੇ ਕੱਢ ਲੈ। ਉਸ ਨੇ ਵਿਰੋਧ ਕੀਤਾ ਤਾਂ

■ ਬਾਕੀ ਖਬਰ ਸਫਾ 17 'ਤੇ

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਦੀ ਕੁੱਟਮਾਰ ਦਾ ਨੋਟਿਸ

**ਅੰਮ੍ਰਿਤਸਰ, (ਪੰਜਾਬ ਮੇਲ)-** ਹਰਿਆਣਾ ਦੇ ਕੈਥਲ ਵਿਚ ਇੱਕ ਸਿੱਖ ਦੀ ਨਫ਼ਰਤ ਦੀ ਭਾਵਨਾ ਨਾਲ ਕੁੱਟਮਾਰ ਕਰਨ ਦੀ ਵਾਪਰੀ ਘਟਨਾ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੁਲਿਸ ਪ੍ਰਸ਼ਾਸਨ ਨੂੰ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੈਥਲ ਵਾਸੀ ਸੁਖਵਿੰਦਰ ਸਿੰਘ ਨੂੰ ਅਣਪਛਾਤੇ ਦੋ ਵਿਅਕਤੀਆਂ ਵੱਲੋਂ ਸ਼ਹਿਰ ਦੇ ਨਜ਼ਦੀਕ ਰੋਕ ਕੇ ਨਫ਼ਰਤੀ ਟਿੱਪਣੀਆਂ ਕਰਨ ਤੋਂ ਬਾਅਦ ਕੁੱਟਮਾਰ ਕੀਤੀ ਗਈ, ਜੋ ਦੇਸ਼ ਵਿਚ ਵਧ ਰਹੀ ਨਫ਼ਰਤੀ ਹਿੰਸਾ ਦਾ ਪ੍ਰਗਟਾਵਾ ਹੈ। ਹਰਿਆਣਾ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਵਰਤਾਰੇ ਨੂੰ ਸੰਜੀਦਗੀ ਨਾਲ ਲਵੇ ਕਿਉਂਕਿ ਅਜਿਹੀਆਂ ਘਟਨਾਵਾਂ ਦੇਸ਼ ਹਿੱਤ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ।




# VALLEJO TEEYAN

# MELA 2024

## Sunday, July 21st, 2024 from 12-6pm

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

Special Attractions include Mehndi, Indian Clothing and Jewelry Booths.



Come and enjoy a day filled with entertainment and festiveties, including Punjabi Folk songs and dances, Gidha, Boliyan and much more...

Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com

"Let us make your event a dream come true"
Flamingo
Banquet Hall & Catering
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
"Let us make your event a dream come true"
Pardeep - Paul
(510) 325-8433





Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
D D Sharma
Real Estate Consultant
DRE #01744678
707-365-9385(cell)
Residential, Loan Mod, Short Sale & Commercial Real Estate



GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823

ੴ

# INDIAN CARE ASSOCIATION

*Presents*

# ਜ਼ਫ਼ਰਨਾਮਾ

## ਫ਼ਤਹਿ ਦਾ ਪੱਤਰ

# ZAFARNAMAH

*Declaration of Victory*

ظفرنامہ

*Punjabi Play by PUNJAB LOK RANG*

**Written & Directed by Surinder Singh Dhanoa**

---

**Saturday - June 15th, 2024**

---

**Ray & Joan Kroc Corps Community Center**

---

**586 E. Wigeon Way, Suisun City, CA 94585**

---

**"NO ENTRY FEE" - "FIRST COME FIRST SERVE"**

**Doors Open : 4:00 PM II Show Starts : 5:00 PM**







**For tickets & more details, contact:**

**Harjinder Dhami : (707) 315-2468**

**Shashi Paul: (707) 372-5657**

*Page Sponsored by*

**Gurjatinder S. Randhawa**
REALTOR CA DRE licence # 01490567

**Ph: 916-320-9444**

"Sound Mind in the Sound Body" ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

## 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

### Wilson Play Fields Kent WA. 13028 SE. 251st. Kent, WA - 98030

Every Saturday - Sunday
5PM to 7PM
**Free Entry**

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
**Free Sporst Kits-Refreshment**

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ



ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

**ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ**

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।

Designed By Punjab Mail USA



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇੰਨਸਲੀ ਦਾ ਸਵਾਗਤ।



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ :

## Sikhs of Seattle

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ



ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559



ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

# ਸਿਆਟਲ 'ਚ ਬੱਚਿਆਂ ਦਾ ਖੇਡ ਕੈਂਪ 6 ਜੁਲਾਈ ਨੂੰ ਲਾਉਣ ਲਈ ਪ੍ਰਬੰਧਕਾਂ ਤੇ ਕੋਚਿਜ਼ ਦੀ ਅਹਿਮ ਮੀਟਿੰਗ; ਤਿਆਰੀਆਂ ਮੁਕੰਮਲ



ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਵਿਲਸਨ ਪਲੇਅ ਫੀਲਡਜ਼ ਲਾਉਣ ਲਈ ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਅਹਿਮ ਮੀਟਿੰਗ ਮਹਾਰਾਜਾ ਪੈਲੇਸ ਵਿਚ ਹੋਈ, ਜਿੱਥੇ ਬੱਚਿਆਂ ਦੇ ਖੇਡ ਕੈਂਪ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ 6 ਜੁਲਾਈ, ਦਿਨ ਸ਼ਨਿੱਚਰਵਾਰ 5 ਵਜੇ ਅਰਦਾਸ ਕਰਕੇ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ, ਸਗੋਂ ਮਨਜੀਤ ਸਿੰਘ ਕੀ ਇੰਸ਼ੋਰੈਂਸ ਵੱਲੋਂ ਮੁਫਤ ਸੇਵਾ ਕਰਕੇ ਇੰਸ਼ੋਰੈਂਸ ਕੀਤੀ ਗਈ ਹੈ। ਸਾਰੇ ਕੋਚਿਜ਼ ਸਾਹਿਬਾਨ ਵੱਲੋਂ ਵਾਲੰਟੀਅਰ ਤੌਰ 'ਤੇ ਸੇਵਾ ਕੀਤੀ ਜਾਵੇਗੀ। ਹਰੇਕ ਨੇ ਆਪਣੇ ਸੁਝਾਅ ਦਿੱਤੇ। ਇਹ ਮੀਟਿੰਗ ਦਯਿਆਬੀਰ ਸਿੰਘ ਪਿੰਟੂ ਬਾਠ ਦੀ ਪ੍ਰਧਾਨਗੀ ਹੇਠ ਕੀਤੀ ਗਈ। ਗੁਰਚਰਨ ਸਿੰਘ ਢਿੱਲੋਂ ਦੀ ਸਿਹਤ ਖਰਾਬ ਰਹਿਣ ਕਰਕੇ ਮੁੱਢਲੀ ਜ਼ਿੰਮੇਵਾਰੀ ਗੁਰਦੀਪ ਸਿੰਘ



ਸਿੱਧੂ ਨੂੰ ਸੌਂਪੀ ਗਈ ਹੈ। ਸਰਬਜੀਤ ਸਿੰਘ ਝੱਲੀ ਨੂੰ ਜ਼ਿੰਮੇਵਾਰੀ ਨੂੰ ਸੌਂਪੀ ਗਈ ਹੈ। ਸੁਖਪ੍ਰੀਤ ਸਿੰਘ ਮੱਲ੍ਹੀ ਮੀਡੀਆ ਇੰਚਾਰਜ ਹੋਣਗੇ। ਖਹਿਰਾ ਸਾਹਿਬ ਬੱਚਿਆਂ ਲਈ ਪਾਣੀ ਦੀ ਸੇਵਾ ਨਿਭਾਉਣਗੇ। ਵੱਖ-ਵੱਖ ਗੁਰਦੁਆਰਿਆਂ ਵਿਚ ਜਾਣਕਾਰੀ ਦੇਣ ਲਈ ਗੁਰਦੇਵ ਸਿੰਘ ਸਮਰਾ, ਸੋਨੋ ਸੰਧੂ ਤੇ ਜਸਵਿੰਦਰ ਸਿੰਘ ਹੁੰਦਲ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਗੁਰਬੀਰ ਨਿੱਝਰ, ਜਸਕਰਨ ਸਿੰਘ ਤੇ ਜੁਗਰਾਜ ਸਿੰਘ ਡੀ.ਪੀ.ਈ. ਰਹੇ ਬੱਚਿਆਂ ਨੂੰ ਸਾਕਰ ਦੀ ਕੋਚਿੰਗ ਅਤੇ ਫਿਟਨੈੱਸ ਟ੍ਰੇਨਿੰਗ ਦੇਣਗੇ। ਕਰਮਜੀਤ ਸਿੰਘ ਢਿੱਲੋਂ ਨੌਜਵਾਨਾਂ ਨਾਲ ਤਾਲਮੇਲ ਕਰਕੇ ਲੋੜੀਂਦੀ ਮਦਦ ਕਰਨਗੇ। ਕੁੱਲ ਮਿਲਾ ਕੇ ਇਹ ਮੀਟਿੰਗ ਸਫਲ ਰਹੀ। ਖੇਡ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਬੱਚਿਆਂ ਨੂੰ 4.45 ਵਜੇ ਪਹੁੰਚਣ ਲਈ ਖੁੱਲ੍ਹਾ ਸੱਦਾ ਹੈ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਖੇਡ ਕੈਂਪ ਹੈ। ਕਿਸੇ ਨਾਲ ਕੋਈ ਮਤਭੇਦ ਜਾਂ ਵਿਤਕਰਾ ਨਹੀਂ ਹੋਵੇਗਾ। 24-25 ਅਗਸਤ ਨੂੰ ਬੱਚਿਆਂ ਦੀਆਂ ਦੌੜਾਂ ਤੇ ਸਾਕਰ ਮੁਕਾਬਲੇ ਹੋਣਗੇ ਅਤੇ ਸਮਾਪਤੀ ਸਮਾਰੋਹ 'ਤੇ ਮਾਪਿਆਂ ਅਤੇ ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਹੈ। ਰਾਤਰੀ ਭੋਜਨ ਪਿੰਟੂ ਬਾਠ ਵੱਲੋਂ ਬੱਚਿਆਂ ਤੇ ਖੇਡ ਪ੍ਰੇਮੀਆਂ ਨੂੰ ਇਕੱਠਾ ਦਿੱਤਾ ਜਾਵੇਗਾ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜ਼ਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com



Jaspreet Singh
Attorney at Law



ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 S. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(3.00pm to 6.30 pm)
Free Entry
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
Only For Ladies
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by
PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਰਾਜੇ ਬੁੱਕਣ ਵਾਲੇ ਦਾ ਫਰਿਜ਼ਨੋ ਵਿਖੇ ਸਨਮਾਨ



**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)** - ਕੈਨੇਡਾ ਦੇ ਐਬਟਸਫੋਰਡ ਏਰੀਏ ਦੇ ਸਮਾਜਸੇਵੀ ਅਤੇ ਪ੍ਰਮੋਟਰ ਰਾਜਾ ਬੁੱਕਣ ਵਾਲੇ ਦਾ ਫਰਿਜ਼ਨੋ ਵਿਖੇ ਵਿਸ਼ੇਸ਼ ਸਨਮਾਨ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਬੱਡੀ ਖਿਡਾਰੀ ਰਾਜੂ ਪੱਤੋ ਵਾਲੇ ਦੇ ਗ੍ਰਿਹਿ ਵਿਖੇ ਫਰਿਜ਼ਨੋ ਵਿਖੇ ਕੀਤਾ ਗਿਆ। ਇਸ ਮੌਕੇ ਫਰਿਜ਼ਨੋ ਏਰੀਏ ਦੇ ਨੌਜਵਾਨ ਅਤੇ ਸਹਿਤਕ ਸ਼ਖਸੀਅਤਾਂ ਮੌਜੂਦ ਰਹੀਆਂ। ਇਸ ਮੌਕੇ ਸ਼ਾਇਰ ਰਣਜੀਤ ਗਿੱਲ ਨੇ ਸਭਨਾਂ ਨੂੰ ਨਿੱਘੀ ਜੀ ਆਖਕੇ ਪ੍ਰੋਗਰਾਮ ਦਾ ਅਗਾਜ਼ ਕੀਤਾ। ਉਪਰੰਤ ਗਾਇਕ ਬਹਾਦਰ ਸਿੱਧੂ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖੂਬ ਸਮਾਂ ਬੰਨ੍ਹਿਆ। ਕਾਰੋਬਾਰੀ ਗੁਲੂ ਬਰਾੜ ਨੇ ਇੱਕ ਗੀਤ ਨਾਲ ਹਾਜ਼ਰੀ ਲਵਾਈ। ਲੋਕ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰ ਕੋਈ ਅੱਸ਼-ਅੱਸ਼ ਕਰ ਉੱਠਿਆ। ਉਪਰੰਤ ਰਾਜੇ ਬੁੱਕਣ ਵਾਲੇ ਵਲੋਂ ਅਥਾਹ ਪਿਆਰ, ਸਤਿਕਾਰ ਲਈ ਸਭਨਾਂ ਦਾ ਧੰਨਵਾਦ ਕੀਤਾ ਗਿਆ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਸਰੀ 'ਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ



**ਸਰੀ, (ਪੰਜਾਬ ਮੇਲ)**- ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਪੰਜਾਬੀ ਨੌਜਵਾਨ ਯੁਵਰਾਜ ਗੋਇਲ (28) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ 7 ਜੂਨ ਦੀ ਦੱਸੀ ਜਾਂਦੀ ਹੈ। ਇਹ ਨੌਜਵਾਨ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਸੀ।

ਪਰਿਵਾਰ ਦੇ ਕੁਝ ਦੋਸਤਾਂ-ਮਿੱਤਰਾਂ ਮੁਤਾਬਕ ਕੈਨੇਡੀਅਨ ਪੁਲਿਸ ਨੇ ਇਸ ਨੂੰ 'ਗ਼ਲਤ ਪਛਾਣ' ਨਾਲ ਜੁੜਿਆ ਮਾਮਲਾ ਦੱਸਿਆ ਹੈ। ਜਾਣਕਾਰੀ ਅਨੁਸਾਰ ਯੁਵਰਾਜ ਜਿਮ ਤੋਂ ਪਰਤਦਿਆਂ ਫੋਨ 'ਤੇ ਆਪਣੀ ਮਾਂ ਨਾਲ ਗੱਲ ਕਰ ਰਿਹਾ ਸੀ। ਜਿਵੇਂ ਹੀ ਉਹ ਆਪਣੇ ਘਰ ਦੀ ਪਾਰਕਿੰਗ ਕੋਲ ਪੁੱਜਾ ਤਾਂ ਉਸ ਨੇ ਫੋਨ ਕੱਟ ਦਿੱਤਾ। ਪੁਲਿਸ ਮੁਤਾਬਕ ਕੁਝ ਸਮੇਂ ਬਾਅਦ ਕਿਸੇ ਨੇ ਯੁਵਰਾਜ ਨੂੰ ਇਮਾਰਤ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਕੀ ਉਹ ਇਸ ਵਿਚ ਰਹਿੰਦਾ ਹੈ, ਜਿਵੇਂ ਹੀ ਉਸ ਨੇ 'ਹਾਂ' ਕਿਹਾ, ਤਾਂ ਉਸ ਦੇ ਛੇ ਗੋਲੀਆਂ ਮਾਰੀਆਂ ਗਈਆਂ। ਯੁਵਰਾਜ ਦੀ ਮੌਕੇ 'ਤੇ ਹੀ ਮੌਤ ਹੋ ਗਈ। ਯੁਵਰਾਜ ਗੋਇਲ ਖਿਲਾਫ ਪਹਿਲਾਂ ਕੋਈ ਕੇਸ ਦਰਜ ਨਹੀਂ ਹੈ ਅਤੇ ਨਾ ਹੀ ਉਸ ਦਾ ਕੋਈ ਅਪਰਾਧਿਕ ਰਿਕਾਰਡ ਹੈ। ਉਹ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ।

ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਸ ਘਟਨਾ ਮੌਕੇ ਯੁਵਰਾਜ ਦੇ ਫੋਨ ਦੀ ਰਿਕਾਰਡਿੰਗ ਚਾਲੂ ਸੀ, ਜਿਸ ਕਰਕੇ ਮੌਕੇ 'ਤੇ ਹੋਈ ਗੱਲਬਾਤ ਬਾਰੇ ਪਤਾ ਲੱਗ ਗਿਆ। ਸ਼ੁੱਕਰਵਾਰ ਸਵੇਰੇ ਸਰੀ ਪੁਲਿਸ ਨੂੰ 164 ਸਟਰੀਟ ਦੇ 900-ਬਲਾਕ 'ਚ ਗੋਲੀਬਾਰੀ ਦੀ ਸੂਚਨਾ ਮਿਲੀ। ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਗੋਇਲ ਨੂੰ ਮ੍ਰਿਤਕ ਪਾਇਆ। ਇਸ ਮਾਮਲੇ ਵਿਚ ਪੁਲਿਸ ਵੱਲੋਂ 4 ਵਿਅਕਤੀਆਂ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਨੇ ਮ੍ਰਿਤਕ ਦੀ ਪਛਾਣ 28 ਸਾਲਾ ਯੁਵਰਾਜ ਗੋਇਲ ਵਜੋਂ ਕੀਤੀ ਹੈ। ਇਸ ਮਾਮਲੇ ਵਿਚ ਸਰੀ ਦੇ 23 ਸਾਲਾ ਮਨਵੀਰ ਬਸਰਾਮ, ਸਾਹਿਬ ਬਸਰਾ (20) ਅਤੇ ਹਰਕੀਰਤ ਝੂਟੀ (23) ਅਤੇ ਨਾਲ ਹੀ ਓਨਟਾਰੀਓ ਦੇ ਕੇਲੋਨ ਫ੍ਰੈਂਕੋਇਸ (20) 'ਤੇ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਦੇ ਬੁਲਾਰੇ ਸਾਰਜੈਂਟ ਟਿਮੋਥੀ ਪਿਰੋਟੀ ਨੇ ਇੱਕ ਨਿਊਜ਼ ਰਿਲੀਜ਼ ਵਿਚ ਕਿਹਾ, "ਹਾਲਾਂਕਿ ਸ਼ੁਰੂਆਤੀ ਸਬੂਤ ਇਹ ਸੰਕੇਤ ਦਿੰਦੇ ਹਨ ਕਿ ਇਹ ਇੱਕ ਨਿਸ਼ਾਨਾ ਗੋਲੀਬਾਰੀ ਸੀ, ਜਾਂਚਕਰਤਾ ਇੱਕ 28-ਸਾਲਾ ਕਮਿਊਨਿਟੀ ਮੈਂਬਰ ਗੋਇਲ, ਜਿਸਦਾ ਪੁਲਿਸ ਸੰਪਰਕ ਦਾ ਕੋਈ ਇਤਿਹਾਸ ਨਹੀਂ ਸੀ, ਦੀ ਹੱਤਿਆ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਨ। ਆਈ.ਐੱਚ.ਆਈ.ਟੀ. ਨੇ ਘਟਨਾ ਸਬੰਧੀ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

## ਕੋਰੋਨਾ ਮਹਾਂਮਾਰੀ ਦੌਰਾਨ ਕਰੋੜਾਂ ਡਾਲਰਾਂ ਦਾ ਫਰਾਡ ਕਰਨ ਦੇ ਮਾਮਲੇ 'ਚ 5 ਦੋਸ਼ੀ ਕਰਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਬੱਚਿਆਂ ਨੂੰ ਭੋਜਨ ਮੁਹੱਈਆ ਕਰਵਾਉਣ ਦੀ ਸਕੀਮ ਤਹਿਤ 4 ਕਰੋੜ ਡਾਲਰਾਂ ਤੋਂ ਵਧ ਦਾ ਫਰਾਡ ਕਰਨ ਦੇ ਮਾਮਲੇ 'ਚ ਨਿਭਾਈ ਭੂਮਿਕਾ ਲਈ ਅਦਾਲਤ ਨੇ ਮਿਨੀਸੋਟਾ ਦੇ 5 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ, ਜਦਕਿ 2 ਹੋਰਨਾਂ ਨੂੰ ਬਰੀ ਕਰ ਦਿੱਤਾ ਹੈ। ਇਥੇ ਜ਼ਿਕਰਯੋਗ ਹੈ ਕਿ ਕਿਸੇ ਵੱਲੋਂ ਇਕ ਜੱਜ ਨੂੰ 1,20,000 ਡਾਲਰਾਂ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਤੋਂ ਬਾਅਦ ਇਹ ਮਾਮਲਾ ਵੱਡੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਸੀ। ਇਸ ਜੱਜ ਨੂੰ ਮਾਮਲੇ 'ਤੇ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਬਰਖਾਸਤ ਕਰ ਦਿੱਤਾ ਗਿਆ ਸੀ। ਇਕ ਹੋਰ ਜੱਜ ਜਿਸ ਨੂੰ ਰਿਸ਼ਵਤ ਦੀ ਕੋਸ਼ਿਸ਼ ਬਾਰੇ ਦੱਸਿਆ ਗਿਆ ਸੀ, ਨੂੰ ਵੀ ਬਰਖਾਸਤ ਕਰ ਦਿੱਤਾ ਸੀ। ਰਿਸ਼ਵਤ ਦੀ ਕੋਸ਼ਿਸ਼ ਦਾ ਮਾਮਲਾ ਅਜੇ ਵੀ ਐੱਫ.ਬੀ.ਆਈ. ਦੀ ਜਾਂਚ ਤਹਿਤ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਵੀ ਗ੍ਰਿਫਤਾਰੀ ਨਹੀਂ ਐਲਾਨੀ ਗਈ। ਅਧਿਕਾਰੀਆਂ ਅਨੁਸਾਰ ਮਿਨੀਸੋਟਾ ਸਕੀਮ ਤਹਿਤ ਕੁੱਲ 25 ਕਰੋੜ ਡਾਲਰ ਕਢਵਾਏ ਗਏ ਸਨ, ਜਿਨ੍ਹਾਂ ਵਿਚੋਂ ਕੇਵਲ 5 ਕਰੋੜ ਡਾਲਰ ਹੀ ਬਰਾਮਦ ਹੋਏ ਹਨ। ਅਦਾਲਤ ਨੇ ਅਬਦੀਆਜ਼ਿਜ਼ ਸ਼ਫੀ ਫਰਾਹ, ਮੁਹੰਮਦ ਜਾਮਾ ਇਸਮਾਇਲ, ਅਬਦੀਮਜੀਦ ਮੁਹੰਮਦ ਨੂਰ, ਮੁਖਤਾਰ ਮੁਹੰਮਦ ਸ਼ਰੀਫ ਤੇ ਹੇਯਾਤ ਮੁਹੰਮਦ ਨੂਰ ਨੂੰ ਉਨਾਂ ਵਿਰੁੱਧ ਲਾਏ ਜ਼ਿਆਦਾਤਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ, ਜਦਕਿ ਸਾਇਦ ਸਫੀ ਫਰਾਹ ਤੇ ਅਬਦੀਵਹਾਦ ਮਾਲੀਮ ਅਫਟਨ ਨੂੰ ਬਰੀ ਕਰ ਦਿੱਤਾ।

# ਅਮਰੀਕਾ 'ਚ 35 ਸਾਲ ਪਹਿਲਾਂ ਬੱਚੇ ਦੀ ਹੋਈ ਮੌਤ ਦੇ ਮਾਮਲੇ 'ਚ ਪਿਤਾ ਤੇ ਮਤਰੇਈ ਮਾਂ ਬਰੀ



ਜਸਟਿਨ ਲੀ ਟਰਨਰ ਦੀ ਫਾਇਲ ਤਸਵੀਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਦੀ ਇਕ ਅਦਾਲਤ ਵੱਲੋਂ 1989 ਵਿਚ ਇਕ 5 ਸਾਲਾ ਬੱਚੇ ਜਸਟਿਨ ਲੀ ਟਰਨਰ ਦੀ ਹੋਈ ਮੌਤ ਦੇ ਮਾਮਲੇ 'ਚ ਪਿਤਾ ਤੇ ਮਤਰੇਈ ਮਾਂ ਨੂੰ ਬਰੀ ਕਰ ਦੇਣ ਦੀ ਰਿਪੋਰਟ ਹੈ। ਤਕਰੀਬਨ 35 ਸਾਲ ਬਾਅਦ ਬੱਚੇ ਦੇ ਪਿਤਾ ਵਿਕਟਰ ਲੀ ਟਰਨਰ ਤੇ ਮਤਰੇਈ ਮਾ ਮੇਗਨ ਰੇਨੀ ਟਰਨਰ ਨੂੰ ਇਸ ਸਾਲ ਜਨਵਰੀ 'ਚ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ। ਬੱਚੇ ਦੀ ਲਾਸ਼ ਪਰਿਵਾਰ ਦੇ ਘਰ ਨੇੜਿਉਂ ਮਿਲੀ ਸੀ। ਸਰਕਟ ਜੱਜ ਰੋਜਰ ਯੰਗ ਨੇ ਸਬੂਤਾਂ ਦੀ ਵਿਵਹਾਰਕਤਾ 'ਤੇ ਸਵਾਲ ਉਠਾਏ ਤੇ ਠੋਸ ਸਬੂਤਾਂ ਦੀ ਅਣਹੋਂਦ ਵਿਚ ਦੋਨਾਂ ਨੂੰ ਬਰੀ ਕਰ ਦਿੱਤਾ। ਜੱਜ ਨੇ ਦੋਨਾਂ ਨੂੰ ਦੁਬਾਰਾ ਇਸ ਮਾਮਲੇ ਵਿਚ ਘਸੀਟਣ 'ਤੇ ਵੀ ਰੋਕ ਲਾ ਦਿੱਤੀ। ਅਦਾਲਤ ਦੇ ਬਾਹਰ ਗੱਲ ਕਰਦਿਆਂ ਵਿਕਟਰ ਟਰਨਰ ਨੇ ਕਿਹਾ ਕਿ ਉਹ ਬਿਲਕੁੱਲ ਨਿਰਦੋਸ਼ ਹਨ ਤੇ ਸ਼ੁਕਰ ਹੈ ਕਿ ਆਖਰਕਾਰ ਉਨ੍ਹਾਂ ਨੂੰ ਨਿਆਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਅਜੇ ਵੀ ਬੱਚੇ ਨੂੰ ਯਾਦ ਕਰਕੇ ਉਦਾਸ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹੁਣ ਮੈਂ ਸਿਰ ਉਪਰ ਕਰਕੇ ਤੁਰ ਸਕਦਾ ਹਾਂ।

# ਵਿਧਾਇਕ ਲਾਡੀ ਸ਼ੇਰੋਵਾਲੀਆ ਦੇ ਭਤੀਜੇ ਦੀ ਸਰੀ ਵਿਖੇ ਹਾਦਸੇ ਦੌਰਾਨ ਮੌਤ

**ਮਲਸੀਆਂ/ਸਰੀ, (ਪੰਜਾਬ ਮੇਲ)**- ਕੈਨੇਡਾ ਦੇ ਸਰੀ ਸ਼ਹਿਰ ਵਿਚ ਮਲਸੀਆਂ ਦੇ ਰਹਿਣ ਵਾਲੇ ਪੰਜਾਬੀ ਨੌਜਵਾਨ ਜਸਮੇਰ ਸਿੰਘ ਖਹਿਰਾ ਦੀ ਇਕ ਹਾਦਸੇ 'ਚ ਮੌਤ ਹੋ ਗਈ। ਇਹ ਨੌਜਵਾਨ ਹਲਕਾ ਸ਼ਾਹਕੋਟ ਦੇ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਭਤੀਜਾ ਅਤੇ ਸੀਨੀਅਰ ਕਾਂਗਰਸੀ ਆਗੂ ਅਜਮੇਰ ਸਿੰਘ ਖਾਲਸਾ ਦਾ ਪੁੱਤਰ ਸੀ।

ਜਾਣਕਾਰੀ ਦਿੰਦਿਆਂ ਸ਼ੂਗਰ ਮਿੱਲ ਨਕੋਦਰ ਦੇ ਚੇਅਰਮੈਨ ਅਸ਼ਵਿੰਦਰ ਸਿੰਘ ਨੀਟੂ ਤੇ ਮ੍ਰਿਤਕ ਦੇ ਭਰਾ ਸੰਤੋਖ ਸਿੰਘ ਖਹਿਰਾ ਨੇ ਦੱਸਿਆ ਕਿ ਜਸਮੇਰ ਸਿੰਘ ਆਪਣੇ ਇਕ ਹੋਰ ਸਾਥੀ ਅਮਨਦੀਪ ਸਿੰਘ ਕਾਹਲੋਂ ਵਾਸੀ ਅੰਮ੍ਰਿਤਸਰ ਨਾਲ ਏ.ਟੀ.ਵੀ. ਰਾਈਡਿੰਗ ਕਰਨ ਪਹਾੜਾਂ 'ਤੇ ਗਿਆ ਸੀ। ਆਉਂਦੇ ਸਮੇਂ ਬਾਈਕ ਦਾ ਸੰਤੁਲਨ ਵਿਗੜਨ ਕਾਰਨ ਦੋਵੇਂ ਜਣੇ 300 ਫੁੱਟ ਡੂੰਘੀ ਖੱਡ ਵਿਚ ਡਿੱਗ ਗਏ। ਦੋਵਾਂ ਨੌਜਵਾਨਾਂ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਜਸਮੇਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਗੰਭੀਰ ਜ਼ਖਮੀ ਹੋਏ ਅਮਨਦੀਪ ਸਿੰਘ ਦਾ ਇਲਾਜ ਸ਼ੁਰੂ ਕੀਤਾ।


Global Allianz

ਕਾਨੂੰਨੀ ਸਲਾਹਾਂ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814

Phone:209-808-2136, 209-952-5578, 1-916-806-7042, Fax: 209-476-7188

# 'ਅਮਰੀਕਾਜ਼ ਗੌਟ ਟੈਲੇਂਟ' ਰਿਐਲਿਟੀ ਸ਼ੋਅ 'ਚ ਭਾਰਤੀ ਬੱਚੀ ਨੇ ਮਚਾਈ ਸਨਸਨੀ

**■ ਜੰਮੂ ਨਾਲ ਸੰਬੰਧਤ ਹੈ 13 ਸਾਲਾ ਦੀ ਅਰਸ਼ੀਆ ਸ਼ਰਮਾ**



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਜੰਮੂ ਦੀ ਇਕ 13 ਸਾਲ ਦੀ ਧੀ ਅਰਸ਼ੀਆ ਸ਼ਰਮਾ ਨੇ ਅਮਰੀਕਾ ਵਿਚ 'ਅਮਰੀਕਾਜ਼ ਗੌਟ ਟੈਲੇਂਟ' 'ਚ ਅਜਿਹਾ ਡਾਂਸ ਕੀਤਾ, ਜਿਸ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ। ਅਰਸ਼ੀਆ ਸ਼ਰਮਾ ਨੇ 'ਅਮਰੀਕਾਜ਼ ਗੌਟ ਟੈਲੇਂਟ' 'ਚ ਉਸ ਦੇ ਡਾਂਸ ਦੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਹੀ ਹੈ। ਬੱਚੀ ਦੇ ਡਾਂਸ ਨੂੰ ਦੇਖ ਕੇ ਸ਼ੋਅ ਦੇ ਦਰਸ਼ਕ ਹੀ ਨਹੀਂ, ਬਲਕਿ ਜੱਜ ਵੀ ਖੜ੍ਹੇ ਹੋ ਗਏ ਅਤੇ ਤਾੜੀਆਂ ਵਜਾਉਣ ਲੱਗੇ। ਅਰਸ਼ੀਆ ਸ਼ਰਮਾ ਦੀ ਡਰਾਉਣੀ ਡਾਂਸ ਦੀ ਅਦਾਕਾਰੀ ਨੇ ਸਭ ਨੂੰ ਹੈਰਾਨ ਹੀ ਕਰ ਦਿੱਤਾ। 13 ਸਾਲਾ ਦੀ ਅਰਸ਼ੀਆ ਸ਼ਰਮਾ ਨੇ 'ਅਮਰੀਕਾਜ਼ ਗੌਟ ਟੇਲੇਂਟ' ਦੇ ਸੀਜ਼ਨ-19 ਦੇ ਸਟੇਜ 'ਤੇ ਡਰਾਉਣੀ ਫਿਲਮ 'ਦ ਐਕਸੋਰਸਿਸਟ' ਤੋਂ ਪ੍ਰੇਰਿਤ ਡਾਂਸ ਕੀਤਾ। ਮੈਂ ਦੂਜਿਆਂ ਤੋਂ ਵੱਖਰਾ ਦਿਖਣ ਦੀ ਕੋਸ਼ਿਸ਼ ਕਰਦੀ ਹਾਂ, ਤਾਂ ਕਿ ਕੁਝ ਵੱਖਰਾ ਦਿਖਾ ਸਕਾਂ। ਅਰਸ਼ੀਆ ਨੇ ਇਹ ਵੀ ਦੱਸਿਆ ਕਿ ਉਹ ਪਹਿਲੀ ਵਾਰ ਭਾਰਤ ਤੋਂ ਬਾਹਰ ਪਰਫਾਰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਉਹ ਰਿਐਲਿਟੀ ਟੀ.ਵੀ. ਸ਼ੋਅ 'ਡਾਂਸ ਮਾਸਟਰ ਇੰਡੀਆ 2' ਅਤੇ 'ਡੀ.ਆਈ.ਡੀ. ਲਿਟਲ ਮਾਸਟਰ' ਵਿਚ ਵੀ ਪ੍ਰਦਰਸ਼ਨ ਕਰ ਚੁੱਕੀ ਹੈ। ਅਰਸ਼ੀਆ ਸ਼ਰਮਾ ਸ਼ਾਨਦਾਰ ਐਕਟਿੰਗ ਵੀ ਕਰਦੀ ਹੈ। ਇਨ੍ਹੀਂ ਦਿਨੀਂ ਅਰਸ਼ੀਆ ਟੈਲੀਵਿਜ਼ਨ ਸੀਰੀਅਲ 'ਮੰਗਲ ਲਕਸ਼ਮੀ' 'ਚ ਵੀ ਨਜ਼ਰ ਆ ਰਹੀ ਹੈ।

# ਅਮਰੀਕਾ 'ਚ 2 ਪੁਲਿਸ ਅਫਸਰਾਂ ਨੂੰ ਗੋਲੀ ਮਾਰਨ ਵਾਲੇ ਵਿਅਕਤੀ ਦਾ ਇਮੀਗ੍ਰੇਸ਼ਨ ਕੇਸ ਜੱਜ ਨੇ ਕੀਤਾ ਸੀ ਰੱਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਨਿਊਯਾਰਕ ਸ਼ਹਿਰ ਦੇ ਦੋ ਪੁਲਿਸ ਅਫਸਰਾਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਵਾਲੇ ਇਕ ਬਿਨਾਂ ਦਸਤਾਵੇਜ਼ ਗੈਰਕਾਨੂੰਨੀ ਪ੍ਰਵਾਸੀ ਬਰਨਾਰਡੋ ਰੌਲ ਕੈਸਟਰੋ ਮਾਟਾ ਦਾ ਇਕ ਮਹੀਨੇ ਤੋਂ ਵੀ ਘੱਟ ਸਮਾਂ ਪਹਿਲਾਂ ਇਕ ਅਦਾਲਤ ਨੇ ਇਮੀਗ੍ਰੇਸ਼ਨ ਕੇਸ ਰੱਦ ਕਰ ਦਿੱਤਾ ਸੀ। ਇਹ ਜਾਣਕਾਰੀ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਦਿੱਤੀ ਹੈ। ਪੁਲਿਸ ਅਨੁਸਾਰ ਬਰਨਾਰਡੋ ਰੌਲ ਕੈਸਟਰੋ ਮਾਟਾ (19) ਵੈਂਜ਼ੂਏਲਾ ਦਾ ਨਾਗਰਿਕ ਹੈ ਤੇ ਉਸ ਨੇ ਕੂਈਨਜ਼ ਵਿਚ ਦੋ ਪੁਲਿਸ ਅਫਸਰਾਂ ਉਪਰ ਉਸ ਵੇਲੇ ਗੋਲੀਆਂ ਚਲਾ ਦਿੱਤੀਆਂ ਸਨ, ਜਦੋਂ ਉਸ ਨੂੰ ਪੁਲਿਸ ਅਫਸਰਾਂ ਨੇ ਰੋਕਣ ਦਾ ਯਤਨ ਕੀਤਾ ਸੀ। ਪੁਲਿਸ ਅਨੁਸਾਰ ਉਸ ਵੇਲੇ ਕਾਸਟਰੋ ਮਾਟਾ ਗਲਤ ਦਿਸ਼ਾ ਵੱਲ ਸਕੂਟਰ ਉਪਰ ਜਾ ਰਿਹਾ ਸੀ। ਪੁਲਿਸ ਦੀ ਜਵਾਬੀ ਕਾਰਵਾਈ 'ਚ ਉਸ ਦੀ ਲੱਤ ਵਿਚ ਗੋਲੀ ਵੱਜੀ ਸੀ। ਪੁਲਿਸ ਅਨੁਸਾਰ ਉਸ ਦੇ ਛੇਤੀ ਠੀਕ ਹੋ ਜਾਣ ਦੀ ਸੰਭਾਵਨਾ ਹੈ। ਆਈ.ਸੀ.ਈ. ਇਨਫੋਰਸਮੈਂਟ ਐਂਡ ਰਿਮੂਵਲ ਆਪਰੇਸ਼ਨ ਨਿਊਯਾਰਕ ਨੇ ਕਿਹਾ ਹੈ ਕਿ ਕਾਸਟਰੋ ਮਾਟਾ ਪਿਛਲੇ ਸਾਲ ਜੁਲਾਈ 'ਚ ਈਗਲ ਪਾਸ, ਟੈਕਸਾਸ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਇਆ ਸੀ। ਉਸ ਨੂੰ ਫੜ ਲਿਆ ਗਿਆ ਸੀ ਤੇ ਰਿਹਾਈ ਵੇਲੇ ਉਸ ਨੂੰ ਆਦੇਸ਼ ਦਿੱਤਾ ਸੀ ਕਿ ਉਹ ਆਪਣਾ ਕੇਸ ਇਮੀਗ੍ਰੇਸ਼ਨ ਅਦਾਲਤ 'ਚ ਪੇਸ਼ ਕਰੇ, ਜਿਥੇ ਅਦਾਲਤ ਨੇ ਉਸ ਦਾ ਕੇਸ ਰੱਦ ਕਰ ਦਿੱਤਾ ਸੀ। ਗੋਲੀਬਾਰੀ ਤੋਂ ਬਾਅਦ ਕਾਸਟਰੋ ਮਾਟਾ ਪੁਲਿਸ ਹਿਰਾਸਤ ਵਿਚ ਹੈ।

## ਅਮਰੀਕਾ 'ਚ ਏ.ਆਈ. ਦੇ ਵਧਦੇ ਪ੍ਰਭਾਵ ਨਾਲ 90 ਹਜ਼ਾਰ ਭਾਰਤੀਆਂ ਦੀਆਂ ਨੌਕਰੀਆਂ ਖ਼ਤਰੇ 'ਚ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਰਹਿ ਰਹੇ ਭਾਰਤੀ ਭਾਈਚਾਰੇ ਲਈ ਚਿੰਤਾਜਨਕ ਖ਼ਬਰ ਹੈ। ਅਮਰੀਕਾ ਵਿਚ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ), ਆਈ.ਟੀ. ਸੈਕਟਰ, ਉਪਭੋਗਤਾ ਸੇਵਾ ਅਤੇ ਬੁਨਿਆਦੀ ਢਾਂਚਾ ਪ੍ਰਬੰਧਨ ਵਿਚ ਤੇਜ਼ੀ ਨਾਲ ਵਧ ਰਿਹਾ ਹੈ। ਕੋਰੋਨਾ ਪੀਰੀਅਡ ਤੋਂ ਬਾਅਦ ਏ.ਆਈ. ਦੀ ਵਿਕਾਸ ਦਰ 60 ਫ਼ੀਸਦੀ ਤੋਂ ਵੱਧ ਵਧ ਗਈ ਹੈ। ਗਾਰਟਨਰ ਦੀ ਰਿਪੋਰਟ ਮੁਤਾਬਕ ਅਗਲੇ ਸਾਲ ਅਮਰੀਕਾ ਵਿਚ 90 ਹਜ਼ਾਰ ਭਾਰਤੀ ਪੇਸ਼ੇਵਰਾਂ ਦੀਆਂ ਨੌਕਰੀਆਂ ਖਤਰੇ ਵਿਚ ਹਨ। ਏ.ਆਈ. ਕਾਰਨ ਤਿੰਨ ਸਾਲਾਂ 'ਚ ਅਮਰੀਕਾ ਵਿਚ 30 ਹਜ਼ਾਰ ਭਾਰਤੀ ਪੇਸ਼ੇਵਰ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ।

ਇਹ ਸਾਰੇ ਪੇਸ਼ੇਵਰ ਐੱਚ-1ਬੀ ਵੀਜ਼ਾ 'ਤੇ ਹਨ। ਅਮਰੀਕਾ ਵਿਚ ਇਸ ਸਮੇਂ ਲਗਭਗ 6 ਲੱਖ ਭਾਰਤੀ ਪੇਸ਼ੇਵਰ ਐੱਚ-1ਬੀ ਵੀਜ਼ਾ ਧਾਰਕ ਹਨ। ਏ.ਆਈ. ਕਾਰਨ ਨੌਕਰੀਆਂ ਗੁਆਉਣ ਦਾ ਖ਼ਤਰਾ ਵੱਡਾ ਹੈ ਕਿਉਂਕਿ ਵੱਡੀਆਂ ਕੰਪਨੀਆਂ ਤੇਜ਼ੀ ਨਾਲ ਏ.ਆਈ. ਮਾਡਲਾਂ ਨੂੰ ਅਪਣਾ ਰਹੀਆਂ ਹਨ। ਮੈਕੇਂਜੀ ਗਲੋਬਲ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਆਟੋਮੇਸ਼ਨ ਕਾਰਨ 2030 ਤੱਕ 12 ਮਿਲੀਅਨ (1 ਕਰੋੜ 20 ਲੱਖ) ਲੋਕ ਜਾਂ ਤਾਂ ਆਪਣੀ ਨੌਕਰੀ ਗੁਆ ਦੇਣਗੇ ਜਾਂ ਉਨ੍ਹਾਂ ਨੂੰ ਹੋਰ ਖੇਤਰਾਂ ਵਿਚ ਨੌਕਰੀਆਂ ਦੀ ਭਾਲ ਕਰਨੀ ਪਵੇਗੀ। ਫੋਰੈਸਟਰ ਦੀ ਰਿਪੋਰਟ ਅਨੁਸਾਰ ਆਈ.ਟੀ. ਸੈਕਟਰ ਵਿਚ ਏ.ਆਈ. ਬੂਮ ਦਾ ਸਿੱਧਾ ਅਸਰ ਭਾਰਤੀਆਂ 'ਤੇ ਪੈਣ ਵਾਲਾ ਹੈ।

# ਅਮਰੀਕੀ ਕੋਸਟ ਗਾਰਡ ਵੱਲੋਂ 6.3 ਮਿਲੀਅਨ ਡਾਲਰ ਦੀ 2,177 ਕਿੱਲੋਗ੍ਰਾਮ ਕੋਕੀਨ ਜ਼ਬਤ




**ਮਿਆਮੀ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਯੂ.ਐੱਸ. ਕੋਸਟ ਗਾਰਡ ਅਤੇ ਰਾਇਲ ਨੀਦਰਲੈਂਡ ਨੇਵੀ ਨੇ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਵੱਡੀ ਮਾਤਰਾ ਵਿਚ 2,177 ਕਿੱਲੋਗ੍ਰਾਮ ਕੋਕੀਨ ਜ਼ਬਤ ਕੀਤੀ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੋਕੀਨ ਦੀ ਇਸ ਮਾਤਰਾ ਦੀ ਕੀਮਤ 6.3 ਮਿਲੀਅਨ ਡਾਲਰ ਅਤੇ ਭਾਰਤੀ ਮੁਦਰਾ ਮੁਤਾਬਿਕ (526.17 ਕਰੋੜ ਰੁਪਏ) ਬਣਦੀ ਹੈ। ਪੋਰਟੋ ਕੈਬੇਲੋ, ਵੈਨੇਜ਼ੁਏਲਾ ਤੋਂ 40 ਕਿ.ਮੀ. ਯੂ.ਐੱਸ. ਕੋਸਟ ਗਾਰਡ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਕੋਸਟ ਗਾਰਡ ਅਤੇ ਰਾਇਲ ਨੇਵੀ ਦੋਵਾਂ ਨੇ ਸਾਂਝੇ ਤੌਰ 'ਤੇ ਉੱਤਰੀ ਕੈਰੇਬੀਅਨ ਸਾਗਰ ਵਿਚ ਇੱਕ ਸੰਯੁਕਤ ਅਭਿਆਨ ਚਲਾਇਆ ਅਤੇ 526.17 ਕਰੋੜ ਰੁਪਏ ਦੀ ਕੋਕੀਨ ਬਰਾਮਦ ਕੀਤੀ।

ਇਹ ਇੱਕੋ ਹਫ਼ਤੇ ਵਿਚ ਦੂਜੀ ਵਾਰ ਹੈ, ਜਦੋਂ ਅਮਰੀਕਾ ਵਿਚ ਇੱਕ ਸਾਂਝੇ ਆਪ੍ਰੇਸ਼ਨ ਵਿਚ ਕੋਕੀਨ ਲਿਜਾਣ ਦੇ ਸ਼ੱਕੀ ਇਕ ਜਹਾਜ਼ ਨੂੰ ਰੋਕਿਆ ਗਿਆ ਸੀ। ਕੋਸਟਗਾਰਡ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਕੈਰੇਬੀਅਨ ਸਾਗਰ ਵਿਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਰੋਕਿਆ ਸੀ। ਜਹਾਜ਼ ਨੇ ਰੁਕਣ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੀ ਗਤੀ ਵਧਾ ਦਿੱਤੀ। ਇਸ ਤੋਂ ਬਾਅਦ ਕਿਸ਼ਤੀ 'ਤੇ ਸਵਾਰ ਡੱਚ ਅਮਲੇ ਦੇ ਲੋਕ ਅਤੇ ਅਮਰੀਕੀ ਕੋਸਟ ਗਾਰਡ ਨੇ ਆਪਣੀ ਸਵੈ-ਰੱਖਿਆ 'ਚ ਗੋਲੀਬਾਰੀ ਕੀਤੀ। ਨਤੀਜੇ ਵਜੋਂ ਜਹਾਜ਼ ਨੂੰ ਅੱਗ ਲੱਗ ਗਈ ਅਤੇ ਇਹ ਡੁੱਬ ਗਿਆ। ਅੱਗ ਲੱਗਣ ਸਮੇਂ ਤਿੰਨ ਤਸਕਰ ਕਿਸ਼ਤੀ 'ਤੇ ਸਵਾਰ ਸਨ। ਯੂ.ਐੱਸ. ਕੋਸਟ ਗਾਰਡ ਅਤੇ ਡੱਚ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਕਿਸ਼ਤੀ 'ਤੇ ਸਵਾਰ ਤਿੰਨ ਲੋਕਾਂ ਦੀ ਭਾਲ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਸੁਰਾਗ ਅਜੇ ਤੱਕ ਨਹੀਂ ਮਿਲਿਆ। ਇਸ ਆਪ੍ਰੇਸ਼ਨ ਵਿਚ ਕੋਸਟ ਗਾਰਡ ਜਾਂ ਹਾਲੈਂਡ ਦੇ ਰਾਇਲ ਨੇਵੀ ਦਾ ਕੋਈ ਵੀ ਜਵਾਨ ਜ਼ਖਮੀ ਨਹੀਂ ਹੋਇਆ।




# ਕੁਲਵਿੰਦਰ ਕੌਰ ਦੇ ਹੱਕ 'ਚ ਨਿੱਤਰੇ ਸਿੱਖਸ ਆਫ਼ ਅਮੇਰਿਕਾ ਦੇ ਚੇਅਰਮੈਨ 'ਜੱਸੀ'



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਉੱਘੇ ਸਿੱਖ ਆਗੂ ਅਤੇ ਸਿੱਖਸ ਆਫ ਅਮੇਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਇਕ ਵੱਡਾ ਬਿਆਨ ਦਿੱਤਾ। ਆਪਣੇ ਬਿਆਨ ਵਿਚ ਜਸਦੀਪ ਸਿੰਘ ਨੇ ਕਿਹਾ ਕਿ ਉਹ ਵਿਵਾਦਿਤ ਅਦਾਕਾਰਾ ਅਤੇ ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਦਾ ਵਿਰੋਧ ਕਰਨ ਵਾਲੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਦੇ ਨਾਲ ਹਨ ਅਤੇ ਜੇਕਰ ਉਸਨੂੰ ਕੋਈ ਵੀ ਆਰਥਿਕ ਜਾਂ ਕਾਨੂੰਨੀ ਚਾਰਾਜੋਈ ਦੀ ਲੋੜ ਪੈਂਦੀ ਹੈ, ਤਾਂ ਉਹ ਉਸ ਨੂੰ ਮੁਹੱਈਆ ਕਰਵਾਉਣਗੇ। ਉਨ੍ਹਾਂ ਕਿਹਾ ਕਿ ਬੀ.ਜੇ.ਪੀ. ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਗੂਆਂ ਨੂੰ ਭੜਕਾਊ ਬਿਆਨ ਦੇਣ ਤੋਂ ਰੋਕੇ। ਉਨ੍ਹਾਂ ਕਿਹਾ ਕਿ ਕੰਗਣਾ ਰਣੌਤ ਹਮੇਸ਼ਾ ਹੀ ਪੰਜਾਬ ਅਤੇ ਪੰਜਾਬੀਅਤ ਦੇ ਖਿਲਾਫ਼ ਬਿਆਨ ਦਿੰਦੀ ਹੈ। ਹੁਣ ਵੀ ਉਸ ਨੇ ਏਅਰਪੋਰਟ ਵਿਵਾਦ ਤੋਂ ਬਾਅਦ ਵਿਵਾਦਿਤ ਬਿਆਨ ਦਿੱਤਾ ਹੈ ਕਿ ਪੰਜਾਬ ਵਿਚ ਅੱਤਵਾਦ ਆ ਸਕਦਾ ਹੈ। ਜੱਸੀ ਨੇ ਕਿਹਾ ਕਿ ਜੇਕਰ ਕਿਸੇ ਵਰਗ ਦੀਆਂ ਵੀ ਭਾਵਨਾਵਾਂ ਨੂੰ ਛੇੜਾਂਗੇ, ਤਾਂ ਉਸਦਾ ਨਤੀਜਾ ਤਾਂ ਬੁਰਾ ਹੀ ਹੋਵੇਗਾ। ਕੰਗਣਾ ਰਣੌਤ ਨੂੰ ਚਾਹੀਦਾ ਹੈ ਕਿ ਉਹ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦੇਵੇ, ਪੰਜਾਬੀ ਵੀ ਭਾਰਤ ਦਾ ਹਿੱਸਾ ਹੈ ਅਤੇ ਉਹ ਵੀ ਭਾਰਤ ਦੀ ਤਰੱਕੀ ਵਿਚ ਵਡੇਰਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨਾਲ ਬੇਗਾਨਿਆਂ ਵਰਗਾ ਵਰਤਾਉ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਭਾਵੇਂ ਉਹ ਹੱਥੋਪਾਈ ਦੇ ਹੱਕ ਵਿਚ ਨਹੀਂ ਹਨ ਪਰ ਕਈ ਵਾਰ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਅਜਿਹਾ ਹੋ ਜਾਂਦਾ ਹੈ। ਸੋ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ੁਬਾਨ ਨੂੰ ਕਾਬੂ ਵਿਚ ਰੱਖਣ ਅਤੇ ਕਿਸੇ ਦਾ ਦਿਲ ਦੁਖਾਉਣ ਵਾਲੇ ਬਿਆਨ ਨਾ ਦੇਣ। ਸਗੋਂ ਦੇਸ਼, ਕੌਮ ਅਤੇ ਸਮਾਜ ਦੇ ਭਲੇ ਲਈ ਜ਼ੁਬਾਨ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਸਿਆਸੀ ਆਗੂਆਂ ਨੂੰ ਕਾਫ਼ੀ ਕੁਝ ਸਿੱਖਣਾ ਚਾਹੀਦਾ ਹੈ ਕਿ ਲੋਕ ਉਨ੍ਹਾਂ ਦੇ ਮੂੰਹ 'ਚੋਂ ਨਿਕਲੇ ਸ਼ਬਦਾਂ ਨੂੰ ਕਿਵੇਂ ਦਿਲ 'ਤੇ ਲਗਾ ਲੈਂਦੇ ਹਨ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਇਹ ਗੱਲ ਪਹੁੰਚਾਵਾਂਗੇ ਕਿ ਭਾਵੇਂ ਕੰਗਣਾ ਰਣੌਤ ਇਕ ਸੀਟ ਜਿੱਤ ਗਈ ਹੈ ਪਰ ਉਹ ਬੀ.ਜੇ.ਪੀ. ਨੂੰ ਕਈ ਸੀਟਾਂ ਹਰਾਉਣ ਦਾ ਕਾਰਨ ਵੀ ਬਣੀ ਹੈ। ਸੋ ਇਹੋ ਜਿਹੇ ਵਿਵਾਦਿਤ ਅਤੇ ਭੜਕਾਊ ਬਿਆਨ ਦੇਣ ਵਾਲੇ ਆਗੂਆਂ ਨੂੰ ਟਿਕਟਾਂ ਨਾ ਦਿੱਤੀਆਂ ਜਾਣ।

# ਬਰੈਂਪਟਨ ਵਿਖੇ ਰਵੀ ਸਿੰਘ, ਖਾਲਸਾ ਏਡ ਨੂੰ 'ਕਾਇਦਾ-ਏ-ਨੂਰ' ਭੇਟ



ਰਵੀ ਸਿੰਘ ਹੁਰਾਂ ਨੂੰ 'ਕਾਇਦਾ-ਏ-ਨੂਰ' ਭੇਟ ਕੀਤੇ ਜਾਣ ਦਾ ਦ੍ਰਿਸ਼। (ਫੋਟੋ : ਚੌਹਾਨ)

**ਬਰੈਂਪਟਨ, (ਹਰਦੇਵ ਚੌਹਾਨ/ਪੰਜਾਬ ਮੇਲ)**- ਅਜੈਬ ਸਿੰਘ ਚੱਠਾ ਚੇਅਰਮੈਨ ਤੇ ਸਰਦੂਲ ਸਿੰਘ ਥਿਆੜਾ ਪ੍ਰਧਾਨ ਜਗਤ ਪੰਜਾਬੀ ਸਭਾ, ਕੈਨੇਡਾ ਨੇ 'ਕਾਇਦਾ-ਏ-ਨੂਰ, 21ਵੀਂ ਸਦੀ' ਦੀ ਕਾਪੀ ਰਵੀ ਸਿੰਘ, ਖਾਲਸਾ ਏਡ ਨੂੰ ਬਰੈਂਪਟਨ ਵਿਖੇ ਅਰਥ ਭਰਪੂਰ ਸਮਾਗਮ ਵਿਚ ਭੇਟ ਕੀਤੀ ਗਈ।

ਜ਼ਿਕਰਯੋਗ ਹੈ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਦਾ ਬਹਾਰ ਰੱਖਣ ਲਈ ਜਗਤ ਪੰਜਾਬੀ ਸਭਾ, ਕੈਨੇਡਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਜੀ ਦੇ 'ਕਾਇਦਾ-ਏ-ਨੂਰ' ਦੇ ਤੱਤ-ਸਾਰ ਵਰਗਾ ਕਾਇਦਾ ਤਿਆਰ ਕੀਤਾ ਗਿਆ ਹੈ।

ਉਦੋਂ ਮਹਾਰਾਜੇ ਵੱਲੋਂ ਪੰਜਾਬੀਆਂ ਨੂੰ ਪੰਜਾਬੀ ਪੜ੍ਹਾਉਣ ਲਈ ਤਿਆਰ ਕੀਤਾ ਕਾਇਦਾ, ਅੰਗਰੇਜ਼ਾਂ ਵੱਲੋਂ ਦੁਰਭਾਵਨਾ ਤਹਿਤ ਇਕੱਠਾ ਕਰਕੇ ਸਾੜ ਦਿੱਤਾ ਗਿਆ ਸੀ। ਹੁਣ ਉਸ ਕਾਇਦੇ ਦੀ ਕੋਈ ਕਾਪੀ ਨਹੀਂ ਮਿਲਦੀ।

ਰਵੀ ਸਿੰਘ ਨੇ ਇਸ ਮੌਕੇ ਭਰੋਸਾ ਦਿੱਤਾ ਕਿ ਉਹ ਇੰਗਲੈਂਡ ਦੀ ਲਾਇਬ੍ਰੇਰੀ ਵਿਚੋਂ 'ਕਾਇਦਾ-ਏ-ਨੂਰ' ਭਾਲਣ ਦਾ ਯਤਨ ਕਰਨਗੇ। ਸਮਾਗਮ ਵਿਚ ਸਾਹਿਤਕਾਰ, ਡਿਕਸੀ ਗੁਰਦੁਆਰਾ ਦੇ ਪ੍ਰਧਾਨ ਸ. ਹਰਪਾਲ ਸਿੰਘ, ਬਲਵਿੰਦਰ ਸਿੰਘ ਬੈਂਸ, ਪਰਮਜੀਤ ਸਿੰਘ ਸਿੱਧੂ ਤੇ ਹੋਰ ਕਮੇਟੀ ਮੈਂਬਰ ਹਾਜ਼ਰ ਸਨ ।

ਗੁਰਦੁਆਰਾ ਕਮੇਟੀ ਵਲੋਂ ਰਵੀ ਸਿੰਘ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।

ਅਜੈਬ ਸਿੰਘ ਚੱਠਾ ਨੇ ਰਵੀ ਸਿੰਘ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 10ਵੀਂ ਵਰਲਡ ਪੰਜਾਬੀ ਕਾਨਫਰੰਸ ਦਾ ਵਿਸ਼ਾ 'ਪੰਜਾਬੀ ਨਾਇਕ' ਰੱਖਿਆ ਹੈ, ਜਿਸ ਦੇ ਤਹਿਤ ਦੁਨੀਆਂ ਦੇ ਪੁਰਾਤਨ ਤੇ ਮੌਜੂਦਾ ਨਾਇਕਾਂ ਦੀ ਸ਼ਨਾਖਤ ਕੀਤੀ ਜਾਵੇਗੀ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਭਾਰੀ ਗਰਮੀ ਕਾਰਨ ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ 6 ਪ੍ਰਵਾਸੀਆਂ ਦੀ ਮੌਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਦੱਖਣੀ-ਪੱਛਮੀ ਅਮਰੀਕਾ ਜਿੱਥੇ ਇਨ੍ਹੀਂ ਦਿਨੀਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਿਹਾ ਹੈ। ਉੱਥੇ ਹੀ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ ਕਿ ਬੀਤੇ ਦਿਨੀਂ ਮੈਕਸੀਕੋ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੇ ਦੌਰਾਨ ਦੋ ਵੱਖ-ਵੱਖ ਘਟਨਾਵਾਂ ਵਿਚ ਗਰਮੀ ਕਾਰਨ 6 ਪ੍ਰਵਾਸੀਆਂ ਦੀ ਮੌਤ ਹੋ ਗਈ। ਗਾਰਡੀਅਨ ਦੀ ਰਿਪੋਰਟ ਦੇ ਅਨੁਸਾਰ, ਚਾਰਾਂ ਲੋਕਾਂ ਦੀ ਮੌਤ ਐਲ ਪਾਸੋ, ਟੈਕਸਾਸ ਦੇ ਨੇੜੇ ਹੋਈ ਹੈ। ਜਦੋਂਕਿ ਦੋ ਹੋਰ ਪ੍ਰਵਾਸੀ ਇਸ ਹਫ਼ਤੇ ਮ੍ਰਿਤਕ ਪਾਏ ਗਏ ਹਨ। ਯੂ.ਐੱਸ. ਬਾਰਡਰ ਪੈਟਰੋਲ ਨੇ ਚਾਰ ਪ੍ਰਵਾਸੀਆਂ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮੌਤ ਪਿਛਲੇ ਹਫ਼ਤੇ ਹੀਟ ਸਟ੍ਰੋਕ ਅਤੇ ਡੀਹਾਈਡਰੇਸ਼ਨ ਨਾਲ ਹੋਈ ਸੀ, ਜਦੋਂਕਿ ਇਸ ਹਫ਼ਤੇ ਦੋ ਹੋਰ ਪ੍ਰਵਾਸੀਆਂ ਦੀ ਮੌਤ ਹੋ ਗਈ ਸੀ, ਹਾਲਾਂਕਿ ਇਨ੍ਹਾਂ ਲੋਕਾਂ ਦੀ ਪਛਾਣ ਜਾਰੀ ਨਹੀਂ ਕੀਤੀ ਗਈ ਹੈ। 2024 ਵਿਚ ਅਮਰੀਕਾ ਦੇ ਕੈਲੀਫੋਰਨੀਆ, ਟੈਕਸਾਸ ਅਤੇ ਐਰੀਜ਼ੋਨਾ ਵਿਚ ਰਿਕਾਰਡ ਤੋੜ ਗਰਮੀ ਦਾ ਅਨੁਭਵ ਹੋਵੇਗਾ। ਸੂਤਰਾਂ ਦੀ ਮੰਨੀਏ ਤਾਂ ਮੈਕਸੀਕੋ 'ਚ ਸੈਂਕੜੇ ਭਾਰਤੀ ਵੀ ਸਰਹੱਦ ਪਾਰ ਕਰਨ ਦੀ ਉਡੀਕ 'ਚ ਬੈਠੇ ਹਨ ਪਰ ਨਵਾਂ ਕਾਰਜਕਾਰੀ ਹੁਕਮ ਲਾਗੂ ਹੋਣ ਤੋਂ ਬਾਅਦ ਜ਼ਿਆਦਾਤਰ ਲੋਕਾਂ ਦੀ ਸਰਹੱਦ ਪਾਰ ਕਰਨ 'ਚ ਦੇਰੀ ਹੋਈ ਹੈ। ਇਸ ਸਮੇਂ ਇਨ੍ਹਾਂ ਰਾਜਾਂ ਦੇ ਸਰਹੱਦੀ ਖੇਤਰਾਂ ਵਿਚ ਤਾਪਮਾਨ 45 ਡਿਗਰੀ ਤੱਕ ਪਹੁੰਚ ਰਿਹਾ ਹੈ ਅਤੇ ਪ੍ਰਵਾਸੀਆਂ ਲਈ ਭੁੱਖ-ਪਿਆਸ ਨਾਲ ਇੰਨੀ ਗਰਮੀ ਵਿਚ ਜਿਊਣਾ ਮੁਸ਼ਕਲ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਮੈਕਸੀਕੋ ਵਾਲੇ ਪਾਸਿਓਂ, ਡੌਨਕਰ ਪ੍ਰਵਾਸੀਆਂ ਨੂੰ ਸਰਹੱਦ ਦੇ ਨੇੜੇ ਇੱਕ ਖੇਤਰ ਵਿਚ ਸੁੱਟ ਦਿੰਦੇ ਹਨ ਅਤੇ ਉੱਥੋਂ ਉਨ੍ਹਾਂ ਨੂੰ ਕਈ ਕਿਲੋਮੀਟਰ ਤੱਕ ਪੈਦਲ ਜਾਣਾ ਪੈਂਦਾ ਹੈ। ਪਿਛਲੇ ਸਾਲ ਵੀ ਗਰਮੀ ਦੇ ਕਾਰਨ ਮੈਕਸੀਕੋ ਸਰਹੱਦ ਦੇ ਨੇੜੇ 686 ਪ੍ਰਵਾਸੀਆਂ ਦੀ ਮੌਤ ਹੋ ਗਈ ਸੀ ਅਤੇ ਬਹੁਤ ਸਾਰੇ ਲੋਕ ਲਾਪਤਾ ਹੋ ਗਏ ਸਨ। ਬੀਤੇ ਸਾਲ 2023 ਵਿਚ ਗਰਮੀ ਕਾਰਨ ਸਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਸਨ। ਯੂ.ਐੱਸ.ਬੀ.ਪੀ. ਨੇ ਇੱਕ ਬਿਆਨ ਵਿਚ ਕਿਹਾ ਕਿ ਰੇਗਿਸਤਾਨ ਵਰਗੇ ਉਜਾੜ ਖੇਤਰਾਂ ਵਿਚ ਗਰਮੀ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਵਾਲੇ ਲੋਕਾਂ ਲਈ ਬਹੁਤ ਘਾਤਕ ਸਾਬਤ ਹੋ ਸਕਦੀ ਹੈ। ਪਹਿਲਾਂ ਵੀ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਨ੍ਹਾਂ ਵਿਚ ਬੰਦ ਡੱਬਿਆਂ ਵਿਚ ਲਿਜਾਏ ਜਾ ਰਹੇ ਪ੍ਰਵਾਸੀਆਂ ਦੀ ਗਰਮੀ ਕਾਰਨ ਮੌਤ ਹੋ ਚੁੱਕੀ ਹੈ। ਯੂ.ਐੱਸ. ਸਰਕਾਰ ਨੇ ਵੀ ਹਾਲ ਹੀ ਵਿਚ ਸਰਹੱਦੀ ਕਾਨੂੰਨ ਨੂੰ ਸਖ਼ਤ ਕਰ ਦਿੱਤਾ ਹੈ।




# ਫਰਿਜ਼ਨੋ ਏਰੀਏ ਦੇ ਟਰੱਕ ਡਰਾਈਵਰ ਵੀਰਾਂ ਵੱਲੋਂ ਜੂਨ 84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ

**ਫਰਿਜ਼ਨੋ, (ਪੰਜਾਬ ਮੇਲ)-** ਜੂਨ 84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਫਰਿਜ਼ਨੋ ਏਰੀਏ ਦੇ ਟਰੱਕਰ ਵੀਰ ਹਰ ਸਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਂਦੇ ਆ ਰਹੇ ਹਨ। ਇਸੇ ਕੜੀ ਤਹਿਤ ਇਸ ਸਾਲ ਜੂਨ 84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਹਿਬ ਦੇ ਭੋਗ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਪਾਏ ਗਏ। ਇਸ ਮੌਕੇ ਕੀਰਤਨ ਦਰਬਾਰ ਦੇ ਨਾਲ ਕਥਾ ਦੇ ਪ੍ਰਵਾਹ ਚੱਲੇ ਅਤੇ ਗੁਰੂ ਘਰ ਦੇ ਸੇਵਾਦਾਰਾਂ ਨੇ ਸਿੱਖ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਟਰੱਕ ਡਰਾਈਵਰ ਵੀਰਾਂ ਵੱਲੋਂ ਚਾਹ-ਪਕੌੜਿਆਂ ਤੋਂ ਬਿਨਾਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਗੁਰਦੁਆਰਾ ਸਹਿਬ ਵਿਖੇ ਨਤਮਸਤਕ ਹੋਈ ਤੇ ਜੂਨ 84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ।







# ਗੁਰਸਿੱਖ ਸ਼ੈਰਿਫ ਇਕਰਾਜ਼ ਸਿੰਘ ਉੱਭੀ ਅਤੇ ਸ਼ੈਰਫ ਗਗਨਦੀਪ ਸਿੰਘ ਸਿੱਧੂ ਦਾ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋਂ ਵੱਲੋ ਵਿਸ਼ੇਸ਼ ਸਨਮਾਨ

**ਫਰਿਜ਼ਨੋ, (ਪੰਜਾਬ ਮੇਲ)-** ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋ ਸ਼ੈਰਿਫ ਡਿਪਾਰਟਮੈਂਟ ਵਿਚ ਪੁਲਿਸ ਅਫਸਰ ਭਰਤੀ ਹੋਏ ਸਾਬਤ ਸੂਰਤ ਸਿੱਖ ਨੌਜਵਾਨ ਇਕਰਾਜ਼ ਸਿੰਘ ਉੱਭੀ, ਸਪੁੱਤਰ ਪੱਤਰਕਾਰ ਕੁਲਵੰਤ ਸਿੰਘ ਧਾਲੀਆਂ ਅਤੇ ਗਗਨਦੀਪ ਸਿੰਘ ਸਿੱਧੂ, ਸਪੁੱਤਰ ਬਾਬਾ ਅਵਤਾਰ ਸਿੰਘ ਠੀਕਰੀਵਾਲ ਨੂੰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ, ਕੈਲੀਫੋਰਨੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਰਹਿੰਦਿਆਂ ਗੁਰਸਿੱਖ ਸਰੂਪ ਵਿਚ ਸੇਵਾਵਾ ਨਿਭਾਉਣ ਬਦਲੇ ਸਿਰੋਪਾਓ ਅਤੇ ਪਲੈਕ ਦੇ ਕੇ ਸਨਮਾਨ ਦਿੱਤਾ ਗਿਆ ਗਿਆ। ਇਸ ਮੌਕੇ ਸ਼ੈਰਿਫ ਡਿਪਾਰਟਮੈਂਟ ਦੀ ਸੀਨੀਅਰ ਅਫ਼ਸਰਾਂ ਟੀ ਹੈਲਾਮੋਂ ਨੂੰ ਵੀ ਸਿਰੋਪਾਓ ਬਖ਼ਸ਼ਿਆ ਗਿਆ।

ਸਟੇਜ ਤੋਂ ਬੋਲਦਿਆਂ ਸ਼ੈਰਿਫ ਇਕਰਾਜ ਸਿੰਘ ਉੱਭੀ ਅਤੇ ਗਗਨਦੀਪ ਸਿੰਘ ਸਿੱਧੂ ਨੇ ਸੰਗਤਾਂ ਨਾਲ ਆਪਣੀ ਪੜ੍ਹਾਈ ਅਤੇ ਇਸ ਖੇਤਰ ਵਿਚ ਆਉਣ ਲਈ ਪ੍ਰੇਰਿਤ ਕੀਤਾ। ਜਦਕਿ ਸ਼ੈਰਿਫ ਵਿਭਾਗ ਦੀ ਸੀਨੀਅਰ ਅਧਿਕਾਰੀ ਟੀ. ਹਲਾਮੋਂ ਨੇ ਵੀ ਸੰਗਤਾਂ ਨੂੰ



ਸੰਬੋਧਿਤ ਕੀਤਾ।

ਬਾਬਾ ਅਵਤਾਰ ਸਿੰਘ ਜੀ ਅਤੇ ਪੱਤਰਕਾਰ ਨੀਟਾ ਮਾਛੀਕੇ ਨੇ ਵੀ ਮੀਡੀਆਂ ਰਾਹੀਂ ਬੋਲਦਿਆਂ ਹੋਇਆਂ ਇਨ੍ਹਾਂ ਦੋਨਾਂ ਨੌਜਵਾਨਾਂ ਨੂੰ ਵਧਾਈ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹੋਏ, ਬੱਚਿਆਂ ਨੂੰ ਗੁਰਸਿੱਖੀ ਵੱਲ ਪ੍ਰੇਰਿਤ ਕਰਨ ਵਾਲੇ ਅਜਿਹੇ ਪ੍ਰੋਗਰਾਮ ਉਲੀਕਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਤਰਕਾਰ ਕੁਲਵੰਤ ਧਾਲੀਆਂ ਤੇ ਬਾਬਾ ਅਵਤਾਰ ਸਿੰਘ ਫਰਿਜ਼ਨੋ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਸ਼ਖਸੀਅਤਾਂ ਹਨ, ਇਨ੍ਹਾਂ ਦੇ ਬੱਚਿਆਂ ਦੀਆਂ ਪ੍ਰਾਪਤੀਆਂ ਲਈ ਧਾਲੀਆਂ ਅਤੇ ਸਿੱਧੂ ਪਰਿਵਾਰ ਨੂੰ ਪੰਜਾਬੀ ਭਾਈਚਾਰੇ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਗਗਨਦੀਪ ਸਿੰਘ ਸਿੱਧੂ ਅਤੇ ਇਕਰਾਜ਼ ਸਿੰਘ ਉੱਭੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਗੁਰੂ ਦੇ ਸਿਧਾਂਤ ਨਾਲ ਜੁੜਨ ਲਈ ਕਿਹਾ। ਇਸ ਮੌਕੇ ਸੁਪੀਰੀਅਰ ਕੋਰਟ ਫਰਿਜ਼ਨੋ ਵਿਚ ਨਿਯੁਕਤ ਹੋਏ ਜੱਜ ਗੁਰਸਿੱਖ ਨੌਜਵਾਨ ਸ. ਰਾਜ ਸਿੰਘ ਬਦੇਸ਼ਾ ਅਤੇ ਪ੍ਰਬੰਧਕੀ ਕਮੇਟੀ ਵੱਲੋਂ ਸ. ਜਗਰੂਪ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਪ੍ਰੋਗਰਾਮ ਦੀ ਸਫਲਤਾਂ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ।

## ਸ਼ੋਕ ਸਮਾਚਾਰ

# ਸੁਰਸਿੰਘ ਦੇ ਸਵ. ਗੁਰਬਚਨ ਸਿੰਘ ਦੇ ਛੋਟੇ ਭਰਾ ਹਰਭਜਨ ਸਿੰਘ ਨੂੰ ਸਦਮਾ

## ਨੌਜਵਾਨ ਲੜਕੇ ਜਗਰਾਜ ਸਿੰਘ ਦਾ ਦਿਹਾਂਤ



ਜਗਰਾਜ ਸਿੰਘ (35) ਦੀ ਯਾਦਗਾਰੀ ਫੋਟੋ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸੁਰਸਿੰਘ ਦੇ ਜੰਮਪਲ ਗੁਰਬਚਨ ਸਿੰਘ ਢਿੱਲੋਂ ਦੇ ਛੋਟੇ ਭਰਾ ਹਰਭਜਨ ਸਿੰਘ ਢਿੱਲੋਂ ਦੇ ਹੋਣਹਾਰ ਪੁੱਤਰ ਜਗਰਾਜ ਸਿੰਘ ਦਾ ਅਚਨਚੇਤ ਦਿਹਾਂਤ ਹੋ ਗਿਆ, ਜਿਨ੍ਹਾਂ ਨੂੰ ਸੁਰਸਿੰਘ ਨਿਵਾਸੀਆਂ, ਪਰਿਵਾਰਕ ਮੈਂਬਰਾਂ, ਨੇੜਲੇ ਰਿਸ਼ਤੇਦਾਰਾਂ ਤੇ ਕੈਲੀਫੋਰਨੀਆ ਦੀਆਂ ਸ਼ਖਸੀਅਤਾਂ ਨੇ ਪਹੁੰਚ ਕੇ ਸੇਜਲ ਅੱਖਾਂ ਨਾਲ ਫਿਊਨਰਲ 'ਚ ਸ਼ਰਧਾਂਜਲੀ ਤੇ ਵਿਦਾਇਗੀ ਦਿੱਤੀ ਅਤੇ ਸੈਲਮਾ ਦੇ ਗੁਰੂ ਘਰ ਵਿਖੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ।

ਉਨ੍ਹਾਂ ਦੀ ਪਤਨੀ ਤਨਵੀਰ ਕੌਰ, ਜੱਸੀ ਮਾਨ ਸੈਲਮਾ, ਰਜਨੀ ਫਰਿਜ਼ਨੋ, ਜੱਸੀ ਢਿੱਲੋਂ ਤਾਏ ਦਾ ਪੁੱਤਰ ਯੂਨੀਅਨ ਸਿਟੀ, ਮਨਦੀਪ ਮੰਨਾ ਡਬਲਿਨ, ਜਗਰੂਪ ਸਿੰਘ ਮਨਟੀਕਾ (ਵੱਡੇ ਭਰਾ), ਮਨਦੀਪ ਸਿੰਘ ਰੰਧਾਵਾ ਹਰਕੁਲਿਸ (ਜੀਜਾ ਜੀ), ਪ੍ਰਭਜੀਤ (ਜੀਜਾ ਜੀ) ਫਰਿਜ਼ਨੋ ਨੇ ਸ਼ਰਧਾਂਜਲੀ ਦਿੱਤੀ ਤੇ ਦੁੱਖ ਪ੍ਰਗਟ ਕੀਤਾ। ਇਸ ਮੌਕੇ ਬੇਕਰਜ਼ਫੀਲਡ ਦੇ ਜਗਦੀਸ਼ ਸਿੰਘ ਢਿੱਲੋਂ, ਬੇਕਰਜ਼ਫੀਲਡ ਦੇ ਭਜਨ ਸਿੰਘ ਭੰਡਾਲ, ਮਨਟੀਕਾ ਦੇ ਜਸਵਿੰਦਰ ਸਿੰਘ ਜੰਡੀ, ਫਰੀਮਾਂਟ ਤੋਂ ਹਰਸਿਮਰਨ ਸਿੰਘ ਸੈਫਪੁਰ, ਮਨਟੀਕਾ ਤੋਂ ਨਿਦੀ ਸੰਧੂ ਤੇ ਸੁਰਸਿੰਘ ਦੇ ਜਸਪਾਲ ਸਿੰਘ ਢਿੱਲੋਂ ਤੇ ਗੁਰਬਚਨ ਸਿੰਘ ਢਿੱਲੋਂ ਡਬਲਿਨ ਤੋਂ ਪਹੁੰਚ ਕੇ ਸ਼ਰਧਾਂਜਲੀ ਦਿੱਤੀ ਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ। ਭਾਰਤ ਤੋਂ ਸੁਰਸਿੰਘ ਨਿਵਾਸੀ ਪਦਮ ਸ਼੍ਰੀ ਕਰਤਾਰ ਸਿੰਘ ਪਹਿਲਵਾਨ ਅਤੇ ਪੰਜਾਬੀ ਸ਼੍ਰੋਮਣੀ ਸਾਹਿਤ ਐਵਾਰਡ ਜੇਤੂ ਵਰਿਆਮ ਸਿੰਘ ਸੰਧੂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਭਾਈ ਅਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰਿਹਾਅ ਨਾ ਕਰਨ ਦਾ ਮਾਮਲਾ ਅਮਰੀਕਾ ਦੇ ਰਾਜਸੀ ਗਲਿਆਰਾਂ 'ਚ ਪਹੁੰਚਿਆ

ਅੰਮ੍ਰਿਤਸਰ, (ਕੁਲਜੀਤ ਸਿੰਘ/ਪੰਜਾਬ ਮੇਲ)- ਖਡੂਰ ਸਾਹਿਬ ਹਲਕੇ ਤੋਂ ਭਾਰੀ ਵੋਟਾਂ ਨਾਲ ਜਿੱਤ ਹਾਸਲ ਕਰਨ ਦੇ ਬਾਵਜੂਦ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰਿਹਾਅ ਨਾ ਕਰਨ ਦਾ ਮਾਮਲਾ ਅਮਰੀਕਾ ਦੇ ਰਾਜਸੀ ਗਲਿਆਰਿਆਂ 'ਚ ਵੀ ਗੂੰਜ ਰਿਹਾ ਹੈ।

ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਡਿਬਰੂਗੜ ਜੇਲ੍ਹ ਵਿਚ ਨਜ਼ਰਬੰਦ ਅਤੇ ਖਡੂਰ ਸਾਹਿਬ ਤੋਂ ਐੱਮ.ਪੀ. ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਮਾਤਾ-ਪਿਤਾ ਬੀਬੀ ਬਲਵਿੰਦਰ ਕੌਰ ਤੇ ਸ. ਤਰਸੇਮ ਸਿੰਘ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਚਾਚਾ ਸੁਖਚੈਨ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਮਿਲ ਕੇ ਉੱਥੋਂ ਦੇ ਨਾਮਵਰ ਵਕੀਲ ਸ. ਜਸਪ੍ਰੀਤ ਸਿੰਘ ਅਟਾਰਨੀ ਐਂਡ ਲਾਅ ਨੂੰ ਇਹ



ਸਾਰਾ ਮਾਮਲਾ ਅਮਰੀਕੀ ਸਰਕਾਰ ਅੱਗੇ ਉਠਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਜਿਸ ਤਹਿਤ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੇ ਆਧਾਰ 'ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ 5 ਜੂਨ ਨੂੰ ਅਮਰੀਕਾ ਦੇ ਉਪ ਰਾਸ਼ਟਰਪਤੀ ਨੂੰ ਪੱਤਰ ਵੀ ਲਿਖਿਆ ਸੀ। ਇਸ ਸਬੰਧ ਵਿਚ, ਉਪ ਰਾਸ਼ਟਰਪਤੀ ਕੈਮਿਲਾ ਹੈਰਿਸ ਦੀ ਚੀਫ਼ ਆਫ਼ ਸਟਾਫ਼ ਸ਼ੀਲਾ ਨਿੱਕਸ ਨੇ ਜਸਪ੍ਰੀਤ ਸਿੰਘ (ਸੁਨੇਹੇ ਦੀ



ਇੱਕ ਕਾਪੀ ਨੱਥੀ ਹੈ) ਨੂੰ ਲਿਖਤੀ ਰੂਪ ਵਿਚ ਜਵਾਬ ਦਿੱਤਾ ਹੈ, ਜਿਸ ਤੋਂ ਬਾਅਦ ਉਪ ਰਾਸ਼ਟਰਪਤੀ ਦੇ ਏਸ਼ੀਆ-ਪ੍ਰਸ਼ਾਂਤ ਮਾਮਲੇ ਅਤੇ ਹਥਿਆਰ ਕੰਟਰੋਲ ਲਈ ਵਿਸ਼ੇਸ਼ ਸਲਾਹਕਾਰ ਸ਼੍ਰੀ ਸਿਧਾਰਥ ਅਈਅਰ ਵੱਲੋਂ ਉਪ ਰਾਸ਼ਟਰਪਤੀ ਨਾਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਸਪ੍ਰੀਤ ਸਿੰਘ ਨੂੰ ਇੱਕ ਸੱਦਾ ਪ੍ਰਾਪਤ ਹੋਇਆ ਹੈ। ਇਸ ਤੋਂ ਪਹਿਲਾਂ ਵੀ ਜਸਪ੍ਰੀਤ ਸਿੰਘ ਨਿਊਜਰਸੀ ਵਿਚ ਜਿਨ੍ਹਾਂ ਸੈਨੇਟਰਾਂ ਨੂੰ ਭਾਈ ਸਾਬ ਤੇ ਸਾਥੀ ਸਿੰਘਾਂ ਦੀ ਰਿਹਾਈ ਲਈ ਮਿਲ ਚੁੱਕੇ ਹਨ, ਉਨ੍ਹਾਂ 'ਚ ਸੈਨੇਟਰ ਬੁਕਰ ਇਵੈਂਟ, ਕਾਂਗਰਸਮੈਨ ਰੌਬ ਮੇਨੇਡੇਜ਼, ਸੈਨੇਟਰ ਜੈਕੀ ਰੋਜ਼ਨ ਅਤੇ ਕਾਂਗਰਸਮੈਨ ਰੂਬੇਨ ਗੈਲੇਗੋ ਸ਼ਾਮਿਲ ਹਨ। ਵਾਈਸ ਪ੍ਰੈਜ਼ੀਡੈਂਟ ਨਾਲ ਮੀਟਿੰਗ ਵਾਲੇ ਦਿਨ ਜਸਪ੍ਰੀਤ ਸਿੰਘ ਅਟਾਰਨੀ ਹੋਰ ਦਸ ਸੈਨੇਟਰ/ਕਾਂਗਰਸਮੈਨਜ਼ ਨਾਲ ਵੀ ਮੁਲਾਕਾਤ ਕਰਨਗੇ।

# 'ਆਪ' 13 ਲੋਕ ਸਭਾ ਸੀਟਾਂ 'ਚੋਂ 10 'ਤੇ ਹਾਰ ਮਗਰੋਂ ਕਰ ਰਹੀ ਹੈ ਪੜਚੋਲ



ਮੀਟਿੰਗ ਦੌਰਾਨ ਲੋਕ ਸਭਾ ਹਲਕਾ ਜਲੰਧਰ ਤੇ ਲੁਧਿਆਣਾ ਦੇ 'ਆਪ' ਵਿਧਾਇਕ ਤੇ ਚੇਅਰਮੈਨ।

**ਚੰਡੀਗੜ੍ਹ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਵੱਲੋਂ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿਚੋਂ 10 'ਤੇ ਹਾਰ ਮਗਰੋਂ ਪੜਚੋਲ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਵਿਚ ਆਪਣੀ ਰਿਹਾਇਸ਼ 'ਤੇ ਲੋਕ ਸਭਾ ਹਲਕਾ ਜਲੰਧਰ ਤੇ ਲੁਧਿਆਣਾ ਦੇ ਪਾਰਟੀ ਆਗੂਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਹਲਕਿਆਂ ਦੇ ਵਿਧਾਇਕ, ਚੇਅਰਮੈਨ ਤੇ ਸੀਨੀਅਰ ਆਗੂ ਮੌਜੂਦ ਰਹੇ।

ਮੁੱਖ ਮੰਤਰੀ ਨੇ ਆਗੂਆਂ ਨਾਲ ਲੋਕ ਸਭਾ ਚੋਣਾਂ ਵਿਚ ਹਾਰ ਬਾਰੇ ਵਿਚਾਰ-ਚਰਚਾ ਕੀਤੀ ਅਤੇ ਸਾਰਿਆਂ ਨੂੰ ਪਾਰਟੀ ਵੱਲੋਂ ਕੀਤੇ ਕੰਮਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪ੍ਰੇਰਿਆ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਸਾਰਿਆਂ ਨੂੰ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਹੋਣ ਵਾਲੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਕਰਨ ਦੀ ਹੱਲ੍ਹਾਸ਼ੇਰੀ ਦਿੱਤੀ। ਸ਼੍ਰੀ ਮਾਨ ਨੇ ਵਰਕਰਾਂ ਨੂੰ ਕਿਹਾ ਕਿ ਦੋਵਾਂ ਲੋਕ ਸਭਾ ਹਲਕਿਆਂ ਵਿਚ 'ਆਪ' ਨੇ ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਬਿਹਤਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਆਗੂਆਂ ਅਤੇ ਵਿਧਾਇਕਾਂ ਨੂੰ ਇਲਾਕੇ ਦੇ ਵਿਕਾਸ ਕਾਰਜਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ।

# ਸਿਰਫ਼ ਜਲੰਧਰ ਵੈਸਟ ਲਈ ਜ਼ਿਮਨੀ ਚੋਣ ਦੇ ਐਲਾਨ ਨਾਲ ਸਿਆਸੀ ਹਲਕੇ ਹੈਰਾਨ

**ਜਲੰਧਰ, (ਪੰਜਾਬ ਮੇਲ)**- ਕੇਂਦਰੀ ਚੋਣ ਕਮਿਸ਼ਨ ਨੇ ਦੇਸ਼ 'ਚ ਕਈ ਸੰਸਦੀ ਅਤੇ ਵਿਧਾਨ ਸਭਾ ਸੀਟਾਂ 'ਤੇ ਉਪ-ਚੋਣਾਂ ਦਾ ਐਲਾਨ ਤਾਂ ਕਰ ਦਿੱਤਾ ਪਰ ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ 'ਤੇ ਉਪ-ਚੋਣਾਂ ਦਾ ਐਲਾਨ ਜਲੰਧਰ ਵੈਸਟ ਸੀਟ ਦੇ ਨਾਲ ਨਹੀਂ ਹੋ ਸਕਿਆ, ਜਿਸ ਕਾਰਨ ਸਿਆਸੀ ਹਲਕਿਆਂ 'ਚ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ।




ਪੰਜਾਬ 'ਚ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ 5 ਵਿਧਾਨ ਸਭਾ ਸੀਟਾਂ 'ਤੇ ਉਪ-ਚੋਣਾਂ ਹੋਣੀਆਂ ਸਨ। ਬਰਨਾਲਾ ਵਿਧਾਨ ਸਭਾ ਸੀਟ ਦੇ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕ

## ■ 4 ਹੋਰ ਸੀਟਾਂ 'ਤੇ ਵੀ ਹੋਣੀ ਸੀ ਚੋਣ

ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ, ਇਸ ਲਈ ਬਰਨਾਲਾ ਵਿਧਾਨਸਭਾ ਸੀਟ ਖਾਲੀ ਹੋ ਗਈ ਸੀ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ 'ਚ ਗਿੱਦੜਬਾਹਾ ਵਿਧਾਨ ਸਭਾ ਸੀਟ ਵੀ ਖਾਲੀ ਹੋ ਗਈ ਸੀ, ਕਿਉਂਕਿ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਇਸ ਸੀਟ 'ਤੇ ਵੀ ਚੋਣ ਕਮਿਸ਼ਨ ਨੇ ਉਪ-ਚੋਣ ਕਰਵਾਉਣੀ ਹੈ।

ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ 'ਚ ਪੈਂਦੀ ਚੱਬੇਵਾਲ ਵਿਧਾਨ ਸਭਾ ਸੀਟ ਤੋਂ ਵਿਧਾਇਕ ਡਾ. ਰਾਜਕੁਮਾਰ ਚੱਬੇਵਾਲ ਵੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਸੰਸਦ ਮੈਂਬਰ ਚੁਣੇ ਗਏ ਹਨ, ਇਸ ਲਈ ਉਨ੍ਹਾਂ ਦੀ ਚੱਬੇਵਾਲ ਵਿਧਾਨ ਸਭਾ ਸੀਟ ਵੀ ਖਾਲੀ ਹੋ ਚੁੱਕੀ ਹੈ। ਇਸ ਸੀਟ 'ਤੇ ਵੀ ਚੋਣ ਕਮਿਸ਼ਨ ਨੇ ਉਪ ਚੋਣ ਕਰਵਾਉਣੀ ਹੈ।

# ਸੁਪਰੀਮ ਕੋਰਟ ਵੱਲੋਂ 'ਆਪ' ਵਿਧਾਇਕ ਗੱਜਣ ਮਾਜਰਾ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਮੁਲਤਵੀ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਬੈਂਕ ਧੋਖਾਧੜੀ ਦੇ ਮਾਮਲੇ 'ਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਤੇ ਪੰਜਾਬ ਦੇ ਵਿਧਾਇਕ ਜਸਵੰਤ ਸਿੰਘ ਗੱਜਣ ਮਾਜਰਾ ਦੀ ਗ੍ਰਿਫਤਾਰੀ ਅਤੇ ਰਿਮਾਂਡ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ 18 ਜੂਨ ਤੱਕ ਮੁਲਤਵੀ ਕਰ ਦਿੱਤੀ ਹੈ। ਜਸਟਿਸ ਸੰਜੈ ਕਰੋਲ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਛੁੱਟੀ ਵਾਲੇ ਬੈਂਚ ਨੇ ਇਹ ਦੇਖਣ ਬਾਅਦ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਕਿ ਆਪ ਵਿਧਾਇਕ ਨੇ ਇਸ ਮਾਮਲੇ 'ਚ ਕੋਈ ਜਵਾਬ ਨਹੀਂ ਦਿੱਤਾ ਹੈ।






# ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਚੁੱਕੀ ਸਹੁੰ

- 5 ਭਾਈਵਾਲ ਪਾਰਟੀਆਂ ਨੂੰ ਇਕ-ਇਕ ਕੈਬਨਿਟ ਰੈਂਕ ਮਿਲਿਆ
- 33 ਨਵੇਂ ਚਿਹਰੇ ਸ਼ਾਮਲ ਕੀਤੇ ਗਏ
- 7 ਸਾਬਕਾ ਮੁੱਖ ਮੰਤਰੀ ਕੈਬਨਿਟ ਦਾ ਹਿੱਸਾ ਬਣੇ
- ਕਾਂਗਰਸ ਪ੍ਰਧਾਨ ਖੜਗੇ ਵੱਲੋਂ ਵੀ ਸਮਾਗਮ 'ਚ ਸ਼ਮੂਲੀਅਤ
- ਵਿਰੋਧੀ ਧਿਰ ਦੇ ਹੋਰ ਆਗੂ ਰਹੇ ਗੈਰ-ਹਾਜ਼ਰ
- ਨੱਢਾ ਦੀ ਪੰਜ ਸਾਲਾਂ ਬਾਅਦ ਮੰਤਰੀ ਮੰਡਲ ਵਿਚ ਵਾਪਸੀ



ਰਾਸ਼ਟਰਪਤੀ ਦਰੋਪਦੀ ਮੁਰਮੂ ਹਲਫ਼ਦਾਰੀ ਸਮਾਗਮ ਦੌਰਾਨ ਸਹੁੰ ਚੁਕਾਉਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਵਜ਼ਾਰਤ ਨਾਲ ਸਾਂਝੀ ਤਸਵੀਰ ਖਿਚਵਾਉਂਦੇ ਹੋਏ।

ਨਵੀਂ ਦਿੱਲੀ, (ਪੰਜਾਬ ਮੇਲ)- ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਹਲਫ ਲਿਆ। ਉਹ ਅਜਿਹੇ ਮੰਤਰੀ ਮੰਡਲ ਦੀ ਪ੍ਰਧਾਨਗੀ ਕਰ ਰਹੇ ਹਨ ਜਿਸ ਵੱਲੋਂ ਨਿਰੰਤਰਤਾ ਤੇ ਤਜ਼ਰਬੇ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਵਿਚ ਆਪਣੀਆਂ ਭਾਈਵਾਲ ਪਾਰਟੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾ ਰਹੀ ਹੈ। ਇਸ ਸਹੁੰ ਚੁੱਕ ਸਮਾਗਮ ਵਿਚ ਕਾਂਗਰਸ ਪ੍ਰਧਾਨ ਅਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਵੀ ਹਾਜ਼ਰ ਸਨ, ਜਦਕਿ ਵਿਰੋਧੀ ਧਿਰ ਦੇ ਹੋਰ ਆਗੂ ਗੈਰ-ਹਾਜ਼ਰ ਰਹੇ।

ਰਾਸ਼ਟਰਪਤੀ ਭਵਨ ਵਿਚ ਹੋਏ ਸਹੁੰ ਚੁੱਕ ਸਮਾਗਮ ਦੌਰਾਨ ਮੋਦੀ ਦੇ ਨਾਲ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ, ਨਿਰਮਲਾ ਸੀਤਾਰਾਮਨ ਅਤੇ ਐੱਸ. ਜੈਸ਼ੰਕਰ ਸਣੇ ਸਾਰੇ ਸੀਨੀਅਰ ਭਾਜਪਾ ਆਗੂਆਂ (ਜੋ ਕਿ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਦੂਜੇ ਕਾਰਜਕਾਲ ਵਿਚ ਵੀ ਮੰਤਰੀ ਸਨ) ਨੇ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁੱਕੀ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਮੋਦੀ ਅਤੇ 30 ਕੈਬਨਿਟ ਮੰਤਰੀਆਂ ਨੂੰ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਸਮਾਰੋਹ ਦੌਰਾਨ ਚਿੱਟੇ ਕੁੜਤੇ ਤੇ ਚੂੜੀਦਾਰ ਪਜਾਮੀ ਦੇ ਨਾਲ ਨੀਲੀ ਜੈਕਟ ਵਿਚ ਮੋਦੀ (73) ਨੇ ਅਹੁਦੇ ਦੀ ਸਹੁੰ ਚੁੱਕੀ। ਸਾਬਕਾ ਪ੍ਰਧਾਨ ਮੰਤਰੀ ਮਰਹੂਮ ਜਵਾਹਰ ਲਾਲ ਨਹਿਰੂ ਤੋਂ ਬਾਅਦ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਵਾਲੇ ਦੂਜੇ ਆਗੂ ਹਨ। ਮੋਦੀ 3.0 ਸਰਕਾਰ ਵਿਚ 33 ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ ਅਤੇ ਘੱਟੋ-ਘੱਟ ਛੇ ਅਜਿਹੀਆਂ ਸ਼ਖ਼ਸੀਅਤਾਂ ਹਨ, ਜੋ ਕਿ ਮਸ਼ਹੂਰ ਸਿਆਸੀ ਪਰਿਵਾਰਾਂ ਨਾਲ ਸਬੰਧਤ ਹਨ।

ਹਾਲ ਹੀ ਵਿਚ ਮੁਕੰਮਲ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਬਹੁਮਤ ਹਾਸਲ ਕਰਨ ਵਿਚ ਅਸਫਲ ਰਹੀ, ਜਿਸ ਕਾਰਨ ਉਸ ਨੂੰ ਭਾਈਵਾਲ ਪਾਰਟੀਆਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਇਨ੍ਹਾਂ ਭਾਈਵਾਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਵੀ ਕੈਬਨਿਟ ਮੰਤਰੀਆਂ ਵਜੋਂ ਹਲਫ਼ ਲਿਆ। ਇਨ੍ਹਾਂ ਭਾਈਵਾਲ ਪਾਰਟੀਆਂ ਦੇ ਆਗੂਆਂ ਵਿਚ ਜੇ.ਡੀ. (ਐੱਸ) ਆਗੂ ਐੱਚ.ਡੀ. ਕੁਮਾਰਸਵਾਮੀ, ਐੱਚ.ਏ.ਐੱਮ. (ਸੈਕੁਲਰ) ਦੇ ਮੁਖੀ ਜਿਤਿਨ ਰਾਮ ਮਾਂਝੀ, ਜੇ.ਡੀ. (ਯੂ) ਆਗੂ ਰਾਜੀਵ ਰੰਜਨ ਸਿੰਘ 'ਲਲਨ', ਟੀ.ਡੀ.ਪੀ. ਦੇ ਕੇ. ਰਾਮ ਮੋਹਨ ਨਾਇਡੂ ਅਤੇ ਐੱਲ.ਜੇ.ਪੀ.-ਆਰ.ਵੀ. ਆਗੂ ਚਿਰਾਗ ਪਾਸਵਾਨ ਸ਼ਾਮਲ ਹਨ। ਇਨ੍ਹਾਂ ਪੰਜ ਭਾਈਵਾਲ ਪਾਰਟੀਆਂ ਨੂੰ ਇਕ ਇਕ ਕੈਬਨਿਟ ਰੈਂਕ ਮਿਲਿਆ ਹੈ।

ਭਾਜਪਾ ਪ੍ਰਧਾਨ ਜੇ.ਪੀ. ਨੱਢਾ ਦੀ ਪੰਜ ਸਾਲਾਂ ਬਾਅਦ ਮੰਤਰੀ ਮੰਡਲ ਵਿਚ ਵਾਪਸੀ ਹੋਈ ਹੈ, ਜਦਕਿ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਮੋਦੀ ਮੰਤਰੀ ਮੰਡਲ ਵਿਚ ਨਵੇਂ ਚਿਹਰੇ ਹਨ। ਭਾਜਪਾ ਆਗੂ ਪ੍ਰਿਯੂਸ਼ ਗੋਇਲ, ਜਯੋਤਿਰਦਿੱਤਿਆ ਸਿੰਧੀਆ, ਧਰਮੇਂਦਰ ਪ੍ਰਧਾਨ ਅਤੇ ਭੁਪੇਂਦਰ ਯਾਦਵ ਜੋ ਕਿ ਪਹਿਲਾਂ ਰਾਜ ਸਭਾ ਮੈਂਬਰ ਸਨ ਪਰ ਹੁਣ ਚੁਣ ਕੇ ਲੋਕ ਸਭਾ ਵਿਚ ਆਏ ਹਨ, ਨੂੰ ਵੀ ਮੰਤਰੀਆਂ ਦੇ ਅਹੁਦੇ 'ਤੇ ਕਾਇਮ ਰੱਖਿਆ ਗਿਆ ਹੈ। ਇਸ ਦੌਰਾਨ ਨਵੀਂ ਬਣੀ ਐੱਨ.ਡੀ.ਏ. ਸਰਕਾਰ ਵਿਚ ਕਰਨਾਟਕ ਦੇ ਪੰਜ ਮੰਤਰੀ ਬਣੇ ਹਨ, ਜਦਕਿ ਪਿਛਲੀ ਸਰਕਾਰ ਵਿਚ ਸੂਬੇ ਤੋਂ ਤਿੰਨ ਮੰਤਰੀ ਸਨ।

ਕੈਬਨਿਟ ਮੰਤਰੀ ਵਜੋਂ ਹਲਫ਼ ਲੈਣ ਵਾਲਿਆਂ ਵਿਚ ਅਸਾਮ ਦੇ ਸਾਬਕਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਅਸ਼ਵਨੀ ਵੈਸ਼ਨਵ, ਵਿਰੇਂਦਰ ਕੁਮਾਰ, ਪ੍ਰਹਿਲਾਦ ਜੋਸ਼ੀ, ਗਿਰੀਰਾਜ ਸਿੰਘ, ਜੁਆਲ ਓਰਮ, ਗੁਜਰਾਤ ਭਾਜਪਾ ਦੇ ਪ੍ਰਧਾਨ ਸੀ.ਆਰ. ਪਾਟਿਲ, ਮਨਸੁੱਖ ਮਾਂਡਵੀਆ, ਜੀ ਕਿਸ਼ਨ ਰੈੱਡੀ, ਹਰਦੀਪ ਸਿੰਘ ਪੁਰੀ, ਕਿਰਨ ਰਿਜਿਜੂ, ਅੰਨਪੂਰਨਾ ਦੇਵੀ ਅਤੇ ਗਜੇਂਦਰ ਸਿੰਘ ਸ਼ੇਖਾਵਤ ਸ਼ਾਮਲ ਹਨ। ਇਸ ਸਮਾਰੋਹ ਵਿਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਟੀ.ਡੀ.ਪੀ. ਦੇ ਮੁਖੀ ਚੰਦਰਬਾਬੂ ਨਾਇਡੂ ਅਤੇ ਜੇ.ਡੀ. (ਯੂ) ਦੇ ਮੁਖੀ ਨਿਤੀਸ਼ ਕੁਮਾਰ ਵੀ ਹਾਜ਼ਰ ਸਨ। ਮੋਦੀ ਨੂੰ ਤੀਜੇ ਕਾਰਜਕਾਲ ਵਿਚ ਲੋਕ ਫ਼ਤਵਾ ਪਹਿਲੇ ਦੋ ਕਾਰਜਕਾਲਾਂ ਵਾਂਗ ਨਹੀਂ ਮਿਲਿਆ ਹੈ। ਇਸ ਵਾਰ ਲੋਕ ਸਭਾ ਚੋਣਾਂ ਵਿਚ ਭਾਜਪਾ ਆਪਣੇ ਜ਼ੋਰ 'ਤੇ ਬਹੁਮਤ ਹਸਲ ਕਰਨ ਵਿਚ ਅਸਫ਼ਲ ਰਹੀ। ਲੋਕ ਸਭਾ ਚੋਣਾਂ ਵਿਚ ਕਾਂਗਰਸ ਤੇ 'ਇੰਡੀਆ' ਗੱਠਜੋੜ ਦੀਆਂ ਹੋਰ ਭਾਈਵਾਲ ਪਾਰਟੀਆਂ ਵੱਲੋਂ ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਰਗੇ ਸੂਬਿਆਂ ਵਿਚ ਕੀਤੇ ਗਏ ਪ੍ਰਦਰਸ਼ਨ ਨਾਲ ਭਾਜਪਾ ਸਦਮੇ ਵਿਚ ਹੈ।

# ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦਾ ਮਾਮਲਾ ਤੂਲ ਫੜਨ ਲੱਗਾ



ਅੰਮ੍ਰਿਤਸਰ, (ਪੰਜਾਬ ਮੇਲ)- ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੇ ਮਾਮਲੇ ਨੂੰ ਲੈ ਕੇ ਹੁਣ ਮਾਮਲਾ ਤੂਲ ਫੜਨ ਲੱਗਾ ਹੈ। ਇਸ ਸਬੰਧ 'ਚ ਉਸ ਦੇ ਮਾਪਿਆਂ ਤੇ ਹੋਰਨਾਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਸ ਨੂੰ ਮਿਲੇ ਲੋਕ ਫਤਵੇ ਦੇ ਮੱਦੇਨਜ਼ਰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖਿਲਾਫ ਲਾਏ ਗਏ ਐੱਨ.ਐੱਸ.ਏ. (ਕੌਮੀ ਸੁਰੱਖਿਆ ਐਕਟ) ਨੂੰ ਖਤਮ ਕੀਤਾ ਜਾਏ ਅਤੇ ਉਨ੍ਹਾਂ ਦੀ ਰਿਹਾਈ ਕੀਤੀ ਜਾਵੇ। ਇੱਥੇ ਅੰਮ੍ਰਿਤਪਾਲ ਦੇ ਮਾਤਾ ਬਲਵਿੰਦਰ ਕੌਰ, ਪਿਤਾ ਤਰਸੇਮ ਸਿੰਘ, ਚਾਚਾ ਸੁਖਚੈਨ ਸਿੰਘ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਭਾਰੀ ਵੋਟਾਂ ਨਾਲ ਜਿੱਤ ਹਾਸਲ ਕਰਨ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਲੋਕਾਂ ਵੱਲੋਂ ਦਿੱਤਾ ਸਮਰਥਨ ਸਾਬਤ ਕਰਦਾ ਹੈ ਕਿ ਉਸ ਵੱਲੋਂ ਹਲਕੇ ਵਿਚ ਨਸ਼ਿਆਂ ਖਿਲਾਫ ਚਲਾਈ ਗਈ ਖਾਲਸਾ ਵਹੀਰ ਸਹੀ ਸੀ। ਲੋਕਾਂ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੂੰ ਉਸ ਖਿਲਾਫ ਐੱਨ.ਐੱਸ.ਏ. ਹਟਾਉਣਾ ਚਾਹੀਦਾ ਹੈ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਝੂਠੇ ਕੇਸ ਰੱਦ ਕਰਕੇ ਉਸ ਦੀ ਰਿਹਾਈ ਕੀਤੀ ਜਾਵੇ।


MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਮੋਦੀ ਮੰਤਰੀ ਮੰਡਲ 'ਚ ਜਾਤੀ ਸਮੀਕਰਨਾਂ ਨੂੰ ਧਿਆਨ 'ਚ ਰੱਖਿਆ; ਪਰ ਇਕ ਵੀ ਮੁਸਲਮਾਨ ਮੰਤਰੀ ਮੰਡਲ 'ਚ ਨਹੀਂ



**ਨਵੀਂ ਦਿੱਲੀ, (ਪੰਜਾਬ ਮੇਲ)-** ਮੋਦੀ ਮੰਤਰੀ ਮੰਡਲ 'ਚ 71 ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਐੱਨ.ਡੀ.ਏ. 'ਚ ਭਾਜਪਾ ਤੋਂ ਬਾਅਦ ਸਭ ਤੋਂ ਵੱਡੀਆਂ 2 ਪਾਰਟੀਆਂ ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਅਤੇ ਜਨਤਾ ਦਲ ਯੂਨਾਈਟਿਡ (ਜੇ.ਡੀ.ਯੂ.) ਨੂੰ ਮੰਤਰੀ ਮੰਡਲ 'ਚ ਸਿਰਫ਼ 2-2 ਸੀਟਾਂ ਮਿਲੀਆਂ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਭਵਿੱਖ 'ਚ ਦੱਖਣੀ ਭਾਰਤ 'ਚ ਆਪਣੀਆਂ ਜੜ੍ਹਾਂ ਸਥਾਪਤ ਕਰਨਾ ਚਾਹੁੰਦੀ ਹੈ, ਇਸ ਲਈ ਇਸ ਵਾਰ ਦੱਖਣੀ ਭਾਰਤ ਨੂੰ ਵਿਸ਼ੇਸ਼ ਤਰਜੀਹ ਦਿੰਦਿਆਂ ਮੰਤਰੀ ਮੰਡਲ 'ਚ 11 ਵਿਅਕਤੀਆਂ ਨੂੰ ਮੰਤਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਦੇ ਗਠਨ 'ਚ ਦੇਸ਼ ਦੇ ਜਾਤੀ ਸਮੀਕਰਨਾਂ ਨੂੰ ਵੀ ਧਿਆਨ 'ਚ ਰੱਖਿਆ ਗਿਆ ਹੈ ਅਤੇ 28 ਜਨਰਲ ਵਰਗ ਦੇ ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ 'ਚ ਜਗ੍ਹਾ ਦਿੱਤੀ ਗਈ ਹੈ। ਇਸ ਤੋਂ ਇਲਾਵਾ 7 ਮਹਿਲਾ ਸੰਸਦ ਮੈਂਬਰਾਂ ਨੂੰ ਵੀ ਮੰਤਰੀ ਅਹੁਦੇ ਦਿੱਤੇ ਗਏ ਹਨ, ਜਿਨ੍ਹਾਂ 'ਚੋਂ 6 ਭਾਜਪਾ ਸੰਸਦ ਮੈਂਬਰ ਹਨ।

ਭਾਜਪਾ ਦੱਖਣੀ ਭਾਰਤ 'ਚ ਆਪਣੇ ਪੈਰ ਜਮਾਉਣ ਦੀਆਂ ਲਗਾਤਾਰ ਕੋਸ਼ਿਸ਼ ਕਰ ਰਹੀ ਹੈ ਪਰ ਉਸ ਨੂੰ ਉਮੀਦ ਅਨੁਸਾਰ ਸਫ਼ਲਤਾ ਨਹੀਂ ਮਿਲ ਰਹੀ ਹੈ। ਇਸ ਵਾਰ ਦੇ ਚੋਣ ਨਤੀਜੇ ਭਾਜਪਾ ਲਈ ਉਤਸ਼ਾਹਜਨਕ ਹਨ। ਭਾਜਪਾ ਪਹਿਲੀ ਵਾਰ ਖੱਬੇ-ਪੱਖੀਆਂ ਦੇ ਗੜ੍ਹ ਕੇਰਲ 'ਚ ਕੋਈ ਸੀਟ ਜਿੱਤਣ 'ਚ ਕਾਮਯਾਬ ਰਹੀ ਹੈ। ਜਦਕਿ ਕਰਨਾਟਕ 'ਚ ਇਸ ਦੀਆਂ ਸੀਟਾਂ 25 ਤੋਂ ਘੱਟ ਕੇ 17 ਹੋ ਗਈਆਂ ਹਨ, ਜਦਕਿ ਤੇਲੰਗਾਨਾ 'ਚ ਸੀਟਾਂ ਦੀ ਗਿਣਤੀ 4 ਤੋਂ ਵਧ ਕੇ 8 ਹੋ ਗਈ ਹੈ।

ਪਰ ਦੱਖਣ ਦਾ ਸਭ ਤੋਂ ਵੱਡਾ ਸੂਬਾ ਤਾਮਿਲਨਾਡੂ 'ਚ ਭਾਜਪਾ ਨੂੰ ਕੋਈ ਸਫਲਤਾ ਨਹੀਂ ਮਿਲੀ ਹੈ। ਇਸ ਤੋਂ ਬਾਅਦ ਵੀ ਭਾਜਪਾ ਨੇ ਮੰਤਰੀ ਮੰਡਲ 'ਚ ਦੱਖਣੀ ਭਾਰਤ ਨੂੰ ਕਾਫੀ ਥਾਂ ਦਿੱਤੀ ਹੈ। ਕੇਰਲ ਤੋਂ 2, ਤਾਮਿਲਨਾਡੂ ਤੋਂ 2, ਤੇਲੰਗਾਨਾ ਤੋਂ 2, ਆਂਧਰਾ ਪ੍ਰਦੇਸ਼ ਤੋਂ 1 ਅਤੇ ਕਰਨਾਟਕ ਤੋਂ 4 ਲੋਕਾਂ ਨੂੰ ਮੰਤਰੀ ਮੰਡਲ 'ਚ ਜਗ੍ਹਾ ਦਿੱਤੀ ਗਈ ਹੈ।

ਮੰਤਰੀ ਮੰਡਲ 'ਚ ਜਨਰਲ ਵਰਗ ਦੇ 28 ਮੈਂਬਰ ਹਨ। ਇਨ੍ਹਾਂ 'ਚ 8 ਬ੍ਰਾਹਮਣ ਅਤੇ 3 ਰਾਜਪੂਤ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਭੂਮਿਹਾਰ, ਯਾਦਵ, ਜਾਟ, ਕੁਰਮੀ, ਮਰਾਠਾ ਅਤੇ ਵੋਕਾਲੀਗਾ ਭਾਈਚਾਰਿਆਂ ਦੇ ਦੋ-ਦੋ ਮੰਤਰੀ ਬਣਾਏ ਗਏ ਹਨ। ਸਿੱਖ ਭਾਈਚਾਰੇ ਦੇ ਦੋ ਵਿਅਕਤੀਆਂ ਨੂੰ ਮੰਤਰੀ ਬਣਾਇਆ ਗਿਆ ਹੈ।

ਕਰਨਾਟਕ ਦੇ ਲਿੰਗਾਇਤ ਭਾਈਚਾਰੇ ਦੇ ਨਾਲ-ਨਾਲ ਨਿਸ਼ਾਦ, ਲੋਧ ਅਤੇ ਮਹਾਦਲਿਤ ਵਰਗ ਦੇ ਇਕ-ਇਕ ਵਿਅਕਤੀ ਨੂੰ ਮੰਤਰੀ ਬਣਾਇਆ ਗਿਆ ਹੈ। ਬੰਗਾਲ ਦੇ ਪ੍ਰਭਾਵਸ਼ਾਲੀ ਮਤੂਆ ਭਾਈਚਾਰੇ ਨੂੰ ਵੀ ਥਾਂ ਦਿੱਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਅਹੀਰ, ਗੁਰਜਰ, ਖਟੀਕ ਅਤੇ ਬਣੀਆ ਵਰਗ ਨੂੰ ਵੀ ਇਕ-ਇਕ ਥਾਂ ਦਿੱਤੀ ਗਈ ਹੈ। ਉੱਚ ਜਾਤੀ ਨੂੰ ਭਾਜਪਾ ਦਾ ਮੁੱਖ ਵੋਟਰ ਮੰਨਿਆ ਜਾਂਦਾ ਹੈ। ਇਸੇ ਕਰਕੇ ਉਨ੍ਹਾਂ ਨੂੰ ਮੰਤਰੀ ਮੰਡਲ 'ਚ ਅਹਿਮ ਸਥਾਨ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਚੋਣਾਂ 'ਚ ਝਟਕੇ ਤੋਂ ਬਾਅਦ ਭਾਜਪਾ ਨੇ ਦੂਜੇ ਵਰਗਾਂ ਨੂੰ ਵੀ ਜਗ੍ਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਾਰ ਦੀਆਂ ਚੋਣਾਂ 'ਚ 74 ਔਰਤਾਂ ਚੋਣਾਂ ਜਿੱਤ ਕੇ ਸੰਸਦ 'ਚ ਪਹੁੰਚੀਆਂ ਹਨ। ਇਹ ਔਰਤਾਂ ਭਾਜਪਾ, ਟੀ.ਐੱਮ.ਸੀ. ਅਤੇ ਕਾਂਗਰਸ ਸਮੇਤ 14 ਪਾਰਟੀਆਂ ਦੀਆਂ ਟਿਕਟਾਂ 'ਤੇ ਚੋਣ ਮੈਦਾਨ 'ਚ ਸਨ। ਇਨ੍ਹਾਂ 'ਚੋਂ 43 ਨੇ ਪਹਿਲੀ ਵਾਰ ਚੋਣ ਜਿੱਤੀ ਹੈ। ਭਾਜਪਾ ਦੀ ਟਿਕਟ 'ਤੇ ਸਭ ਤੋਂ ਵੱਧ 31 ਔਰਤਾਂ ਜਿੱਤੀਆਂ ਹਨ। ਇਸ ਤੋਂ ਇਲਾਵਾ ਕਾਂਗਰਸ ਦੀਆਂ 13, ਟੀ.ਐੱਮ.ਸੀ. ਦੀਆਂ 11 ਅਤੇ ਸਪਾ ਦੀਆਂ ਪੰਜ ਮਹਿਲਾ ਸੰਸਦ ਮੈਂਬਰ ਹਨ।

# 12 ਸਾਲ ਮਗਰੋਂ ਕੇਂਦਰ ਸਰਕਾਰ ਵਿਚ ਲੁਧਿਆਣਾ ਨੂੰ ਮਿਲੀ ਥਾਂ



**ਲੁਧਿਆਣਾ, (ਪੰਜਾਬ ਮੇਲ)-** ਕੇਂਦਰ ਵਿਚ ਇੱਕ ਵਾਰ ਮੁੜ ਐੱਨ.ਡੀ.ਏ. ਦੀ ਮੋਦੀ ਸਰਕਾਰ ਬਣ ਗਈ ਹੈ। ਹੁਣ 12 ਸਾਲਾਂ ਬਾਅਦ ਇੱਕ ਵਾਰ ਫਿਰ ਲੁਧਿਆਣਾ ਨੂੰ ਕੇਂਦਰ ਸਰਕਾਰ ਵਿਚ ਥਾਂ ਮਿਲੀ ਹੈ। ਇਸ ਵਾਰ ਲੁਧਿਆਣਾ ਤੋਂ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੂੰ ਮੋਦੀ ਸਰਕਾਰ ਨੇ ਕੇਂਦਰੀ ਰਾਜ ਮੰਤਰੀ ਦਾ ਅਹੁਦਾ ਦਿੱਤਾ ਹੈ। ਲੁਧਿਆਣਾ ਤੋਂ ਲੋਕ ਸਭਾ ਚੋਣਾਂ ਹਾਰਨ ਦੇ ਬਾਵਜੂਦ ਭਾਜਪਾ ਨੇ ਬਿੱਟੂ 'ਤੇ ਭਰੋਸਾ ਜਤਾਇਆ ਤੇ ਉਨ੍ਹਾਂ ਨੂੰ ਮੋਦੀ ਸਰਕਾਰ ਵਿਚ ਥਾਂ ਦਿੱਤੀ ਗਈ। ਬਿੱਟੂ ਸੂਬੇ ਦੇ ਪਹਿਲੇ ਆਗੂ ਹਨ, ਜਿਨ੍ਹਾਂ ਨੂੰ ਇਸ ਵਾਰ ਮੋਦੀ ਸਰਕਾਰ ਵਿਚ ਥਾਂ ਮਿਲੀ ਹੈ। ਸਹੁੰ ਚੁੱਕ ਸਮਾਗਮ ਮਗਰੋਂ ਸ਼੍ਰੀ ਬਿੱਟੂ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ ਤੇ ਸਨਅਤਕਾਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੇਂਦਰ ਤੇ ਸੂਬਾ ਸਰਕਾਰ ਵਿਚਾਲੇ ਇੱਕ ਪੁਲ ਦਾ ਕੰਮ ਕਰਨਗੇ। ਇਸ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਦੀ ਯੂ.ਪੀ.ਏ. ਸਰਕਾਰ ਵੇਲੇ ਸਾਲ 2012 ਤੋਂ 2014 ਤੱਕ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੂੰ ਕੇਂਦਰੀ ਮੰਤਰੀ ਬਣਾਇਆ ਗਿਆ ਸੀ।

ਰਵਨੀਤ ਬਿੱਟੂ ਤਿੰਨ ਵਾਰ ਸੰਸਦ ਮੈਂਬਰ ਰਹੇ ਹਨ। ਸਾਲ 2009 ਵਿਚ ਉਹ ਕਾਂਗਰਸ ਪਾਰਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣ ਜਿੱਤੇ, ਫਿਰ ਸਾਲ 2014 ਵਿਚ ਉਹ ਲੁਧਿਆਣਾ ਤੋਂ ਜੇਤੂ ਰਹੇ ਤੇ 2019 ਵਿਚ ਵੀ ਉਹ ਇੱਥੋਂ ਕਾਂਗਰਸ ਪਾਰਟੀ ਵੱਲੋਂ ਚੋਣ ਜਿੱਤੇ। ਉਹ ਕੁੱਝ ਸਮਾਂ ਪਹਿਲਾਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਚਲੇ ਗਏ ਸਨ ਤੇ ਪਾਰਟੀ ਨੇ ਉਨ੍ਹਾਂ ਨੂੰ ਲੁਧਿਆਣਾ ਤੋਂ ਲੋਕ ਸਭਾ ਉਮੀਦਵਾਰ ਬਣਾਇਆ। ਇਸ ਵਾਰ ਉਹ ਕਾਂਗਰਸ ਦੇ ਉਮੀਦਵਾਰ ਰਾਜਾ ਵੜਿੰਗ ਕੋਲੋਂ ਚੋਣ ਹਾਰ ਗਏ।

# ਰਵਨੀਤ ਬਿੱਟੂ ਨੂੰ ਰਾਜ ਮੰਤਰੀ ਦੀ ਕੁਰਸੀ ਦੇਣ ਮਗਰੋਂ ਭਾਜਪਾ ਦੇ ਟਕਸਾਲੀ ਆਗੂ ਹੱਕੇ-ਬੱਕੇ

**■ ਰਵਨੀਤ ਬਿੱਟੂ ਨੂੰ ਰਾਜ ਮੰਤਰੀ ਵਜੋਂ ਸ਼ਾਮਲ ਕਰਕੇ ਪੰਜਾਬ ਨੂੰ ਪ੍ਰਤੀਨਿਧਤਾ ਦੇਣ ਦਾ ਯਤਨ**

**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰੀ ਕੈਬਨਿਟ ਵਿਚ ਸਾਬਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਰਾਜ ਮੰਤਰੀ ਵਜੋਂ ਸ਼ਾਮਲ ਕਰਕੇ ਪੰਜਾਬ ਨੂੰ ਪ੍ਰਤੀਨਿਧਤਾ ਦੇਣ ਦਾ ਯਤਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੁਧਿਆਣਾ ਚੋਣ ਰੈਲੀ ਵਿਚ ਰਵਨੀਤ ਬਿੱਟੂ ਨੂੰ ਵੱਡਾ ਆਦਮੀ ਬਣਾਉਣ ਦਾ ਵਾਅਦਾ ਕੀਤਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਵਾਅਦਾ ਪੂਰਾ ਦਿੱਤਾ ਹੈ। ਰਵਨੀਤ ਬਿੱਟੂ ਅਤੇ ਉਨ੍ਹਾਂ ਦਾ ਪਰਿਵਾਰ ਇਸ ਪ੍ਰਾਪਤੀ 'ਤੇ ਖ਼ੁਸ਼ ਹੈ, ਜਦੋਂਕਿ ਭਾਜਪਾ ਦੇ ਟਕਸਾਲੀ ਆਗੂ ਹੱਕੇ-ਬੱਕੇ ਰਹਿ ਗਏ ਹਨ। ਬੇਸ਼ੱਕ, ਰਵਨੀਤ ਬਿੱਟੂ ਲੁਧਿਆਣਾ ਤੋਂ ਚੋਣ ਹਾਰ ਗਏ ਹਨ, ਪਰ ਕੇਂਦਰੀ ਕੈਬਨਿਟ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੇ ਕਈ ਸਿਆਸੀ ਸੁਨੇਹੇ ਦਿੱਤੇ ਹਨ। ਭਾਜਪਾ ਨੇ ਪੰਜਾਬ ਵਿਚਲੇ ਵੱਡੇ ਚਿਹਰੇ ਨਜ਼ਰ-ਅੰਦਾਜ਼ ਕਰਕੇ ਰਵਨੀਤ ਬਿੱਟੂ ਨੂੰ ਸਿਖਰਲਾ ਅਹੁਦਾ ਦਿੱਤਾ ਹੈ, ਹਾਲਾਂਕਿ ਚੋਣਾਂ ਦੌਰਾਨ ਹੀ ਰਵਨੀਤ ਬਿੱਟੂ ਨੇ ਭਾਜਪਾ ਦਾ ਪੱਲਾ ਫੜਿਆ ਸੀ। ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਨਾਲ ਉਨ੍ਹਾਂ ਦਾ ਇੱਟ-ਖੜੱਕਾ ਰਿਹਾ ਹੈ। ਅਹਿਮ ਸੂਤਰ ਦੱਸਦੇ ਹਨ ਕਿ ਹਰਜੀਤ ਗਰੇਵਾਲ ਤੋਂ ਇਲਾਵਾ ਭਾਜਪਾ ਦੇ ਟਕਸਾਲੀ ਨੇਤਾ ਅੰਦਰੋਂ-ਅੰਦਰੀਂ ਘੁਟਣ ਮਹਿਸੂਸ ਕਰਨ ਲੱਗੇ ਹਨ। ਭਾਜਪਾ ਵੱਲੋਂ ਰਵਨੀਤ ਬਿੱਟੂ ਨੂੰ ਮੰਤਰੀ ਦੀ ਕੁਰਸੀ ਦੇਣ ਤੋਂ ਪੰਜਾਬ ਭਾਜਪਾ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਭਾਜਪਾ ਦੇ ਟਕਸਾਲੀ ਆਗੂ ਜਿਨ੍ਹਾਂ ਨੇ ਕਿਸਾਨ ਅੰਦੋਲਨ ਦੌਰਾਨ ਵੱਡਾ ਸੰਕਟ ਝੱਲਿਆ ਸੀ, ਉਦੋਂ ਠੱਗੇ ਠੱਗੇ ਮਹਿਸੂਸ ਕਰਨ ਲੱਗੇ ਸਨ ਜਦੋਂ ਭਾਜਪਾ ਨੇ ਬਾਹਰੋਂ ਆਗੂ ਲਿਆ ਕੇ ਉਮੀਦਵਾਰ ਬਣਾ ਦਿੱਤੇ ਸਨ। ਪਤਾ ਲੱਗਾ ਹੈ ਕਿ ਭਾਜਪਾ ਦੇ ਟਕਸਾਲੀ ਆਗੂ ਇੱਕ ਦੂਜੇ ਨੂੰ ਫ਼ੋਨ ਖੜਕਾ ਕੇ ਆਪਣਾ ਮਨ ਹੌਲਾ ਕਰ ਰਹੇ ਸਨ। ਸਿਆਸੀ ਹਲਕਿਆਂ ਮੁਤਾਬਕ ਭਾਜਪਾ ਵੱਲੋਂ ਪੰਜਾਬ ਚੋਣਾਂ-2027 ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਰਵਨੀਤ ਬਿੱਟੂ ਨੂੰ ਕੇਂਦਰੀ ਮੰਤਰੀ ਬਣਾਇਆ ਗਿਆ ਹੈ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਛੱਡ ਕੇ ਭਾਜਪਾ ਦੇ ਪ੍ਰਧਾਨ ਬਣੇ ਸੁਨੀਲ ਜਾਖੜ ਲਈ ਰਵਨੀਤ ਬਿੱਟੂ ਦੀ ਕੇਂਦਰੀ ਵਜ਼ਾਰਤ ਵਿਚ ਐਂਟਰੀ ਹੈਰਾਨੀ ਵਾਲੀ ਹੋਵੇਗੀ। ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਅਤੇ ਖ਼ਾਸ ਕਰਕੇ ਕੇਂਦਰੀ ਵਜ਼ੀਰ ਰਹਿ ਚੁੱਕੀ ਪ੍ਰਨੀਤ ਕੌਰ ਨੂੰ ਵੀ ਭਾਜਪਾ ਨੇ ਦਰਕਿਨਾਰ ਕਰ ਦਿੱਤਾ ਹੈ। ਪੰਜਾਬ ਦੇ ਅਨੇਕਾਂ ਮਸਲੇ ਹਨ, ਜਿਨ੍ਹਾਂ ਵਿਚ ਸੂਬੇ ਦੀਆਂ ਬੁਨਿਆਦੀ ਮੰਗਾਂ ਵੀ ਸ਼ਾਮਲ ਹਨ।



# ਪੰਡਤ ਜਵਾਹਰ ਲਾਲ ਨਹਿਰੂ ਲਗਾਤਾਰ 17 ਸਾਲ ਰਹੇ ਭਾਰਤ ਦੇ ਪ੍ਰਧਾਨ ਮੰਤਰੀ

**ਪਟਿਆਲਾ, (ਪੰਜਾਬ ਮੇਲ)-** ਭਾਜਪਾ ਆਗੂ ਨਰਿੰਦਰ ਮੋਦੀ ਨੇ ਅੱਜ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਂਜ, ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਹੋਏ ਹਨ, ਜਿਨ੍ਹਾਂ ਸਭ ਤੋਂ ਵੱਧ ਪੌਣੇ ਸਤਾਰਾਂ ਸਾਲ ਪ੍ਰਧਾਨ ਮੰਤਰੀ ਵਜੋਂ ਕੰਮ ਕੀਤਾ, ਜਦਕਿ ਸਭ ਤੋਂ ਘੱਟ 13-13 ਦਿਨ (ਕੁੱਲ 26 ਦਿਨ) ਗੁਲਜ਼ਾਰੀ ਲਾਲ ਨੰਦਾ ਪ੍ਰਧਾਨ ਮੰਤਰੀ (ਕਾਰਜਕਾਰੀ) ਰਹੇ ਹਨ। ਅਸਲ 'ਚ ਉਨ੍ਹਾਂ ਨੂੰ ਸ਼੍ਰੀ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਦੇਹਾਂਤ ਮਗਰੋਂ ਕਾਰਜਕਾਰੀ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ। ਪਹਿਲੇ ਗੈਰ-ਕਾਂਗਰਸੀ ਪ੍ਰਧਾਨ ਮੋਰਾਰ ਜੀ ਦੇਸਾਈ ਹੋਏ ਹਨ। ਇੰਦਰਾ ਗਾਂਧੀ ਇਕਲੌਤੇ ਮਹਿਲਾ ਤੇ ਡਾ. ਮਨਮੋਹਨ ਸਿੰਘ ਇੱਕਲੌਤੇ ਸਿੱਖ ਪ੍ਰਧਾਨ ਮੰਤਰੀ ਰਹੇ ਹਨ। ਚਾਰ ਪ੍ਰਧਾਨ ਮੰਤਰੀਆਂ ਦੀ ਮੌਤ ਅਹੁਦੇ 'ਤੇ ਰਹਿੰਦਿਆਂ ਹੋਈ, ਜਿਨ੍ਹਾਂ ਵਿਚੋਂ ਦੋ ਦੀ ਹੱਤਿਆ ਹੋਈ ਸੀ।

ਪ੍ਰਧਾਨ ਮੰਤਰੀ ਦੀ ਕੁਰਸੀ ਭਾਵੇਂ 27 ਵਾਰ ਬਦਲੀ, ਪਰ ਇਸ ਵੱਕਾਰੀ ਅਹੁਦੇ ਤੱਕ ਅੱਪੜਨ ਵਾਲਿਆਂ ਦੀ ਗਿਣਤੀ 14 ਹੀ ਹੈ, ਜਿਸ ਦੌਰਾਨ ਪਿਓ-ਧੀ, ਮਾਂ-ਪੁੱਤ ਅਤੇ ਨਾਨਾ-ਦੋਹਤਾ ਵੀ ਪ੍ਰਧਾਨ ਮੰਤਰੀ ਰਹੇ ਹਨ। ਤੀਜੀ ਲੋਕ ਸਭਾ ਦੀ ਸ਼ੁਰੂਆਤ ਪਿਤਾ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਬਣਨ ਨਾਲ ਹੋਈ, ਜਦਕਿ ਸੰਪੰਨਤਾ ਧੀ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਨਾਲ ਹੋਈ। ਇਸ ਪਾਰੀ ਦੌਰਾਨ ਪ੍ਰਧਾਨ ਮੰਤਰੀ ਦੀ ਕੁਰਸੀ ਪੰਜ ਵਾਰ ਬਦਲੀ।



ਜਵਾਹਰ ਲਾਲ ਨਹਿਰੂ | ਮੋਰਾਰਜੀ ਦੇਸਾਈ | ਇੰਦਰਾ ਗਾਂਧੀ | ਰਾਜੀਵ ਗਾਂਧੀ

ਆਈ.ਕੇ. ਗੁਜਰਾਲ | ਅਟਲ ਬਿਹਾਰੀ ਵਾਜਪਾਈ | ਡਾ. ਮਨਮੋਹਨ ਸਿੰਘ | ਨਰਿੰਦਰ ਮੋਦੀ

ਪਹਿਲੀ ਅਧਿਕਾਰਤ ਲੋਕ ਸਭਾ ਤੋਂ ਪਹਿਲਾਂ 15 ਅਗਸਤ 1947 ਤੋਂ 15 ਅਪ੍ਰੈਲ 1952 ਤੱਕ ਬਣੀ ਸੰਵਿਧਾਨ ਸਭਾ 'ਚ ਜਵਾਹਰ ਲਾਲ ਨਹਿਰੂ ਪਲੇਠੇ ਪ੍ਰਧਾਨ ਮੰਤਰੀ ਰਹੇ। ਉਹ ਅਧਿਕਾਰਤ ਪਹਿਲੀ, ਦੂਜੀ ਅਤੇ ਤੀਜੀ ਲੋਕ ਸਭਾ ਦੌਰਾਨ ਵੀ (15 ਅਪ੍ਰੈਲ 1952 ਤੋਂ 27 ਮਈ 1964) ਤੱਕ ਪ੍ਰਧਾਨ ਮੰਤਰੀ ਬਣੇ ਰਹੇ। ਅਹੁਦੇ 'ਤੇ ਰਹਿੰਦਿਆਂ ਹੀ ਦੇਹਾਂਤ ਹੋਣ ਕਾਰਨ 27 ਮਈ 1964 ਨੂੰ ਗੁਲਜ਼ਾਰੀ ਲਾਲ ਨੰਦਾ ਨੂੰ ਕਾਰਜਕਾਰੀ ਪ੍ਰਧਾਨ ਮੰਤਰੀ ਬਣਾਇਆ ਗਿਆ, ਜੋ 13 ਦਿਨ ਇਸ ਅਹੁਦੇ 'ਤੇ ਰਹੇ, ਕਿਉਂਕਿ 9 ਜੂਨ 1964 ਨੂੰ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਏ ਸਨ, ਪਰ 11 ਜਨਵਰੀ 1966 ਉਨ੍ਹਾਂ ਦਾ ਵੀ ਅਹੁਦੇ 'ਤੇ ਰਹਿੰਦਿਆਂ ਹੀ ਦੇਹਾਂਤ ਹੋ ਗਿਆ, ਜਿਸ ਕਾਰਨ ਉਸੇ ਹੀ ਦਿਨ ਮੁੜ ਤੋਂ ਗੁਲਜ਼ਾਰੀ ਲਾਲ ਨੰਦਾ ਨੂੰ ਮੁੜ ਕਾਰਜਕਾਰੀ ਪ੍ਰਧਾਨ ਮੰਤਰੀ ਬਣਾਇਆ ਗਿਆ ਤੇ ਉਹ 13 ਦਿਨ ਇਸ ਅਹੁਦੇ 'ਤੇ ਰਹੇ। ਇਸ ਮਗਰੋਂ 24 ਜਨਵਰੀ, 1966 ਨੂੰ ਜਵਾਹਰ ਲਾਲ ਨਹਿਰੂ ਦੀ ਧੀ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਸੌਂਪੀ ਗਈ, ਜੋ 4 ਮਾਰਚ 1967 ਤੱਕ ਬਣੇ ਰਹੇ। ਫਿਰ ਚੌਥੀ ਅਤੇ ਪੰਜਵੀਂ ਲੋਕ ਸਭਾ ਦੌਰਾਨ ਵੀ ਇੰਦਰਾ ਗਾਂਧੀ ਹੀ ਪ੍ਰਧਾਨ ਮੰਤਰੀ ਰਹੇ। ਇਹ ਕਾਰਜਕਾਲ 4 ਮਾਰਚ 1967 ਤੋਂ 24 ਮਾਰਚ 1977 ਤੱਕ ਚੱਲਿਆ, ਜਿਸ ਦੌਰਾਨ ਹੀ ਐਮਰਜੈਂਸੀ ਦਾ ਦੌਰ ਵੀ ਆਇਆ ਤੇ ਛੇਵੀਂ ਲੋਕ ਸਭਾ ਚੋਣ ਦੌਰਾਨ ਸਿਟਿੰਗ ਪ੍ਰਧਾਨ ਮੰਤਰੀ ਹੁੰਦਿਆਂ ਵੀ ਉਹ ਚੋਣ ਹਾਰ ਗਏ।

## ਪੰਜਾਬ ਤੇ ਹਰਿਆਣਾ ਪੁਲਿਸ 'ਤੇ ਇਮੀਗ੍ਰੇਸ਼ਨ ਮਾਫੀਆ ਦਾ ਸ਼ਿਕਾਰ ਨੌਜਵਾਨਾਂ ਨੂੰ ਇਨਸਾਫ ਨਾ ਦੇਣ ਦੇ ਦੋਸ਼

**ਚੰਡੀਗੜ੍ਹ, (ਪੰਜਾਬ ਮੇਲ)-** ਇਮੀਗ੍ਰੇਸ਼ਨ ਠੱਗੀ ਵਿਰੋਧੀ ਕਮੇਟੀ ਨੇ ਪੰਜਾਬ ਤੇ ਹਰਿਆਣਾ ਦੀ ਪੁਲਿਸ 'ਤੇ ਇਮੀਗ੍ਰੇਸ਼ਨ ਮਾਫੀਆ ਦਾ ਸ਼ਿਕਾਰ ਹੋਏ ਨੌਜਵਾਨਾਂ ਨੂੰ ਇਨਸਾਫ ਨਾ ਦੇਣ ਦੇ ਦੋਸ਼ ਲਗਾਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦਾ ਫ਼ੈਸਲਾ ਕੀਤਾ ਹੈ। ਕਮੇਟੀ ਦੇ ਆਗੂ ਹਰਸ਼ਰਨ ਸਿੰਘ, ਜਸਕੌਰ ਸਿੰਘ ਅਤੇ ਐਡਵੋਕੇਟ ਮਨਧੀਰ ਸਿੰਘ ਵਿਰਕ ਨੇ ਸੈਕਟਰ-28 ਵਿਚ ਸਥਿਤ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਤੇ ਹਰਿਆਣਾ ਵਿਚ ਹਜ਼ਾਰਾਂ ਨੌਜਵਾਨ ਇਮੀਗ੍ਰੇਸ਼ਨ ਮਾਫੀਆ ਦਾ ਸ਼ਿਕਾਰ ਹੋ ਰਹੇ ਹਨ ਅਤੇ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਹਾਲੀ ਤੇ ਚੰਡੀਗੜ੍ਹ ਵਿਚ ਇਮੀਗ੍ਰੇਸ਼ਨ ਕਾਰੋਬਾਰੀਆਂ ਵਿਰੁੱਧ ਕੁਝ ਸਮੇਂ ਵਿਚ 33 ਪਰਚੇ ਦਰਜ ਹੋ ਚੁੱਕੇ ਹਨ। ਇਸ ਵਿਚ 150 ਦੇ ਕਰੀਬ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਦੋਂਕਿ ਗ੍ਰਿਫਤਾਰੀਆਂ ਸਿਰਫ਼ ਤਿੰਨ ਜਣਿਆਂ ਦੀ ਹੋਈਆਂ ਹਨ। ਇਨ੍ਹਾਂ ਆਗੂਆਂ ਨੇ ਦੋਸ਼ ਲਗਾਇਆ ਕਿ ਜਿਨ੍ਹਾਂ ਖ਼ਿਲਾਫ਼ ਪਰਚੇ ਦਰਜ ਹਨ, ਉਹ ਅਜੇ ਵੀ ਆਪਣੇ ਫੋਨਾਂ ਰਾਹੀਂ ਲੋਕਾਂ ਨਾਲ ਸੰਪਰਕ ਵਿਚ ਹਨ, ਪਰ ਪੁਲਿਸ ਉਨ੍ਹਾਂ ਦੀਆਂ ਲੋਕੇਸ਼ਨਾਂ ਟਰੇਸ ਕਰਕੇ ਗ੍ਰਿਫ਼ਤਾਰ ਨਹੀਂ ਕਰ ਰਹੀ ਹੈ। ਕਮੇਟੀ ਦੇ ਆਗੂਆਂ ਨੇ ਕਿਹਾ ਕਿ ਤਿੰਨ ਮਹੀਨੇ ਪਹਿਲਾਂ ਉਨ੍ਹਾਂ ਵੱਡੇ ਪੁਲਿਸ ਅਧਿਕਾਰੀਆਂ ਨੂੰ ਮਿਲ ਕੇ ਮਾਮਲਾ ਉਠਾਇਆ ਸੀ, ਜਿਸ ਤੋਂ ਬਾਅਦ ਕੁਝ ਪਰਚੇ ਤਾਂ ਦਰਜ ਕਰ ਲਏ ਪਰ ਗ੍ਰਿਫ਼ਤਾਰੀਆਂ ਨਹੀਂ ਕੀਤੀਆਂ।

## ਡੀ.ਜੀ.ਪੀ. ਪੰਜਾਬ ਵੱਲੋਂ ਫੀਲਡ ਪੁਲਿਸ ਅਧਿਕਾਰੀਆਂ ਨੂੰ ਲੋਕ-ਪੱਖੀ ਪੁਲਿਸਿੰਗ 'ਤੇ ਜ਼ੋਰ ਦੇ ਨਿਰਦੇਸ਼

- ਪੰਜਾਬ ਪੁਲਿਸ ਲਈ ਦਫਤਰਾਂ 'ਚ ਬੈਠਣ ਸੰਬੰਧੀ ਜਾਰੀ ਕੀਤੇ ਹੁਕਮ
- ਪੰਜਾਬ ਪੁਲਿਸ ਸੂਬੇ ਵਿਚ ਮਜ਼ਬੂਤ ਕਾਨੂੰਨ ਵਿਵਸਥਾ ਬਰਕਰਾਰ ਰੱਖਣ ਲਈ ਵਚਨਬੱਧ

**ਚੰਡੀਗੜ੍ਹ, (ਪੰਜਾਬ ਮੇਲ)-** ਸੂਬੇ ਵਿਚ ਲੋਕ-ਪੱਖੀ ਪੁਲਿਸਿੰਗ ਨੂੰ ਯਕੀਨੀ ਬਣਾਉਣ ਲਈ, ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ (ਏ.ਡੀ.ਜੀ.ਐੱਸ.ਪੀ.) ਦੇ ਰੈਂਕ ਤੋਂ ਲੈ ਕੇ ਸਟੇਸ਼ਨ ਹਾਊਸ ਅਫਸਰਾਂ (ਐੱਸ.ਐੱਚ.ਓਜ਼) ਤੱਕ ਦੇ ਸਾਰੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਜਨਤਕ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਾਰੇ ਕੰਮਕਾਜੀ ਦਿਨਾਂ ਵਿਚ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਆਪਣੇ ਦਫ਼ਤਰਾਂ ਵਿਚ ਮੌਜੂਦ ਰਹਿਣ ਦੇ ਨਿਰਦੇਸ਼ ਦਿੱਤੇ ਹਨ।

ਡੀ.ਜੀ.ਪੀ. ਨੇ ਆਪਣੇ ਅਧਿਕਾਰਤ ਐਕਸ ਹੈਂਡਲ (ਜਿਸ ਦਾ ਨਾਂ ਪਹਿਲਾਂ ਟਵਿੱਟਰ ਸੀ), 'ਤੇ ਜਾਣਕਾਰੀ ਦਿੱਤੀ ਕਿ ਸਾਰੀਆਂ ਰੇਂਜਾਂ ਦੇ ਏ.ਡੀ.ਜੀ.ਪੀਜ਼/ ਆਈ.ਜੀ.ਪੀਜ਼/ ਡੀ.ਆਈ.ਜੀਜ਼, ਪੁਲਿਸ ਕਮਿਸ਼ਨਰਾਂ, ਜ਼ਿਲ੍ਹੇ ਦੇ ਐੱਸ.ਐੱਸ.ਪੀਜ਼, ਸਬ ਡਵੀਜ਼ਨਲ ਡੀ.ਐੱਸ.ਪੀਜ਼ ਅਤੇ ਐੱਸ.ਐੱਚ.ਓਜ਼ ਨੂੰ ਜਨਤਕ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਾਰੇ ਕੰਮਕਾਜੀ ਦਿਨਾਂ ਵਿਚ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਆਪਣੇ ਦਫ਼ਤਰਾਂ ਵਿਚ ਮੌਜੂਦ ਰਹਿਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਾਗਰਿਕਾਂ ਦੀ ਸੇਵਾ ਲਈ ਉਪਲਬਧ ਹੋਣਾ ਪੁਲਿਸ ਦਾ ਸਭ ਤੋਂ ਵੱਡਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਹੈੱਡਕੁਆਰਟਰ (ਪੀ.ਪੀ.ਐੱਚ.ਕਿਊ) ਵਿਖੇ, ਸਪੈਸ਼ਲ ਡੀ.ਜੀ.ਪੀ./ ਐਡੀਸ਼ਨਲ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀਆਂ ਨੂੰ ਨਾਗਰਿਕਾਂ ਨੂੰ ਮਿਲਣ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਉਪਲਬਧ ਰਹਿਣ ਵੀ ਦਿਨ ਨਿਰਧਾਰਤ ਕੀਤੇ ਗਏ ਹਨ।

ਜਾਣਕਾਰੀ ਮੁਤਾਬਿਕ ਸਪੈਸ਼ਲ ਡੀ.ਜੀ.ਪੀ. ਭਲਾਈ ਈਸ਼ਵਰ ਸਿੰਘ ਸੋਮਵਾਰ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। ਇਸੇ ਤਰ੍ਹਾਂ, ਏ.ਡੀ.ਜੀ.ਪੀ. ਸੁਰੱਖਿਆ ਐੱਸ.ਐੱਸ. ਸ੍ਰੀਵਾਸਤਵ ਮੰਗਲਵਾਰ ਨੂੰ, ਏ.ਡੀ.ਜੀ.ਪੀ. ਟ੍ਰੈਫਿਕ ਏ.ਐੱਸ. ਰਾਏ ਬੁੱਧਵਾਰ ਨੂੰ, ਏ.ਡੀ.ਜੀ.ਪੀ. ਪ੍ਰੋਵੀਜ਼ਨਿੰਗ ਜੀ. ਨਾਗੇਸ਼ਵਰ ਰਾਓ ਵੀਰਵਾਰ ਨੂੰ ਅਤੇ ਸਪੈਸ਼ਲ ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਸ਼ੁੱਕਰਵਾਰ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। 'ਨਾਗਰਿਕਾਂ ਤੱਕ ਪਹੁੰਚ' ਨੂੰ ਲੋਕ ਕੇਂਦਰਿਤ ਪੁਲਿਸਿੰਗ ਦਾ ਇੱਕ ਮਹੱਤਵਪੂਰਨ ਹਿੱਸਾ ਦੱਸਦਿਆਂ ਡੀ.ਜੀ.ਪੀ. ਗੌਰਵ ਯਾਦਵ ਨੇ ਅਧਿਕਾਰੀਆਂ ਨੂੰ ਫੋਨ 'ਤੇ ਉਪਲਬਧ ਰਹਿਣ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸ਼ਾਂਤੀਪੂਰਵਕ ਨਾਲ ਸੁਣਨ ਲਈ ਉਨ੍ਹਾਂ ਨਾਲ ਫੋਨ 'ਤੇ ਗੱਲ ਕਰਨ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨ ਵੀ ਕਿਹਾ।




# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 301ਵੇਂ ਜਨਮ ਦਿਨ 'ਤੇ ਸਰੀ 'ਚ ਅੰਤਰਰਾਸ਼ਟਰੀ ਸਮਾਗਮ

## ਇੰਗਲੈਂਡ, ਅਮਰੀਕਾ, ਭਾਰਤ ਅਤੇ ਕੈਨੇਡਾ ਤੋਂ ਪ੍ਰਤੀਨਿਧ ਸ਼ਾਮਲ ਹੋਏ





**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 301ਵੇਂ ਜਨਮ ਦੇ ਸਬੰਧ 'ਚ ਅੰਤਰਰਾਸ਼ਟਰੀ ਸਮਾਗਮ ਸਰੀ ਸ਼ਹਿਰ ਵਿਚ ਕਰਵਾਇਆ ਗਿਆ, ਜਿਸ ਵਿਚ ਇੰਗਲੈਂਡ, ਅਮਰੀਕਾ ਅਤੇ ਭਾਰਤ ਦੇ ਨੁਮਾਇੰਦੇ ਸ਼ਾਮਲ ਹੋਏ। ਸਵੇਰ ਵੇਲੇ ਇਹ ਸਮਾਗਮ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਸ੍ਰੀ ਅਖੰਡ ਪਾਠ ਜੀ ਦੀ ਸੰਪੂਰਨਤਾ ਉਪਰੰਤ ਕੀਰਤਨ ਦਰਬਾਰ ਨਾਲ ਸ਼ੁਰੂ ਹੋਇਆ। ਸੰਸਥਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਨੇ ਹਾਜ਼ਰੀਨ ਸੰਗਤ ਨੂੰ ਜੀ ਆਇਆਂ ਆਖਿਆ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 301ਵੇਂ ਜਨਮ ਦਿਨ 'ਤੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਵਧਾਈ ਪੇਸ਼ ਕੀਤੀ। ਸਰਬਜੀਤ ਸਿੰਘ 'ਰਾਮਦਾਸ ਵਾਲੇ' ਅਤੇ ਇਕਬਾਲ ਸਿੰਘ 'ਲੁਧਿਆਣੇ ਵਾਲੇ' ਰਾਗੀ ਜੱਥਿਆਂ ਨੇ ਕੀਰਤਨ ਰਾਹੀਂ, ਪੁਨੀਤ ਕੌਰ ਜੱਬਲ ਅਤੇ ਜੈਯਾ ਕੌਰ ਜੱਬਲ ਨੇ ਗੁਰਬਾਣੀ ਗਾਇਨ ਰਾਹੀਂ ਅਤੇ ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ ਦੇ ਸੰਚਾਲਕ ਨਰਿੰਦਰ ਸਿੰਘ ਪਨੇਸਰ ਦੀ ਰਹਿਨੁਮਾਈ ਹੇਠ ਮਨਰੀਤ ਕੌਰ, ਹਰਗੁਣ ਕੌਰ, ਪ੍ਰਮਦੀਪ ਕੌਰ, ਕੁਦਰਤ ਕੌਰ, ਸੋਨਲ ਕੌਰ ਤੇ ਜਸਕੀਰਤ ਸਿੰਘ ਨੇ ਸੰਗੀਤ ਸਾਜ਼ਾਂ ਦੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਬੰਤਾ ਸਿੰਘ ਸੱਭਰਵਾਲ ਨੇ ਆਪਣੀ ਕਵਿਤਾ ਰਾਹੀਂ ਰਾਮਗੜ੍ਹੀਆ ਸਰਦਾਰ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਖੂਬ ਵਰਨਣ ਕੀਤਾ। ਮੰਗਲ ਸਿੰਘ ਪੱਡਾ ਦੇ ਢਾਡੀ ਜੱਥੇ ਨੇ ਵਾਰਾਂ ਨਾਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਨੂੰ ਕੀਰਤੀਮਾਨ ਕੀਤਾ। ਸ਼ਾਮ ਦਾ ਸਮਾਗਮ ਬੰਬੇ ਬੈਂਕੁਇਟ ਹਾਲ 'ਓ ਕੈਨੇਡਾ' ਦੇ ਨੈਸ਼ਨਲ ਗਾਇਨ ਅਤੇ 'ਦੇਹ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਰਚਨਾ ਨਾਲ ਸ਼ੁਰੂ ਹੋਇਆ।

ਦੋਹਾਂ ਸਮਾਗਮਾਂ ਦੌਰਾਨ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਸਰਪ੍ਰਸਤ ਗਿਆਨ ਸਿੰਘ ਸੰਧੂ ਨੇ ਬੜੀ ਹੀ ਸੰਜੀਦਗੀ ਨਾਲ 'ਫ਼ਖ਼ਰ-ਏ-ਕੌਮ' ਮਹਾਰਾਜਾ ਜੱਸਾ ਸਿੰਘ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਣ ਲਈ ਤੇ ਆਪਾ ਤਰਾਸ਼ਣ ਲਈ ਸੁਚੇਤ ਕੀਤਾ। ਪ੍ਰਸਿੱਧ ਫੋਟੋ ਪੱਤਰਕਾਰ, 'ਗਦਰੀ ਯੋਧੇ' ਤੇ ਸਿੱਖ ਇਤਿਹਾਸ ਦੇ ਨਾਮਵਰ ਖੋਜੀ ਵਿਦਵਾਨ ਲੇਖਕ ਜੈਤੇਗ ਸਿੰਘ ਅਨੰਤ ਨੇ ਸਰੋਤਿਆਂ ਨੂੰ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪਿਛਲੇ ਸਾਲਾਂ ਵਿਚ ਕੀਤੇ ਕਾਰਜਾਂ ਨਾਲ ਜੋੜਿਆ। ਉਨ੍ਹਾਂ 'ਰਾਮਗੜ੍ਹੀਆ ਵਿਰਾਸਤ' ਨਾਮੀ ਸੁਚਿੱਤਰ ਕੌਫੀ ਟੇਬਲ ਬੁੱਕ, ਸਿੱਖ ਸੋਚ ਦੇ ਮੁਦੱਈ, ਖੋਜੀ ਵਿਦਵਾਨ, ਮੇਰਾ ਪਿੰਡ ਦੇ ਰਚੇਤਾ ਗਿਆਨੀ ਗੁਰਦਿੱਤ ਸਿੰਘ, ਜਗਤ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਅਤੇ ਪ੍ਰਸਿੱਧ ਲੇਖਕ, ਆਲੋਚਕ, ਸੰਪਾਦਕ ਤੇ ਅਨੁਵਾਦਕ ਪ੍ਰਿੰ. ਹਰਿਭਜਨ ਸਿੰਘ ਵਰਗੀਆਂ ਸ਼ਖਸੀਅਤਾਂ ਦੇ ਜਨਮ ਦਿਨ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਵਧ-ਚੜ੍ਹ ਕੇ ਮਨਾਉਣ ਦਾ ਜ਼ਿਕਰ ਕੀਤਾ।

ਰਾਮਗੜ੍ਹੀਆ ਕੌਂਸਲ ਯੂ.ਕੇ. ਦੇ ਮੌਜੂਦਾ ਸਹਾਇਕ ਸਕੱਤਰ, ਸਾਬਕਾ ਪ੍ਰਧਾਨ ਤੇ ਰਾਮਗੜ੍ਹੀਆ ਬੋਰਡ ਲੈਸਟਰ (ਯੂ.ਕੇ.) ਦੇ ਜਨਰਲ ਸਕੱਤਰ ਕਿਰਪਾਲ ਸਿੰਘ ਸੱਗੂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਤੋਂ ਲੈ ਕੇ ਪਿਤਾ ਗਿਆਨੀ ਭਗਵਾਨ ਸਿੰਘ ਦੀ ਸ਼ਹਾਦਤ, ਵਜ਼ੀਰਾਬਾਦ ਦੀ ਜੰਗ ਉਪਰੰਤ ਜੱਸਾ ਸਿੰਘ ਨੂੰ ਭਰਾਵਾਂ ਸਮੇਤ ਪੰਜ ਪਿੰਡ ਇਨਾਮ ਵਿਚ ਮਿਲਣੇ, ਰਾਮਰੌਣੀ ਦੇ ਕਿਲ੍ਹੇ ਦੀ ਉਸਾਰੀ, ਰਾਮਗੜ੍ਹੀਆ ਪਦਵੀ ਪਾਉਣੀ, ਦਿੱਲੀ ਫਤਹਿ ਕਰਕੇ ਤਾਜਪੋਸ਼ੀ ਵਾਲੀ ਸਿੱਲ੍ਹ ਨੂੰ ਲਾਲ ਕਿਲ੍ਹੇ ਵਿਚੋਂ ਪੁੱਟ ਕੇ ਦਰਬਾਰ ਸਾਹਿਬ ਕੰਪਲੈਕਸ ਸਥਿਤ ਰਾਮਗੜ੍ਹੀਆ ਬੁੰਗੇ ਵਿਚ ਸਜਾਉਣ ਦਾ ਸਾਰਾ ਇਤਿਹਾਸ ਸਾਂਝਾ ਕੀਤਾ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਅਤੇ ਉੱਘੇ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਨੂੰ ਅਕਾਦਮਿਕ ਪੱਖੋਂ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਦਾਦਾ ਹਰਿਦਾਸ ਸਿੰਘ ਤੇ ਪਿਤਾ ਭਗਵਾਨ ਸਿੰਘ ਤੋਂ ਲੈ ਕੇ ਸ. ਜੱਸਾ ਸਿੰਘ ਤੱਕ ਸਾਰਾ ਪਰਿਵਾਰ ਹੀ ਗੁਰੂ ਦਰ ਤੇ ਘਰ ਨਾਲ ਤਨੋਂ, ਮਨੋਂ ਜੁੜਿਆ ਹੋਇਆ ਸੀ। ਦਲ ਖਾਲਸਾ ਦੇ ਜ਼ਬਤ ਵਿਚ ਰਹਿ ਕੇ ਪੰਥਕ ਏਕਤਾ, ਸ੍ਰੀ ਦਰਬਾਰ ਸਾਹਿਬ ਦੀ ਰਾਖੀ ਅਤੇ ਵੱਡੇ ਘਲੂਘਾਰੇ ਸਮੇਂ ਅਬਦਾਲੀ ਨਾਲ ਦੋ ਹੱਥ ਕੀਤੇ ਤੇ ਮੈਦਾਨੇ ਜੰਗ ਵਿਚ ਦੋਵੇਂ ਜੱਸਾ ਸਿੰਘ (ਆਹਲੂਵਾਲੀਆ ਤੇ ਰਾਮਗੜ੍ਹੀਆ) ਨੇ ਸਾਂਝੇ ਤੌਰ 'ਤੇ ਅਗਵਾਈ ਕੀਤੀ। ਰਾਮਰੌਣੀ ਦੇ ਘੇਰੇ ਸਮੇਂ ਦਲ ਖਾਲਸਾ 'ਚ ਪੰਥਕ ਏਕਤਾ ਦੀ ਮਿਸਾਲ ਕਾਇਮ ਕੀਤੀ ਤਾਂ ਜਿੱਤ ਦੇ ਸਦਕੇ ਸਮੁੱਚੇ ਖਾਲਸਾ ਦਲ ਵੱਲੋਂ ਰਾਮਰੌਣੀ ਦੇ ਕਿਲ੍ਹੇ ਨੂੰ ਰਾਮਗੜ੍ਹ ਅਤੇ ਜੁਝਾਰੂ ਜੱਸਾ ਸਿੰਘ ਨੂੰ 'ਰਾਮਗੜ੍ਹੀਆ' ਆਖ ਕੇ ਸੰਬੋਧਨ ਕੀਤਾ। ਮਿਸਲਾਂ ਦੇ ਹੋਂਦ 'ਚ ਆਉਣ ਸਮੇਂ ਰਾਮਗੜ੍ਹੀਆ ਮਿਸਲ ਦਾ ਜੱਥੇਦਾਰ ਬਣਿਆ। ਪਹਾੜੀ ਰਾਜਿਆਂ ਤੇ ਦਿੱਲੀ ਲਾਗਲੇ ਨਵਾਬਾਂ ਕੋਲੋਂ ਜਿੱਤ ਦੇ ਨਜ਼ਰਾਨੇ ਲੈਣ ਅਤੇ ਸਾਲਾਨਾ ਕਰ ਉਗਰਾਹੁਣ ਕਰਕੇ ਮਹਾਰਾਜਾ ਦੀ ਪਦਵੀ ਪਾਈ।

ਰਾਮਗੜ੍ਹੀਆ ਕਾਉਂਸਲ ਯੂ.ਕੇ. ਦੇ ਪਬਲਿਕ ਰੀਲੇਸ਼ਨ ਲਛਮਨ ਸਿੰਘ ਬੰਮਰਾ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਅਤੇ 301ਵੇਂ ਸਾਲਾਨਾ ਸਮਾਗਮਾਂ ਦੀ ਪਿੱਠ ਭੂਮੀ ਦੇ ਪ੍ਰਾਜੈਕਟਾਂ ਤੇ ਕੰਮਾਂਕਾਰਾਂ 'ਤੇ ਰੌਸ਼ਨੀ ਪਾਈ। ਉਨ੍ਹਾਂ ਦੱਸਿਆ ਕਿ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੇ ਇੰਡੀਆ ਤੋਂ ਬਾਹਰ ਪਹਿਲਾ ਰਾਮਗੜ੍ਹੀਆ ਗੇਟ ਉਸਾਰਿਆ। ਦਿੱਲੀ ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਬੁੱਤ ਵੀ ਦਿੱਲੀ ਜੇਤੂ ਸਰਦਾਰਾਂ 'ਚ ਸ਼ਾਮਲ ਕੀਤਾ ਗਿਆ। ਇੰਗਲੈਂਡ ਦੇ ਗੁਰਦੁਆਰਾ ਸਾਹਿਬ ਰਾਮਗੜ੍ਹੀਆ ਸਭਾ ਡਰਬੀ ਸ਼ਹਿਰ 'ਚ ਰਾਮਗੜ੍ਹੀਆ ਗੇਟ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਸੁੰਦਰ ਬੁੱਤ ਇਸ 301ਵੇਂ ਜਨਮ ਦਿਨ 'ਤੇ 6 ਮਈ 2024 ਨੂੰ ਲਾਇਆ ਗਿਆ।

ਰਾਮਗੜ੍ਹੀਆ ਵਿਸ਼ਵਕਰਮਾ ਫਰੰਟ ਪੰਜਾਬ ਇਕਾਈ ਦੇ ਪ੍ਰਧਾਨ ਤੇ ਚੰਡੀਗੜ੍ਹ ਗਵਰਨਿੰਗ ਕੌਂਸਲ ਦੇ ਮੈਂਬਰ ਮਾਤਾ ਰਾਮ ਧੀਮਾਨ ਕਿਹਾ ਕਿ ਇਕ ਕਿਰਤੀ ਪਰਿਵਾਰ ਵਿਚੋਂ ਜੰਮੇ ਪਲੇ ਜੱਸਾ ਸਿੰਘ ਹੁਕਮਰਾਨ ਅਤੇ ਰਾਮਗੜ੍ਹੀਆ ਮਿਸਲ ਦੇ ਜੱਥੇਦਾਰ ਬਣੇ। ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਰਾਮਗੜ੍ਹ ਦਾ ਕਿਲ੍ਹਾ ਬਣਾਇਆ ਅਤੇ ਜਿੰਨੀ ਵਾਰ ਵੀ ਵੈਰੀਆਂ ਨੇ ਢਾਹਿਆ, ਉਨੀ ਵਾਰ ਹੀ ਨਵੇਂ ਸਿਰਿਉਂ ਉਸਾਰਿਆ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਰਾਜ ਦੀ ਸੁਰੱਖਿਆ ਲਈ 360 ਕਿਲ੍ਹੇ ਬਣਵਾਏ ਅਤੇ ਅਠਾਰਵੀਂ ਸਦੀ ਦੇ ਕਿਸੇ ਹੋਰ ਮਿਸਲਦਾਰ ਜਾਂ ਰਾਜੇ ਮਹਾਰਾਜੇ ਨੇ ਆਪਣੇ ਜੀਵਨ ਕਾਲ ਵਿਚ ਏਨੇ ਕਿਲ੍ਹੇ ਨਹੀਂ ਬਣਵਾਏ।

ਇਸ ਸਮਾਗਮ 'ਚ ਸ਼ਾਮਲ ਹੋਈਆਂ ਸਿਆਸੀ ਸਖਸ਼ੀਅਤਾਂ ਵਿਚ ਸੁੱਖ ਧਾਲੀਵਾਲ (ਐੱਮ.ਪੀ. ਸਰੀ-ਨੀਊਟਨ), ਟਿੱਮ ਉੱਪਲ (ਐੱਮ.ਪੀ. ਐਡਮਿੰਟਨ ਮਿਲ-ਵੁੱਡ), ਜਸਰਾਜ ਸਿੰਘ ਹੱਲਣ (ਐੱਮ.ਪੀ. ਕੈਲਗਰੀ ਫਾਰੈੱਸਟ ਲਾਣ), ਜਗਰੂਪ ਬਰਾੜ (ਐੱਮ.ਐੱਲ.ਏ.), ਕਿਰਤ ਮੰਤਰੀ ਹੈਰੀ ਬੈਂਸ, ਵਿਦਿਆ ਮੰਤਰੀ ਰਚਨਾ, ਜਿਨੀ ਸਿੰਮਜ਼ (ਐੱਮ.ਐੱਲ.ਏ.) ਅਤੇ ਸਰੀ ਦੇ ਸਿਟੀ ਕਾਉਂਸਲਰ ਮਾਈਕ ਬੋਸ ਨੇ ਸਿੱਖ ਕਮਿਊਨਿਟੀ ਵੱਲੋਂ ਅਤੇ ਸਭਾ ਸੁਸਾਇਟੀਆ ਵੱਲੋਂ ਬਹੁ ਸੱਭਿਅਕ ਦੇਸ਼ ਕੈਨੇਡਾ ਵਿਚ ਪਾਏ ਜਾ ਰਹੇ ਯੋਗਦਾਨ ਦੀ ਸਰਾਹਨਾ ਕੀਤੀ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 301 ਸਾਲਾ ਸਮਾਗਮ ਦੀ ਵਧਾਈ ਸਾਂਝੀ ਕੀਤੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ਪੰਜਾਬ ਮੇਲ USA

# ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਬੀਤੇ ਦਿਨੀਂ ਗ਼ਜ਼ਲ ਮੰਚ ਸਰੀ ਵੱਲੋਂ ਜਗਰਾਉਂ (ਪੰਜਾਬ) ਤੋਂ ਆਏ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਮੰਚ ਦੇ ਸਕੱਤਰ ਦਵਿੰਦਰ ਗੌਤਮ ਨੇ ਮੰਚ ਵੱਲੋਂ ਰਾਜਦੀਪ ਤੂਰ ਦਾ ਸਵਾਗਤ ਕੀਤਾ ਅਤੇ ਉਸ ਬਾਰੇ ਸੰਖੇਪ ਜਾਣਕਾਰੀ ਮੰਚ ਦੇ ਦੋਸਤਾਂ ਨਾਲ ਸਾਂਝੀ ਕੀਤੀ। ਦਵਿੰਦਰ ਨੇ ਦੱਸਿਆ ਕਿ ਰਾਜਦੀਪ ਤੂਰ ਪੰਜਾਬੀ ਦਾ ਪਿਆਰਾ ਸ਼ਾਇਰ ਹੈ। ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਵੱਦੀ ਕਲਾਂ ਦੇ ਜੰਮਪਲ ਰਾਜਦੀਪ ਤੂਰ ਨੂੰ ਲਿਖਣ ਦੀ ਚੇਟਕ ਆਪਣੇ ਪਿਤਾ ਤੋਂ ਲੱਗੀ। ਉਸ ਦੇ ਪਿਤਾ ਸਵ. ਰਾਜਿੰਦਰ ਸਿੰਘ ਰਾਜ਼ ਸਵੱਦੀ ਆਪਣੇ ਸਮੇਂ ਦੇ ਵਧੀਆ ਕਹਾਣੀ ਲੇਖਕ ਸਨ ।




ਰਾਜਦੀਪ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨਾਲ ਲਬਰੇਜ਼ ਹੈ। ਉਸ ਦੀਆਂ ਗ਼ਜ਼ਲਾਂ ਸ਼ਾਇਰ ਦੀ ਸਮਾਜਿਕ ਚੇਤਨਤਾ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ। ਉਦਾਸੀ ਅਤੇ ਨਿਰਾਸ਼ਾ ਨੂੰ ਉਸਾਰੂ ਰੂਪ ਵਿਚ ਪ੍ਰਗਟ ਕਰ ਕੇ ਜ਼ਿੰਦਗੀ ਨੂੰ ਸਮਝਣ ਅਤੇ ਮਾਨਣ ਦਾ ਸੁਨੇਹਾ ਉਹ ਆਪਣੀ ਸ਼ਾਇਰੀ ਰਾਹੀਂ ਦਿੰਦਾ ਹੈ।

ਰਾਜਦੀਪ ਤੂਰ ਨੇ ਆਪਣੇ ਸਾਹਿਤਿਕ ਸਫ਼ਰ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਉਸ ਦਾ ਇੱਕ ਗਜ਼ਲ ਸੰਗ੍ਰਹਿ 'ਰੂਹ ਵੇਲਾ' ਪ੍ਰਕਾਸ਼ਿਤ ਹੋ ਚੁੱਕਿਆ ਹੈ। ਇਹ ਗਜ਼ਲ ਸੰਗ੍ਰਹਿ ਸ਼ਾਹਮੁਖੀ ਵਿਚ ਵੀ ਛੱਪ ਚੁੱਕਿਆ ਹੈ। ਇਸ ਤੋਂ ਇਲਾਵਾ ਕਈ ਸਾਂਝੀਆਂ ਕਾਵਿ-ਪੁਸਤਕਾਂ ਵਿਚ ਵੀ ਉਸ ਦੀਆਂ ਰਚਨਾਵਾਂ ਸ਼ਾਮਲ ਹਨ। ਪੰਜਾਬ ਅਤੇ ਵਿਸ਼ੇਸ਼ ਕਰਕੇ ਲੁਧਿਆਣਾ ਦੀਆਂ ਸਾਹਿਤਿਕ ਸਰਗਰਮੀਆਂ ਬਾਰੇ ਵੀ ਉਸ ਨੇ ਖੁੱਲ੍ਹ ਕੇ ਗੱਲਬਾਤ ਕੀਤੀ। ਪੰਜਾਬ ਵਿਚਲੀਆਂ ਸਾਹਿਤ ਸਭਾਵਾਂ ਅਤੇ ਕੈਨੇਡੀਅਨ ਸਾਹਿਤ ਸਰਗਰਮੀਆਂ ਬਾਰੇ ਵੀ ਗੱਲਬਾਤ ਹੋਈ। ਰਾਜਦੀਪ ਨੇ ਦੱਸਿਆ ਕਿ ਪੰਜਾਬ ਦੇ ਸਾਹਿਤਿਕ ਹਲਕਿਆਂ ਵਿਚ ਗ਼ਜ਼ਲ ਮੰਚ ਸਰੀ ਦੀ ਗੂੜ੍ਹੀ ਪਛਾਣ ਬਣ ਚੁੱਕੀ ਹੈ ਅਤੇ ਵਿਸ਼ੇਸ਼ ਕਰਕੇ ਪੰਜਾਬੀ ਗ਼ਜ਼ਲਗੋ ਇਸ ਸੰਸਥਾ ਦੀਆਂ ਸਰਗਰਮੀਆਂ ਅਤੇ ਇਸ ਦੇ ਸ਼ਾਇਰਾਂ ਤੋਂ ਬੇਹੱਦ ਪ੍ਰਭਾਵਿਤ ਹੋ ਰਹੇ ਹਨ। ਇਸ ਮੌਕੇ ਉਸ ਨੇ ਆਪਣੀਆਂ ਕੁਝ ਗਜ਼ਲਾਂ ਮੰਚ ਦੇ ਸ਼ਾਇਰਾਂ ਨਾਲ ਸਾਂਝੀਆਂ ਕੀਤੀਆਂ।

ਰਾਜਦੀਪ ਨੇ ਆਪਣੇ ਸਵਰਗੀ ਪਿਤਾ ਰਾਜਿੰਦਰ ਰਾਜ਼ ਸਵੱਦੀ ਦੇ ਕਹਾਣੀ ਸੰਗ੍ਰਹਿ 'ਜ਼ਿੰਦਗੀ ਵਿਕਦੀ ਨਹੀਂ' ਨੂੰ ਮੁੜ ਪ੍ਰਕਾਸ਼ਿਤ ਕਰਨ ਬਾਰੇ ਵੀ ਗੱਲਬਾਤ ਸਾਂਝੀ ਕੀਤੀ ਅਤੇ ਇਸ ਮੌਕੇ ਇਹ ਕਿਤਾਬ ਗਜ਼ਲ ਮੰਚ ਦੇ ਮੈਂਬਰਾਂ ਵੱਲੋਂ ਰਿਲੀਜ਼ ਕੀਤੀ ਗਈ। ਇਸੇ ਤਰ੍ਹਾਂ ਮੰਚ ਦੇ ਮੈਂਬਰਾਂ ਕੋਲ ਪਹੁੰਚੀ ਸੁਰਿੰਦਰਪ੍ਰੀਤ ਘਣੀਆ ਬਾਰੇ ਪ੍ਰਕਾਸ਼ਿਤ ਪੁਸਤਕ 'ਸੁਰਿੰਦਰਪ੍ਰੀਤ ਘਣੀਆ ਦੀ ਗਜ਼ਲ ਚੇਤਨਾ' ਵੀ ਮੰਚ ਵੱਲੋਂ ਰਿਲੀਜ਼ ਕੀਤੀ ਗਈ। ਇਸ ਸਾਹਿਤਿਕ ਇਕੱਤਰਤਾ ਦੌਰਾਨ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫਿਰੋਜ਼, ਗੁਰਮੀਤ ਸਿੱਧੂ ਅਤੇ ਬਿੰਦੂ ਮਠਾੜੂ ਮੌਜੂਦ ਸਨ।

# ਪੰਜਾਬ ਪੁਲਿਸ ਵੱਲੋਂ ਲਾਰੈਂਸ ਬਿਸ਼ਨੋਈ ਦੀ ਹਮਾਇਤ ਪ੍ਰਾਪਤ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼

## ਤਿੰਨ ਪਿਸਤੌਲਾਂ ਸਮੇਤ ਦੋ ਕਾਬੂ



**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹਮਾਇਤ ਪ੍ਰਾਪਤ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਹਰਸ਼ਦੀਪ ਸਿੰਘ ਵਾਸੀ ਪਿੰਡ ਰੱਤੋਕੇ, ਤਰਨਤਾਰਨ ਅਤੇ ਸ਼ੁਭਮ ਕੁਮਾਰ ਵਾਸੀ ਗੁਰੂ ਨਾਨਕਪੁਰਾ, ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਤਿੰਨ ਪਿਸਤੌਲਾਂ - ਦੋ 9 ਐੱਮ.ਐੱਮ. ਗਲੌਕ ਅਤੇ ਇੱਕ .30 ਬੋਰ ਦਾ ਪਿਸਤੌਲ - ਸਮੇਤ 13 ਜਿੰਦਾ ਕਾਰਤੂਸ ਅਤੇ ਦੋ ਮੋਬਾਈਲ ਫ਼ੋਨ ਵੀ ਬਰਾਮਦ ਕੀਤੇ ਹਨ ਅਤੇ ਉਨ੍ਹਾਂ ਦੀ ਟੋਇਟਾ ਫਾਰਚੂਨਰ ਕਾਰ (ਕੇ.ਏ. 42 ਐੱਮ 5357) ਨੂੰ ਵੀ ਜ਼ਬਤ ਕੀਤਾ ਹੈ।



ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇਸ ਰੈਕੇਟ ਦੇ ਰਾਜਸਥਾਨ ਆਧਾਰਿਤ ਇੱਕ ਹੋਰ ਕਾਰਕੁਨ ਭੁਪਿੰਦਰ ਸਿੰਘ, ਜੋ ਕਿ ਲਾਰੈਂਸ ਬਿਸ਼ਨੋਈ ਦਾ ਨਜ਼ਦੀਕੀ ਦੱਸਿਆ ਜਾਂਦਾ ਹੈ, ਨੂੰ ਵੀ ਮਾਮਲੇ 'ਚ ਨਾਮਜ਼ਦ ਕੀਤਾ ਹੈ। ਇਹ ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਹਥਿਆਰਾਂ ਦੀ ਖੇਪ ਅੱਗੇ ਅਪਰਾਧਿਕ ਤੱਤਾਂ ਨੂੰ ਭੇਜਣ ਲਈ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਭੁਪਿੰਦਰ ਸਿੰਘ ਨੂੰ ਕਾਬੂ ਕਰਨ ਲਈ ਪੁਲਿਸ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਮੁਲਜ਼ਮ ਹਰਸ਼ਦੀਪ ਸਿੰਘ ਅਤੇ ਭੁਪਿੰਦਰ ਸਿੰਘ, ਜੋ ਕਿ ਅਪਰਾਧਿਕ ਪਿਛੋਕੜ ਵਾਲੇ ਹਨ, ਜਿਨ੍ਹਾਂ ਦੇ ਖਿਲਾਫ ਐੱਨ.ਡੀ.ਪੀ.ਐੱਸ. ਅਤੇ ਅਸਲਾ ਐਕਟ ਦੇ ਕੇਸ ਦਰਜ ਹਨ, ਦੀ ਜਾਣ-ਪਛਾਣ ਫਿਰੋਜ਼ਪੁਰ ਜੇਲ੍ਹ ਵਿਚ ਹੋਈ ਸੀ। ਇਸ ਅਪ੍ਰੇਸ਼ਨ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.) ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਭਰੋਸੇਯੋਗ ਸੂਹ ਮਿਲੀ ਸੀ ਕਿ ਦੋਸ਼ੀ ਹਰਸ਼ਦੀਪ ਅਤੇ ਸ਼ੁਭਮ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਹੇ ਹਨ। ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਸੀ.ਆਈ.ਏ. ਸਟਾਫ਼ ਦੀਆਂ ਪੁਲਿਸ ਟੀਮਾਂ ਨੇ ਥਾਣਾ ਘਰਿੰਡਾ ਦੇ ਖੇਤਰ ਵਿਚ ਜਾਲ ਵਿਛਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਉਹ ਆਪਣੀ ਫਾਰਚੂਨਰ ਕਾਰ ਵਿਚ ਜਾ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ .30 ਬੋਰ ਦੇ ਪਿਸਤੌਲ ਸਮੇਤ 9 ਜਿੰਦਾ ਕਾਰਤੂਸ ਬਰਾਮਦ ਕੀਤੇ। ਬਾਅਦ ਵਿਚ, ਪੁਲਿਸ ਟੀਮਾਂ ਨੇ ਦੋਸ਼ੀ ਹਰਸ਼ਦੀਪ ਦੁਆਰਾ ਦੱਸੇ ਗਏ ਸਥਾਨ ਤੋਂ ਦੋ 9 ਐੱਮ.ਐੱਮ. ਗਲੌਕ ਪਿਸਤੌਲ ਵੀ ਬਰਾਮਦ ਕੀਤੇ।

ਉਨ੍ਹਾਂ ਕਿਹਾ ਕਿ ਇਸ ਰੈਕੇਟ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ। ਇਸ ਸਬੰਧੀ ਐੱਫ.ਆਈ.ਆਰ. ਨੰ. 135 ਮਿਤੀ 10-6-2024 ਨੂੰ ਅਸਲਾ ਐਕਟ ਦੀ ਧਾਰਾ 25 ਅਧੀਨ ਥਾਣਾ ਘਰਿੰਡਾ ਅੰਮ੍ਰਿਤਸਰ ਦਿਹਾਤੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।



# ਕੈਨੇਡਾ 'ਚ 10ਵੀਂ ਵਰਲਡ ਪੰਜਾਬੀ ਕਾਨਫ਼ਰੰਸ ਦੀਆਂ ਤਿਆਰੀਆਂ ਮੁਕੰਮਲ



ਸ਼੍ਰੀ ਅਜੈਬ ਸਿੰਘ ਚੱਠਾ, ਸ਼੍ਰੀ ਸਰਦੂਲ ਸਿੰਘ ਥਿਆੜਾ ਤੇ ਡਾ. ਸੰਤੋਖ ਸਿੰਘ ਸੰਧੂ।

**ਬਰੈਂਪਟਨ, (ਪੰਜਾਬ ਮੇਲ)-** ਓਨਟਾਰੀਓ ਫਰੈਂਡਜ਼ ਕਲੱਬ ਵਲੋਂ 5 ਤੋਂ 7 ਜੁਲਾਈ ਤੱਕ ਕਰਵਾਈ ਜਾਣ ਵਾਲੀ ਵਰਲਡ ਪੰਜਾਬੀ ਕਾਨਫਰੰਸ ਦੇ ਪ੍ਰਬੰਧਾਂ ਲਈ ਪ੍ਰਧਾਨ ਓ.ਐੱਫ.ਸੀ. ਬਰੈਂਪਟਨ ਡਾਕਟਰ ਸੰਤੋਖ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿਚ ਓ.ਐੱਫ.ਸੀ. ਤੇ ਜਗਤ ਪੰਜਾਬੀ ਸਭਾ ਦੇ ਮੈਂਬਰਾਂ ਨੇ ਹਿੱਸਾ ਲਿਆ। ਹਰੇਕ ਮੈਂਬਰ ਨੇ ਕਾਨਫ਼ਰੰਸ ਦੀ ਕਾਮਯਾਬੀ ਲਈ ਸਲਾਹ-ਮਸ਼ਵਰਾ ਕੀਤਾ ਤੇ ਸਹਿਯੋਗ ਦੇਣ ਦਾ ਵਿਸ਼ਵਾਸ ਦਿੱਤਾ। ਡਾਕਟਰ ਰਮਨੀ ਬੱਤਰਾ ਨੇ ਦੱਸਿਆ ਕਿ ਹਾਜ਼ਰ ਹੋਣ ਵਾਲੇ ਕਈ ਬੁੱਧੀਜੀਵੀਆਂ ਦੇ ਖੋਜ ਪੱਤਰਾਂ ਦੀ ਸੂਚੀ ਪੁੱਜ ਚੁੱਕੀ ਹੈ। ਸ਼੍ਰੀ ਸਰਦੂਲ ਸਿੰਘ ਥਿਆੜਾ ਨੇ ਦੱਸਿਆ ਕਿ ਪੰਜਾਬੀ ਪਿਆਰਿਆਂ, ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਬਹੁਤ ਸਾਰੀਆਂ ਰਾਜਨੀਤਿਕ ਤੇ ਧਾਰਮਿਕ ਸ਼ਖਸੀਅਤਾਂ ਨੂੰ ਸੱਦਾ ਪੱਤਰ ਦਿੱਤੇ ਗਏ ਹਨ। ਭਰਵੀਂ ਗਿਣਤੀ 'ਚ ਸ਼ਾਮਲ ਹੋਣ ਵਾਲੀਆਂ ਸ਼ਖਸੀਅਤਾਂ ਨੇ ਸਹਿਮਤੀ ਦੇ ਦਿੱਤੀ ਹੈ। ਦੇਸ਼-ਵਿਦੇਸ਼ ਦੇ ਕਈ ਨੇਤਾ ਵੀ ਕਾਨਫਰੰਸ ਵਿਚ ਸ਼ਾਮਲ ਹੋਣਗੇ। ਕਾਨਫਰੰਸ ਲਈ ਖਾਣੇ ਦਾ ਪ੍ਰਬੰਧ ਗੁਰਚਰਨ ਸਿੰਘ ਤੇ ਪ੍ਰਭਜੋਤ ਕੌਰ ਸੰਧੂ ਕਰਨਗੇ। ਸ਼੍ਰੀ ਅਜੈਬ ਸਿੰਘ ਚੱਠਾ ਨੇ ਦੱਸਿਆ ਕਿ ਬਰੈਂਪਟਨ ਸਿਟੀ ਵੱਲੋਂ ਵੀ ਇਸ ਕਾਨਫਰੰਸ ਨੂੰ ਸਫਲ ਬਣਾਉਣ ਸਬੰਧੀ ਸੰਪੂਰਨ ਸਹਿਯੋਗ ਮਿਲਣ ਦੀ ਉਮੀਦ ਹੈ। ਡਿਪਟੀ ਮੇਅਰ ਹਰਕੀਰਤ ਸਿੰਘ ਨੇ ਇਸ ਕਾਨਫਰੰਸ 'ਚ ਆਉਣਾ ਸਵੀਕਾਰ ਕਰ ਲਿਆ ਹੈ। ਕਾਨਫਰੰਸ 'ਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਅਤੇ ਮਹਿਮਾਨਾਂ ਦੇ ਰਹਿਣ ਦੀ ਜ਼ਿੰਮੇਵਾਰੀ ਡਾਕਟਰ ਸੰਤੋਖ ਸਿੰਘ ਸੰਧੂ ਨੂੰ ਸੌਂਪੀ ਗਈ ਹੈ। ਸ਼੍ਰੀ ਸੰਜੀਤ ਸਿੰਘ ਨੇ ਦੱਸਿਆ ਕਿ ਵਿਸ਼ਵ ਭਰ 'ਚੋਂ ਉੱਘੀਆਂ ਪੰਜ ਪੰਜਾਬੀ ਸ਼ਖਸੀਅਤਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਕਾਨਫਰੰਸ ਵਿਚ ਸਨਮਾਨਿਤ ਕੀਤਾ ਜਾਵੇਗਾ। ਸ਼੍ਰੀ ਅਮਰ ਸਿੰਘ ਭੁੱਲਰ ਸਰਪ੍ਰਸਤ ਵਰਲਡ ਪੰਜਾਬੀ ਕਾਨਫਰੰਸ ਨੇ ਦੱਸਿਆ ਕਿ ਕਾਨਫਰੰਸ ਦੀ ਸਾਰੀ ਕਰਵਾਈ ਸੰਸਾਰ ਭਰ ਵਿਚ ਆਨਲਾਈਨ ਦਿਖਾਈ ਜਾਵੇਗੀ। ਜਨਾਬ ਤਾਹਿਰ ਅਸਲਮ ਗੋਰਾ ਨੇ ਦੱਸਿਆ ਕਿ ਬਹੁਤ ਸਾਰੇ ਵੱਡੇ ਤੇ ਮਕਬੂਲ ਵਿਦਵਾਨ ਕਾਨਫਰੰਸ ਵਿਚ ਭਰਵਾਂ ਹਿੱਸਾ ਲੈਣਗੇ।

# ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਰਾਜ ਸਭਾ 'ਚ 10 ਸੀਟਾਂ ਹੋਈਆਂ ਖਾਲੀ

**ਨਵੀਂ ਦਿੱਲੀ, (ਪੰਜਾਬ ਮੇਲ)-** ਹਾਲ ਹੀ ਵਿਚ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਜ ਸਭਾ ਵਿਚ 10 ਸੀਟਾਂ ਖਾਲੀ ਹੋ ਗਈਆਂ ਹਨ। ਰਾਜ ਸਭਾ ਸਕੱਤਰੇਤ ਨੇ ਹੁਣ ਇਨ੍ਹਾਂ ਅਸਾਮੀਆਂ ਨੂੰ ਨੋਟੀਫਾਈ ਕੀਤਾ ਹੈ। ਇਨ੍ਹਾਂ ਵਿਚ ਅਸਾਮ, ਬਿਹਾਰ ਅਤੇ ਮਹਾਰਾਸ਼ਟਰ ਵਿਚ ਦੋ-ਦੋ, ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਤ੍ਰਿਪੁਰਾ ਵਿਚ ਇਕ-ਇਕ ਅਸਾਮੀਆਂ ਸ਼ਾਮਲ ਹਨ। ਇਹ ਅਸਾਮੀਆਂ ਕਾਮਾਖਿਆ ਪ੍ਰਸਾਦ ਤਾਸਾ (ਅਸਾਮ), ਸਰਬਾਨੰਦ ਸੋਨੋਵਾਲ (ਅਸਾਮ), ਮੀਸਾ ਭਾਰਤੀ (ਬਿਹਾਰ), ਵਿਵੇਕ ਠਾਕੁਰ (ਬਿਹਾਰ), ਦੀਪੇਂਦਰ ਸਿੰਘ ਹੁੱਡਾ (ਹਰਿਆਣਾ), ਜਯੋਤਿਰਦਿੱਤਿਆ ਸਿੰਧੀਆ (ਮੱਧ ਪ੍ਰਦੇਸ਼), ਉਦਯਨਰਾਜੇ ਭੌਂਸਲੇ (ਮਹਾਰਾਸ਼ਟਰ), ਪਿਯੂਸ਼ ਗੋਇਲ (ਮਹਾਰਾਸ਼ਟਰ), ਕੇ.ਸੀ. ਵੇਣੂਗੋਪਾਲ (ਰਾਜਸਥਾਨ) ਅਤੇ ਬਿਪਲਬ ਕੁਮਾਰ ਦੇਬ (ਤ੍ਰਿਪੁਰਾ) ਨਾਲ ਸਬੰਧਤ ਹਨ। ਇਹ ਸਾਰੇ ਹਾਲ ਹੀ ਵਿਚ ਖ਼ਤਮ ਹੋਈਆਂ ਲੋਕ ਸਭਾ ਚੋਣਾਂ ਵਿਚ ਜਿੱਤੇ ਹਨ।

**■ ਰਾਜ ਸਭਾ ਸਕੱਤਰੇਤ ਵੱਲੋਂ ਨੋਟੀਫਿਕੇਸ਼ਨ ਜਾਰੀ**

ਸੀਟਾਂ ਖਾਲੀ ਹੋਣ ਦਾ ਵੇਰਵਾ ਦਿੰਦੇ ਹੋਏ ਆਪਣੀ ਨੋਟੀਫਿਕੇਸ਼ਨ ਵਿਚ ਰਾਜ ਸਭਾ ਸਕੱਤਰੇਤ ਨੇ ਕਿਹਾ, "ਲੋਕ ਪ੍ਰਤੀਨਿਧ ਐਕਟ, 1951 ਦੀ ਧਾਰਾ 69 ਦੀ ਉਪ ਧਾਰਾ (2) ਦੇ ਨਾਲ-ਨਾਲ ਧਾਰਾ 67 ਏ ਅਤੇ ਧਾਰਾ 68 ਦੀ ਉਪ ਧਾਰਾ (4) ਦੇ ਪ੍ਰਬੰਧਾਂ ਦੀ ਪਾਲਣਾ ਵਿਚ, 18ਵੀਂ ਲੋਕ ਸਭਾ ਦੇ ਮੈਂਬਰ ਵਜੋਂ ਚੁਣੇ ਜਾਣ ਦੀ ਤਰੀਕ ਮਤਲਬ 4 ਜੂਨ ਤੋਂ ਰਾਜ ਸਭਾ ਦੇ ਮੈਂਬਰ ਨਹੀਂ ਰਹੇ।" ਇਸ ਨੋਟੀਫਿਕੇਸ਼ਨ ਤੋਂ ਬਾਅਦ ਹੁਣ ਚੋਣ ਕਮਿਸ਼ਨ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਇਨ੍ਹਾਂ ਆਸਾਮੀਆਂ ਨੂੰ ਭਰਨ ਵਾਸਤੇ ਚੋਣਾਂ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕਰੇਗਾ।

# ਕਰੀਕਸਾਈਡ ਐਲੀਮੈਂਟਰੀ ਸਕੂਲ ਸਰੀ ਦੇ ਅਧਿਆਪਕ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕਰੀਕਸਾਈਡ ਐਲੀਮੈਂਟਰੀ ਸਕੂਲ ਸਰੀ ਦੇ ਅਧਿਆਪਕ ਅਤੇ ਉਨ੍ਹਾਂ ਦੇ ਸਹਾਇਕ ਬੀਤੇ ਦਿਨੀਂ ਕੁਝ ਹੋਰ ਧਾਰਮਿਕ ਅਸਥਾਨਾਂ ਦੇ ਨਾਲ-ਨਾਲ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਵੀ ਨਤਮਸਤਕ ਹੋਏ। ਉਹ ਸਿੱਖ ਧਰਮ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਅਤੇ ਕਲਚਰ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਲਵੰਤ ਸਿੰਘ ਸੰਘੇੜਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸਥਾਰ ਵਿਚ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਸਿੱਖ ਧਰਮ ਬਾਰੇ ਕੁਝ ਸਵਾਲ ਪੁੱਛੇ।

ਅਧਿਆਪਕਾਂ ਨੇ ਕਿਹਾ ਕਿ ਗਿਆਨ ਅਤੇ ਸੋਚ ਵਿਚ ਬਹੁਤ ਵਾਧਾ ਕਰਨ ਲਈ ਵੱਖ-ਵੱਖ ਧਰਮਾਂ ਬਾਰੇ ਜਾਣਕਾਰੀ ਹਾਸਿਲ ਕਰਨੀ ਚਾਹੀਦੀ ਹੈ। ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦਾ ਮਾਣ-ਸਤਿਕਾਰ ਕਰਨ ਲਈ ਬਲਵੰਤ ਸਿੰਘ ਸੰਘੇੜਾ ਅਤੇ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ, ਕੁਝ ਯਾਦਗਾਰੀ ਤਸਵੀਰਾਂ ਖਿੱਚੀਆਂ ਅਤੇ ਗੁਰੂ ਕੇ ਲੰਗਰ ਦਾ ਆਨੰਦ ਮਾਣਿਆ।

# ਜਲੰਧਰ ਜ਼ਿਮਨੀ ਚੋਣ: ਉਮੀਦਵਾਰ ਨੂੰ ਲੈ ਕੇ ਭਾਜਪਾ ਵਿਚ ਬੇਯਕੀਨੀ !

**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿਚ ਜਿਹੜੇ ਆਗੂ ਕਰਕੇ ਉਪ ਚੋਣ ਹੋ ਰਹੀ ਹੈ, ਉਹੀ ਆਗੂ ਸ਼ੀਤਲ ਅੰਗੁਰਾਲ ਮੁੜ ਚੋਣ ਨਹੀਂ ਲੜ ਰਿਹਾ। ਹਾਲਾਂਕਿ ਭਾਜਪਾ ਵਿਚ ਗਏ ਸ਼ੀਤਲ ਅੰਗੁਰਾਲ ਦੇ ਭਰਾ ਰਾਜਨ ਅੰਗੁਰਾਲ ਨੇ ਤਾਂ ਆਪਣੇ ਭਰਾ ਦੇ ਪੋਸਟਰਾਂ ਦਾ ਡਿਜ਼ਾਇਨ ਵੀ ਤਿਆਰ ਕਰਵਾ ਲਿਆ ਸੀ ਤੇ ਉਸ ਨੂੰ ਸੋਸ਼ਲ ਮੀਡੀਆ 'ਤੇ ਵੀ ਪਾ ਦਿੱਤਾ ਸੀ ਪਰ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਹੈ। ਭਾਜਪਾ ਵਿਚ ਉਮੀਦਵਾਰ ਨੂੰ ਲੈ ਕੇ ਬੇਯਕੀਨੀ ਬਣੀ ਹੋਈ ਹੈ।

ਭਾਜਪਾ ਦੇ ਜਨਰਲ ਸਕੱਤਰ (ਸੰਗਠਨ) ਪੰਜਾਬ ਸ੍ਰੀਨਿਵਾਸਨ ਦੇ ਜਲੰਧਰ ਆਉਣ ਦੀ ਉਮੀਦ ਹੈ। ਸਾਬਕਾ ਕੌਂਸਲਰ ਅਤੇ ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੀ ਪਤਨੀ ਸੁਨੀਤਾ ਰਿੰਕੂ ਦਾ ਨਾਂ ਸਭ ਤੋਂ ਅੱਗੇ ਚੱਲ ਰਿਹਾ ਹੈ। ਸਿਵਲ ਹਸਪਤਾਲ ਦੇ ਸੇਵਾਮੁਕਤ ਡਾਕਟਰ ਤੇ 'ਆਪ' ਆਗੂ ਡਾ. ਸ਼ਿਵ ਦਿਆਲ ਮਾਲੀ ਅਤੇ ਸਾਬਕਾ ਕੌਂਸਲਰ ਵਰਜੇਸ਼ ਮਿੰਟੂ ਦਾ ਨਾਂ ਵੀ ਚਰਚਾ ਵਿਚ ਹੈ। ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੁਰਾਲ ਕਿਸੇ ਵੇਲੇ ਕੱਟੜ ਦੁਸ਼ਮਣ ਸਨ ਪਰ ਦੋ ਮਹੀਨੇ ਪਹਿਲਾਂ ਚੰਗੇ ਸਿਆਸੀ ਦੋਸਤ ਬਣ ਗਏ ਸਨ। ਹੁਣ ਜਦੋਂ ਅੰਗੁਰਾਲ ਅਤੇ ਰਿੰਕੂ ਦੀ ਪਤਨੀ ਉਪ ਚੋਣ ਵਿਚ ਟਿਕਟ ਲੈਣ ਲਈ ਆਹਮੋ-ਸਾਹਮਣੇ ਹਨ, ਤਾਂ ਉਹ ਫਿਰ ਸਿਆਸੀ ਦੁਸ਼ਮਣ ਬਣ ਗਏ ਹਨ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## 8 ਮੰਤਰੀਆਂ ਤੇ 57 ਵਿਧਾਇਕਾਂ ਦੇ ਹਲਕਿਆਂ 'ਚ 'ਆਪ'...

ਮੁੱਖ ਮੰਤਰੀ ਭਗਵੰਤ ਮਾਨ ਦੀ ਵਜ਼ਾਰਤ ਦੇ ਅੱਠ ਮੰਤਰੀ ਆਪਣੇ ਹਲਕਿਆਂ ਵਿਚ ਪਾਰਟੀ ਉਮੀਦਵਾਰਾਂ ਨੂੰ ਜਿਤਾਉਣ ਵਿਚ ਅਸਫਲ ਰਹੇ ਹਨ। ਜਦਕਿ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੇ ਹਲਕਿਆਂ ਵਿਚ ਪਾਰਟੀ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਪਾਰਟੀ ਦੇ 57 ਵਿਧਾਇਕਾਂ ਦੇ ਹਲਕਿਆਂ 'ਚ ਆਪ ਦੇ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਜਿਹੜੇ ਮੰਤਰੀਆਂ ਦੇ ਹਲਕਿਆਂ 'ਚ ਆਪ ਦੀ ਸਰਦਾਰੀ ਕਾਇਮ ਰਹੀ ਹੈ, ਉਨ੍ਹਾਂ ਵਿਚ ਮੁੱਖ ਮੰਤਰੀ ਭਗਵੰਤ ਮਾਨ (ਧੂਰੀ), ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ (ਦਿੜ੍ਹਬਾ), ਨਵੀ ਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ (ਸੁਨਾਮ), ਗੁਰਮੀਤ ਸਿੰਘ ਮੀਤ ਹੇਅਰ ਬਰਨਾਲਾ (ਉਮੀਦਵਾਰ ਸੰਗਰੂਰ), ਪ੍ਰਵਾਸੀ ਮਾਮਲਿਆਂ ਵਿਭਾਗ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ), ਸਿਹਤ ਮੰਤਰੀ ਡਾ. ਬਲਵੀਰ ਸਿੰਘ (ਪਟਿਆਲਾ ਦੇਹਾਤੀ), ਸਿੱਖਿਆ ਮੰਤਰੀ ਹਰਜੋਤ ਬੈਂਸ (ਸ੍ਰੀ ਅਨੰਦਪੁਰ ਸਾਹਿਬ) ਅਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਹਲਕਾ ਸਮਾਣਾ ਸ਼ਾਮਲ ਹੈ।

ਜਦੋਂਕਿ ਬਠਿੰਡਾ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਆਪਣੇ ਹਲਕੇ ਲੰਬੀ ਤੋਂ ਪਿੱਛੇ ਰਹਿ ਗਏ। ਇਥੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ 54337 ਵੋਟਾਂ ਪ੍ਰਾਪਤ ਹੋਈਆਂ, ਜਦਕਿ ਖੁੱਡੀਆਂ 31073 ਵੋਟਾਂ ਹੀ ਲੈ ਸਕੇ। ਇਸੇ ਤਰ੍ਹਾਂ ਖਡੂਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਪੱਟੀ ਹਲਕੇ ਤੋਂ ਬੁਰੀ ਤਰ੍ਹਾਂ ਹਾਰ ਗਏ। ਭੁੱਲਰ ਨੂੰ ਪੱਟੀ ਤੋਂ 27804 ਵੋਟਾਂ ਮਿਲੀਆਂ ਹਨ, ਜਦੋਂਕਿ ਅਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ 56758 ਵੋਟਾਂ ਲੈ ਗਏ। ਸਿਹਤ ਮੰਤਰੀ ਡਾ. ਬਲਵੀਰ ਸਿੰਘ ਅਤੇ ਪ੍ਰਵਾਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਚੋਣ ਹਾਰ ਗਏ ਹਨ, ਪਰ ਉਹ ਆਪਣੇ ਹਲਕੇ ਵਿਚ ਬੜ੍ਹਤ ਬਣਾਉਣ ਵਿਚ ਕਾਮਯਾਬ ਰਹੇ ਹਨ।

ਸਮਾਜਿਕ ਸੁਰੱਖਿਆ ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਦੇ ਹਲਕੇ ਮਲੋਟ ਵਿਚ ਆਪ ਦਾ ਉਮੀਦਵਾਰ 842 ਵੋਟਾਂ ਦੇ ਅੰਤਰ ਨਾਲ ਪਿਛੜ ਗਿਆ। ਆਪ ਨੂੰ 31973 ਵੋਟਾਂ ਮਿਲੀਆਂ ਹਨ, ਜਦਕਿ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਨੂੰ 32815 ਵੋਟਾਂ ਮਿਲੀਆਂ ਹਨ। ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਹਲਕੇ ਹੁਸ਼ਿਆਰਪੁਰ ਵਿਖੇ ਆਪ ਨੂੰ 36957 ਵੋਟਾਂ ਮਿਲੀਆਂ ਹਨ, ਜਦਕਿ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਨੂੰ 38664 ਤੇ ਕਾਂਗਰਸ ਨੂੰ 25180 ਵੋਟਾਂ ਮਿਲੀਆਂ।

ਇਸੇ ਤਰ੍ਹਾਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਲਾਲ ਚੰਦ ਦੇ ਹਲਕਾ ਭੋਆ ਵਿਚ 'ਆਪ' ਨੂੰ 31372 ਅਤੇ ਭਾਜਪਾ ਦੇ ਉਮੀਦਵਾਰ ਦਿਨੇਸ਼ ਬੱਬੂ ਨੂੰ 56393 ਵੋਟਾਂ ਮਿਲੀਆਂ ਹਨ। ਇਸੇ ਤਰ੍ਹਾਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਹਲਕਾ ਜੰਡਿਆਲਾ ਵਿਖੇ ਆਪ ਨੂੰ 23571 ਵੋਟਾਂ ਪ੍ਰਾਪਤ ਹੋਈਆਂ ਅਤੇ ਅਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੂੰ 45190 ਵੋਟਾਂ ਮਿਲੀਆਂ। ਸੱਭਿਆਚਾਰਕ ਤੇ ਸੈਰ ਸਪਾਟਾ ਮੰਤਰੀ ਗਗਨ ਅਨਮੋਲ ਮਾਨ ਦੇ ਹਲਕਾ ਖਰੜ ਵਿਚ ਆਪ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਨੂੰ 40983 ਵੋਟਾਂ ਮਿਲੀਆਂ ਅਤੇ ਕਾਂਗਰਸ ਦੇ ਵਿਜੈਇੰਦਰ ਸਿੰਗਲਾਂ ਨੂੰ 46622 ਵੋਟਾਂ ਮਿਲੀਆਂ ਤੇ ਭਾਜਪਾ ਦੇ ਡਾ. ਸੁਭਾਸ਼ ਸ਼ਰਮਾ 40391 ਵੋਟਾਂ ਮਿਲੀਆਂ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਬਲਕਾਰ ਸਿੰਘ ਦੇ ਹਲਕੇ ਕਰਤਾਰਪੁਰ ਵਿਖੇ ਪਾਰਟੀ ਬੁਰੀ ਤਰ੍ਹਾਂ ਹਾਰ ਗਈ। ਇਥੋਂ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਨੂੰ 45158 ਅਤੇ 'ਆਪ' ਦੇ ਪਵਨ ਟੀਨੂੰ ਨੂੰ 29106 ਅਤੇ ਭਾਜਪਾ ਦੇ ਸੁਸ਼ੀਲ ਰਿੰਕੂ ਨੂੰ 11856 ਵੋਟਾਂ ਮਿਲੀਆਂ।

ਇਨ੍ਹਾਂ ਚੋਣਾਂ ਵਿਚ 'ਆਪ' ਦਾ ਵੋਟ ਪ੍ਰਤੀਸ਼ਤ ਘੱਟਕੇ 26.02 ਫੀਸਦੀ ਰਹਿ ਗਿਆ ਹੈ। ਜਦਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪ ਨੂੰ 42.01 ਫ਼ੀਸਦੀ ਵੋਟ ਮਿਲਿਆ ਸੀ ਅਤੇ ਪਾਰਟੀ ਦੇ 92 ਵਿਧਾਇਕ ਚੁਣੇ ਗਏ ਸਨ।

ਸਫਾ 1 ਦਾ ਬਾਕੀ

## ਭਾਰਤੀ ਚੋਣ ਕਮਿਸ਼ਨ ਵਲੋਂ 7 ਸੂਬਿਆਂ ਦੀਆਂ 13 ਵਿਧਾਨ...

ਪੜਤਾਲ 24 ਜੂਨ (ਸੋਮਵਾਰ) ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਅੰਤਿਮ ਤਾਰੀਖ 26 ਜੂਨ (ਬੁੱਧਵਾਰ) ਹੈ।

ਉਨ੍ਹਾਂ ਦੱਸਿਆ ਕਿ 10 ਜੁਲਾਈ (ਬੁੱਧਵਾਰ) ਨੂੰ ਵੋਟਾਂ ਪੈਣਗੀਆਂ ਅਤੇ 13 ਜੁਲਾਈ (ਸ਼ਨੀਵਾਰ) ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

ਸਿਬਿਨ ਸੀ ਨੇ ਦੱਸਿਆ ਕਿ ਜ਼ਿਮਨੀ ਚੋਣ ਦੇ ਐਲਾਨ ਦੇ ਨਾਲ ਹੀ ਸੋਮਵਾਰ ਤੋਂ ਜਲੰਧਰ ਪੱਛਮੀ ਹਲਕੇ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਹ ਜ਼ਾਬਤਾ 15 ਜੁਲਾਈ (ਸੋਮਵਾਰ) ਤੱਕ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ। ਜ਼ਿਕਰਯੋਗ ਹੈ ਕਿ 34-ਜਲੰਧਰ ਪੱਛਮੀ (ਐੱਸ.ਸੀ.) ਦੇ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਇਹ ਸੀਟ ਖਾਲੀ ਹੋਈ ਸੀ।

ਸਫਾ 1 ਦਾ ਬਾਕੀ

## ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਵਾਉਣ ਵਾਲੇ...

ਰਾਜਾਂ 'ਚ ਇਕ ਲੱਖ ਤੋਂ ਵੱਧ ਵੋਟਰ ਅਜਿਹੇ ਹਨ, ਜਿਨ੍ਹਾਂ ਦਾ ਕੋਈ ਨਾ ਕੋਈ ਪਰਿਵਾਰਕ ਮੈਂਬਰ ਗੈਰਕਾਨੂੰਨੀ ਪ੍ਰਵਾਸੀ ਹੈ। ਕੌਂਸਲ ਦੇ ਕਾਰਜਕਾਰੀ ਡਾਇਰੈਕਟਰ ਰਿਬੇਕਾ ਸ਼ੀ ਦਾ ਕਹਿਣਾ ਸੀ ਕਿ ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀਆਂ ਨੂੰ ਰਾਹਤ ਮਿਲਣੀ ਚਾਹੀਦੀ ਹੈ, ਜੋ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਏ ਅਤੇ ਹੁਣ ਤੱਕ ਕੋਈ ਇਮੀਗ੍ਰੇਸ਼ਨ ਸਟੇਟਸ ਹਾਸਲ ਨਹੀਂ ਕਰ ਸਕੇ। ਭਾਵੇਂ ਅਤੀਤ ਵਿਚ ਅਜਿਹੇ ਲੋਕਾਂ ਲਈ ਪਾਰਟੀ ਹੱਦਾਂ ਤੋਂ ਉੱਪਰ ਉਠ ਕੇ ਬਿਲ ਲਿਆਂਦੇ ਗਏ ਪਰ ਕੋਈ ਪਾਸ ਨਾ ਕਰਵਾਇਆ ਜਾ ਸਕਿਆ। ਇੱਥੇ ਦੱਸਣਾ ਬਣਦਾ ਹੈ ਕਿ 1986 'ਚ ਅਮਰੀਕੀ ਕਾਂਗਰਸ ਵੱਲੋਂ ਇਕ ਕਾਨੂੰਨ ਪਾਸ ਕਰਦਿਆਂ 27 ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮੁਲਕ ਵਿਚ ਰਹਿਣ ਦੀ ਇਜਾਜ਼ਤ ਦਿਤੀ ਗਈ ਸੀ। ਹਾਲਾਂਕਿ ਬਰਾਕ ਓਬਾਮਾ ਵੱਲੋਂ ਵੀ ਗੈਰਕਾਨੂੰਨੀ ਪ੍ਰਵਾਸੀਆਂ ਦੇ ਹੱਕ ਵਿਚ ਕਾਰਜਕਾਰੀ ਹੁਕਮ ਜਾਰੀ ਕੀਤੇ ਗਏ ਪਰ ਅਦਾਲਤੀ ਅੜਿੱਕਿਆਂ ਕਾਰਨ ਉਨ੍ਹਾਂ ਨੂੰ ਲਾਗੂ ਨਾ ਕੀਤਾ ਜਾ ਸਕਿਆ।

ਦੂਜੇ ਪਾਸੇ ਬਾਇਡਨ ਸਰਕਾਰ ਦੀ ਤਜਵੀਜ਼ਸ਼ੁਦਾ ਯੋਜਨਾ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਇਕ ਵੱਡੀ ਗ਼ਲਤੀ ਸਾਬਤ ਹੋਵੇਗੀ। ਟਰੰਪ ਦੇ ਕਾਰਜਕਾਲ ਦੌਰਾਨ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਵਿਭਾਗ ਦੇ ਪਾਲਿਸੀ ਚੀਫ ਰਹੇ ਰੌਬਰਟ ਲਾਅ ਨੇ ਕਿਹਾ ਕਿ ਰਾਸ਼ਟਰਪਤੀ ਵੱਲੋਂ ਪੈਰੋਲ ਦੇ ਅਧਿਕਾਰ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਤਾਂਕਿ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਲਾਭ ਮਿਲ ਸਕੇ, ਜਦਕਿ ਕਾਂਗਰਸ ਵੱਲੋਂ ਅਜਿਹਾ ਕੋਈ ਕਾਨੂੰਨ ਪਾਸ ਨਹੀਂ ਕੀਤਾ ਗਿਆ। ਪਰ 2010 ਤੋਂ ਅਮਰੀਕੀ ਫੌਜ ਵਿਚ ਭਰਤੀ ਲੋਕਾਂ ਨੂੰ ਛੋਟ ਮਿਲੀ ਹੋਈ ਹੈ ਕਿ ਜੇ ਉਹ ਗੈਰਕਾਨੂੰਨੀ ਪ੍ਰਵਾਸੀ ਨਾਲ ਵਿਆਹ ਕਰਵਾਉਂਦੇ ਹਨ, ਤਾਂ ਉਨ੍ਹਾਂ ਦਾ ਜੀਵਨ ਸਾਥੀ ਅਮਰੀਕੀ ਨਾਗਰਿਕ ਬਣਨ ਦਾ ਹੱਕਦਾਰ ਹੈ। ਇਸੇ ਦੌਰਾਨ ਇਮੀਗ੍ਰੇਸ਼ਨ ਵਕੀਲ ਅਤੇ ਸੇਵਾ ਮੁਕਤ ਫੌਜੀ ਅਫਸਰ ਮਾਰਗ੍ਰੇਟ ਸਟੌਕ ਨੇ ਆਖਿਆ ਕਿ ਫੌਜੀ ਪਰਿਵਾਰਾਂ ਲਈ ਇਹ ਕਦਮ ਬੇਹੱਦ ਲਾਹੇਵੰਦ ਸਾਬਤ ਹੋਇਆ ਹੈ। ਕਿਸੇ ਫੌਜੀ ਨਾਲ ਵਿਆਹ ਕਰਵਾਉਣ ਵਾਲੇ ਗੈਰਕਾਨੂੰਨੀ ਪ੍ਰਵਾਸੀ ਇਮੀਗ੍ਰੇਸ਼ਨ ਚਿੰਤਾਵਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਗਰੀਨ ਕਾਰਡ ਉਨ੍ਹਾਂ ਦੀ ਜੇਬ ਵਿਚ ਆ ਜਾਂਦਾ ਹੈ।

ਸਫਾ 1 ਦਾ ਬਾਕੀ

## ਰਿਚਮੰਡ ਹਿੱਲ ਨਿਊਯਾਰਕ 'ਚ ਪੰਜਾਬੀ ਵਿਅਕਤੀ ਵੱਲੋਂ ਭਰਾ...

ਇਸ ਘਟਨਾ ਵਿਚ ਉਨ੍ਹਾਂ ਦੀ 57 ਸਾਲਾ ਮਾਂ ਦੇ ਪੇਟ ਵਿਚ ਵੀ ਗੋਲੀ ਲੱਗੀ, ਜੋ ਜ਼ਖਮੀ ਹਾਲਤ 'ਚ ਹਸਪਤਾਲ 'ਚ ਦਾਖਲ ਹੈ, ਜਿੱਥੇ ਹੁਣ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਛੋਟੇ ਭਰਾ ਵਿਪਨਪਾਲ ਸਿੰਘ ਮੁਲਤਾਨੀ ਦੇ ਕਤਲ ਕਰਨ ਤੋਂ ਬਾਅਦ ਕਰਮਜੀਤ ਸਿੰਘ ਮੁਲਤਾਨੀ ਨੇ ਆਪਣੇ ਸਿਰ ਵਿਚ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਵੀ ਖਤਮ ਕਰ ਲਈ। ਪੁਲਿਸ ਨੂੰ ਉਸ ਦੇ ਮ੍ਰਿਤਕ ਸਰੀਰ ਦੇ ਕੋਲ ਇੱਕ ਪਿਸਤੌਲ ਮਿਲਿਆ ਹੈ। ਮਾਰੇ ਗਏ ਇਸ ਪਰਿਵਾਰ ਦਾ ਪਿਛੋਕੜ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਬੇਗੋਵਾਲ ਦੇ ਲਾਗਲੇ ਪਿੰਡ ਨੌਰੰਗਪੁਰ ਦੇ ਨਾਲ ਦੱਸਿਆ ਜਾਂਦਾ ਹੈ। ਫਿਲਹਾਲ ਪੁਲਿਸ ਜਾਂਚ ਕਰ ਰਹੀ ਹੈ। ਇਸ ਵਾਰਦਾਤ ਦੇ ਸਪੱਸ਼ਟ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

ਸਫਾ 1 ਦਾ ਬਾਕੀ

## ਕੈਥਲ 'ਚ ਖ਼ਾਲਿਸਤਾਨੀ ਕਹਿ ਕੇ ਸਿੱਖ ਵਿਅਕਤੀ ਦੀ ਕੁੱਟਮਾਰ...

ਦੋਵਾਂ ਨੌਜਵਾਨਾਂ ਨੇ ਉਸ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਉਸ 'ਤੇ ਇੱਟਾਂ ਨਾਲ ਹਮਲਾ ਕਰ ਦਿੱਤਾ। ਨੌਜਵਾਨਾਂ ਨੇ ਕਿਹਾ ਕਿ ਉਨ੍ਹਾਂ 'ਤੇ ਤਾਂ ਹੱਤਿਆ ਦਾ ਇਕ ਕੇਸ ਪਹਿਲਾਂ ਹੀ ਦਰਜ ਹੈ। ਉਥੋਂ ਗੁਜ਼ਰ ਰਹੇ ਰਾਜੂ ਨਾਂ ਦੇ ਵਿਅਕਤੀ ਨੇ ਉਸ ਨੂੰ ਨੌਜਵਾਨਾਂ ਤੋਂ ਛੁੜਵਾਇਆ। ਉਸ ਸਮੇਂ ਪੁਲਿਸ ਨੂੰ ਸੂਚਨਾ ਦਿੱਤੀ ਤੇ ਪੁਲਿਸ ਮੌਕੇ 'ਤੇ ਪੁੱਜੀ। ਰਾਹਗੀਰਾਂ ਨੇ ਹੀ ਉਸ ਨੂੰ ਹਸਪਤਾਲ ਪਹੁੰਚਾਇਆ। ਸਿਵਿਲ ਲਾਈਨ ਥਾਣਾ ਇੰਚਾਰਜ ਇੰਸਪੈਕਟਰ ਸ਼ੀਲਾਵੰਤੀ ਨੇ ਦੱਸਿਆ ਕਿ ਘਟਨਾ ਵਾਲੀ ਥਾਂ ਦੇ ਆਲੇ ਦੁਆਲੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਜਾ ਰਹੇ ਹਨ। ਜਲਦ ਹੀ ਮਾਰ-ਕੁੱਟ ਕਰਨ ਵਾਲੇ ਦੋਵਾਂ ਨੌਜਵਾਨਾਂ ਨੂੰ ਫੜ ਲਿਆ ਜਾਵੇਗਾ।

# ਕੀ ਕਹਿੰਦੇ ਅਜੀਬ ਚੋਣ ਨਤੀਜੇ ਤੇ ਕੀ ਨੇ ਸੰਭਾਵਨਾਵਾਂ





-ਡਾ. ਸੁਰਿੰਦਰ ਮੰਡ
148, ਸੁੰਦਰ ਵਿਹਾਰ, ਤਲਵਾੜਾ,
ਜ਼ਿਲ੍ਹਾ ਹੁਸ਼ਿਆਰਪੁਰ।
94173 24543
ਪੰਜਾਬ ਮੇਲ USA

ਨਤੀਜਿਆਂ ਨੂੰ ਵੇਖ-ਵੇਖ ਦੋਵੇਂ ਧਿਰਾਂ ਹੀ ਬਾਹਰੋਂ ਖੁਸ਼ ਹੋਣ ਦਾ ਵਿਖਾਵਾ ਕਰ ਰਹੀਆਂ ਤੇ ਅੰਦਰੋਂ ਦੁਖੀ ਵੀ ਨੇ। 2024 ਦੀ ਪਾਰਲੀਮੈਂਟ ਚੋਣ ਵਿਚ ਬਰਾਬਰ ਦੀ ਟੱਕਰ ਉਪਰੰਤ ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ 'ਚ ਸਫਲ ਰਹੇ ਹਨ। 2014 ਵਿਚ 282, 2019 'ਚ 303 ਅਤੇ ਇਸ ਵਾਰ ਭਾਰਤੀ ਜਨਤਾ ਪਾਰਟੀ ਨੇ 240 ਸੀਟਾਂ ਜਿੱਤੀਆਂ ਅਤੇ ਐੱਨ.ਡੀ.ਏ. ਭਾਈਵਾਲਾਂ ਨਾਲ ਮਿਲ ਕੇ ਗੱਠਜੋੜ ਸਰਕਾਰ ਬਣਾਈ ਹੈ। ਹੁਣ ਇਕੱਲਾ ਮੋਦੀ ਖੁਦ ਹੀ ਪੂਰੀ ਭਾਜਪਾ ਵਰਗੀ ਹੈਸੀਅਤ ਰੱਖਦਾ ਹੈ। ਮੋਦੀ ਦੀ ਗਰੰਟੀ ਉੱਤੇ ਹੀ ਚੋਣ ਲੜੀ ਗਈ। ਲੀਡਰ ਚੁਣੇ ਜਾਣ ਵਾਲੀ ਮੀਟਿੰਗ ਵਿਚ ਭਾਸ਼ਨ ਕਰਦਿਆਂ ਮੋਦੀ ਨੇ ਭਾਜਪਾ ਦਾ ਕੋਈ ਨਾਮ ਨਾ ਲਿਆ। ਯੂ.ਪੀ. ਅਤੇ ਅਯੁੱਧਿਆ ਦੀ ਕਰਾਰੀ ਹਾਰ ਉਪਰੰਤ ਹੁਣ ਭਾਜਪਾ ਨੇ 'ਜੈ ਸ੍ਰੀ ਰਾਮ' ਦਾ ਨਾਹਰਾ ਲਾਉਣਾ ਬੰਦ ਕਰ ਦਿੱਤਾ ਹੈ। ਹੁਣ ਮੋਦੀ 'ਜੈ ਜਗਨਨਾਥ' ਦਾ ਨਾਹਰਾ ਲਾਉਂਦੇ ਹਨ, ਉੜੀਸਾ 'ਚੋਂ ਜਿੱਤੇ ਹੋਣ ਕਰਕੇ। ਉਹੀ ਜਗਨਨਾਥ ਮੰਦਰ ਜਿਸ ਵਿਚ ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕ ਸਦੀਆਂ ਤੋਂ ਜਗਨਨਾਥ ਦੀਆਂ ਮੂਰਤੀਆਂ ਦੇ ਦਰਸ਼ਨ ਕਰਨ ਲਈ ਅੰਦਰ ਨਹੀਂ ਸੀ ਜਾ ਸਕਦੇ, ਬਾਹਰੋਂ ਮੋਰੀਆਂ ਵਿਚੋਂ ਦੀ ਹੀ ਦਰਸ਼ਨ ਕਰ ਸਕਦੇ। 15-20 ਸਾਲ ਪਹਿਲਾਂ ਬੜਾ ਵਾਵੇਲਾ ਮੱਚਿਆ ਸੀ, ਜਦ ਅਦਾਲਤ ਦੇ ਹੁਕਮ ਨਾਲ ਪ੍ਰਸ਼ਾਸ਼ਨ ਨੇ ਸਭ ਲੋਕ ਅੰਦਰ ਵਾੜੇ, ਤਾਂ ਪੁਜਾਰੀ ਮਗਰੋਂ ਮੰਦਰ ਨੂੰ ਦੁੱਧ ਨਾਲ ਧੋ ਕੇ ਸੁੱਚਾ ਕਰਨ ਲੱਗ ਪਏ ਸਨ।

ਇਹ ਖਬਰਾਂ ਉੱਡੀਆਂ ਸਨ ਕਿ ਜੇ ਇਸ ਵਾਰ ਸੀਟਾਂ ਘੱਟ ਆਈਆਂ, ਤਾਂ ਪਾਰਟੀ/ਆਰ.ਐੱਸ.ਐੱਸ. ਮੋਦੀ ਦੀ ਥਾਂ ਨਿਤਿਨ ਗਡਕਰੀ ਵਰਗੇ ਨੂੰ ਅੱਗੇ ਲਾ ਸਕਦੀ। ਕੋਸ਼ਿਸ਼ਾਂ ਹੋਈਆਂ ਸੁਣੀਆਂ, ਪਰ ਮੋਦੀ ਨੇ ਪਹਿਲਾਂ ਭਾਜਪਾ ਸੰਸਦੀ ਦਲ ਵੱਲੋਂ ਨੇਤਾ ਚੁਣੇ ਜਾਣ ਦੀ ਰਵਾਇਤ ਤੋੜਦਿਆਂ, ਸਿੱਧੀ ਹੀ ਸਾਂਝੀ ਐੱਨ.ਡੀ.ਏ. ਦੀ ਮੀਟਿੰਗ ਵਿਚ ਆਪਣੀ ਚੋਣ ਕਰਵਾ ਲਈ ਤੇ ਪਾਰਟੀ ਅੰਦਰਲੀਆਂ ਵਿਰੋਧੀ ਸੁਰਾਂ ਨੂੰ ਉੱਠਣ ਦਾ ਮੌਕਾ ਮਹੌਲ ਹੀ ਨਹੀਂ ਦਿੱਤਾ। ਹੁਣ ਚਰਚਾ ਕਿ ਨਰਿੰਦਰ ਮੋਦੀ/ਅਮਿਤ ਸ਼ਾਹ ਦੇ ਸਾਹਮਣੇ ਆਰ.ਐੱਸ.ਐੱਸ. ਵੀ ਲਾਚਾਰ ਹੈ। ਵੇਖੋ ਕਿ ਅੱਗੋਂ ਕੀ ਬਿੱਲੀ ਬਾਘਦੀ।

'ਇੰਡੀਆ ਗਠਜੋੜ' 234 ਸੀਟਾਂ ਜਿੱਤ ਕੇ ਜਿੱਤ ਤੋਂ ਜ਼ਰਾ ਪਛੜ ਗਿਆ। ਪਰ ਮੈਂ ਸਮਝਦਾਂ ਕਿ ਆਪਣੀਆਂ ਨਲੈਕੀਆਂ ਅਤੇ ਸੁਭਾਅ ਕਿਰਦਾਰ ਕਰਕੇ ਪਛੜਿਆ। ਇਨ੍ਹਾਂ ਦੀਆਂ ਸੁਸਤੀਆਂ ਤੇ ਤਿਕੜਮਬਾਜ਼ੀਆਂ ਨੇ ਹੀ ਬਿਹਾਰੀ ਨਿਤੀਸ਼ ਨੂੰ ਮੋਦੀ ਖੇਮੇ ਵੱਲ ਜਾਣ 'ਚ ਵੱਡੀ ਭੂਮਿਕਾ ਨਿਭਾਈ। ਉਸ ਦੇ 'ਇੰਡੀਆ ਗਠਜੋੜ' ਦਾ ਸੰਯੋਜਕ ਬਣਨ ਵਿਚ ਰੁਕਾਵਟ ਪਾਉਣ ਵਾਲਿਆਂ ਨੇ ਇਤਿਹਾਸਕ ਗਲਤੀ ਕੀਤੀ ਹੈ। ਹੁਣ ਨਿਤੀਸ਼ ਕਿਵੇਂ ਯਕੀਨ ਕਰੇ ਕਿ ਜਿਹੜੇ ਮੈਨੂੰ ਸੰਯੋਜਕ ਬਣਾਉਣ ਉੱਤੇ ਛੜੀਆਂ ਮਾਰਨ ਲੱਗ ਪਏ ਸਨ, ਉਹ ਹੁਣ ਪ੍ਰਧਾਨ ਮੰਤਰੀ ਬਣਾਉਣ ਲਈ ਸੁਹਿਰਦ ਹੋਣਗੇ?... ਜਦ ਉੜੀਸਾ ਵਾਲਾ ਨਵੀਨ ਪਟਨਾਇਕ ਭਾਜਪਾ ਨਾਲ ਸਿੱਧੇ ਮੁਕਾਬਲੇ 'ਚ ਆ ਗਿਆ ਸੀ, ਤਾਂ ਕਾਂਗਰਸ ਕਿਸੇ ਵੀ ਕੀਮਤ ਉੱਤੇ ਨਵੀਨ ਨਾਲ ਗਠਜੋੜ ਕਰ ਲੈਂਦੀ, ਤਾਂ ਉਥੇ ਇਨ੍ਹਾਂ ਦੀਆਂ ਭਾਜਪਾ ਨਾਲੋਂ ਦਸ ਫੀਸਦੀ ਵੋਟਾਂ ਵੱਧ ਹੁੰਦੀਆਂ। ਆਂਧਰਾ ਵਾਲਾ ਮੁੱਖ ਮੰਤਰੀ ਰੈਡੀ ਤਾਂ ਕਾਂਗਰਸ ਦੇ ਆਪਣੇ ਮੁੱਖ ਮੰਤਰੀ ਰਹੇ ਵਾਈ.ਐੱਸ.ਆਰ. ਰੈਡੀ ਦਾ ਮੁੰਡਾ ਸੀ, ਜਿਸਨੂੰ ਇਹ ਗੋਦ 'ਚ ਖਿਡਾਉਂਦੇ ਰਹੇ, ਉਸ ਨਾਲ ਕਿਸੇ ਵੀ ਕੀਮਤ ਉੱਤੇ ਸਮਝੌਤਾ ਕਰ ਲੈਂਦੇ। ਪਰ ਆਂਧਰਾ ਉੜੀਸਾ (46 ਸੀਟਾਂ) ਨੂੰ ਘੋਰ ਸਿਆਸੀ ਨਾਸਮਝੀ ਵਿਖਾਉਂਦਿਆਂ ਅਣਗੌਲਿਆਂ ਕੀਤਾ ਗਿਆ। ਸਮੇਂ ਸਿਰ ਤਾਂ ਕੋਈ ਕੋਸ਼ਿਸ਼ ਨਾ ਕੀਤੀ, ਤੇ ਨਤੀਜਿਆਂ ਉਪਰੰਤ ਨਿਤੀਸ਼/ਨਵੀਨ/ਰੈਡੀ ਬਾਰੇ ਬੇਫਾਇਦਾ 'ਕੁਵੇਲੇ ਦੀਆਂ ਟੱਕਰਾਂ' ਮਾਰਦੇ ਰਹੇ। ਤੇ ਅੱਜ ਵੀ ਨਿਤੀਸ਼/ਨਵੀਨ ਬਾਰੇ ਸੰਭਲ ਕੇ ਬੋਲਣ ਦੀ ਘਾਟ ਦਿੱਸ ਰਹੀ ਹੈ।

'ਇੰਡੀਆ ਗਠਜੋੜ' ਵਿਚੋਂ ਭਵਿੱਖ ਲਈ ਅਖਿਲੇਸ਼ ਯਾਦਵ ਹੀ ਸਭ ਤੋਂ ਵੱਧ ਸਬਰ ਤਹੱਮਲ ਵਾਲਾ ਬੇਦਾਗ ਦਲੇਰ ਟਿਕਾਊ ਸਿਆਣਾ, ਵੱਡੇ ਅਹੁਦੇ ਲਈ ਯੋਗ ਲੀਡਰ ਦਿੱਸਦਾ ਹੈ। ਅਖਿਲੇਸ਼ ਨੇ ਆਪਣੇ ਦਮ ਤੇ ਯੂ.ਪੀ. ਵਿਚ 43 (37+6) ਸੀਟਾਂ ਜਿਤਾਈਆਂ। ਕਾਂਗਰਸ ਨੇ ਜਿੱਦ ਕੇ 18 ਲਈਆਂ ਤੇ 6 ਜਿੱਤੀਆਂ। ਇਵੇਂ ਪਹਿਲਾਂ ਬਿਹਾਰ 'ਚ ਤੇਜਸਵੀ ਯਾਦਵ ਕੋਲੋਂ ਜਿੱਦ ਕਰਕੇ 70 ਸੀਟਾਂ ਲਈਆਂ ਤੇ 19 ਜਿੱਤੀਆਂ ਸਨ, ਜਿਸ ਕਰਕੇ ਉਥੇ ਨਿਤੀਸ਼ ਭਾਜਪਾ 5 ਸੀਟਾਂ ਵੱਧ ਹੋਣ ਕਰਕੇ ਰਾਜ ਕਰ ਰਹੇ ਨੇ। ਕਾਂਗਰਸ ਨੂੰ ਦੇਸ਼ ਹਿਤ ਵਿਚ ਆਪਣਾ ਇਹ ਵਤੀਰਾ ਬਦਲਣਾ ਪਵੇਗਾ, ਅਤੇ ਭਾਜਪਾ ਨਾਲ ਆਪਣੇ ਸਿੱਧੇ ਮੁਕਾਬਲੇ ਵਾਲੇ ਰਾਜਾਂ (ਗੁਜਰਾਤ, ਮੱਧ ਪ੍ਰਦੇਸ, ਛੱਤੀਸਗੜ੍ਹ, ਉਤਰਾਖੰਡ, ਹਿਮਾਚਲ, ਰਾਜਸਥਾਨ, ਕਰਨਾਟਕ, ਤਿਲੰਗਾਨਾ ਆਦਿ) ਵਿਚ ਜ਼ਮੀਨੀ ਲੋਕ ਮੁੱਦਿਆਂ ਉੱਤੇ ਕੇਂਦਰਿਤ ਅਸਰਦਾਰ ਸਰਗਰਮੀ ਕਰਨੀ ਹੋਵੇਗੀ। 100 ਸੀਟਾਂ ਜਿੱਤਣ ਦੀ ਖੁਸ਼ੀ ਨੂੰ ਪਚਾਉਂਦਿਆਂ ਇਹ ਵੀ ਸਦਾ ਚੇਤੇ ਰੱਖਣਾ ਪਊ ਕਿ ਮੱਧ ਪ੍ਰਦੇਸ਼, ਗੁਜਰਾਤ, ਹਿਮਾਚਲ, ਉਤਰਾਖੰਡ, ਛੱਤੀਸਗੜ੍ਹ, ਦਿੱਲੀ, ਉੜੀਸਾ, ਆਂਧਰਾ ਦੀਆਂ 128 ਸੀਟਾਂ ਵਿਚੋਂ ਕਾਂਗਰਸ ਨੇ ਸਿਰਫ ਇਕ ਸੀਟ ਜਿੱਤੀ ਹੈ। ਆਂਧਰਾ, ਉੜੀਸਾ, ਤਿਲੰਗਾਨਾ, ਕਰਨਾਟਕ ਵਿਚ 'ਵਿਸ਼ਾਲ ਦੇਸ਼ ਭਗਤ ਮੋਰਚਾ' ਨੀਤੀ ਨਾਲ ਗਠਜੋੜ ਨਵੇਂ ਸਿਰਿਉਂ ਵੱਡੇ ਦਿਲ ਨਾਲ ਦੂਰ ਦੀ ਸੋਚ ਨਾਲ ਬਣਾਉਣੇ ਹੋਣਗੇ। ਨਹੀਂ ਤਾਂ ਕਾਂਗਰਸ ਇਵੇਂ ਹੀ ਭਾਜਪਾ ਦੇ ਮੁੜ-ਮੁੜ ਜਿੱਤਣ ਦੀ ਵਜ੍ਹਾ ਬਣਦੀ ਰਹੇਗੀ। ਖੁਦ ਵੀ ਭੁਗਤੂ ਤੇ ਇਨ੍ਹਾਂ ਦੀ ਵਜ੍ਹਾ ਨਾਲ ਦੇਸ਼ ਵੀ ਭੁਗਤੂ।

ਪਰ ਦੂਜੇ ਪਾਸੇ ਵੇਖੋ, ਕਿਵੇਂ ਮੋਦੀ, ਅਮਿਤ ਸ਼ਾਹ ਨੇ ਉਸ ਚੰਦਰ ਬਾਬੂ ਨਾਇਡੂ ਨਾਲ ਹੱਥ ਮਿਲਾਉਣ ਨੂੰ ਇਕ ਸਕਿੰਟ ਨਾ ਲਾਇਆ, ਜਿਸ ਨੂੰ ਪਹਿਲਾਂ ਜੇਲ੍ਹ ਚ ਸੁੱਟਿਆ, ਤੇ 'ਸਹੁਰੇ ਦੀ ਪਿੱਠ ਵਿਚ ਛੁਰਾ ਮਾਰਨ ਵਾਲਾ' ਵਰਗੀਆਂ ਨਿੱਜੀ ਪਰਿਵਾਰਕ ਗਾਲ੍ਹਾਂ ਵੀ ਕੱਢੀਆਂ ਸਨ। ਏਥੋਂ ਤੱਕ ਕਿ ਨਾਇਡੂ ਤਾਂ ਓ.ਬੀ.ਸੀ. ਕੋਟੇ 'ਚੋਂ 4 ਫੀਸਦੀ ਰਾਖਵਾਂਕਰਨ ਮੁਸਲਮਾਨ ਪਿਛੜਿਆਂ ਨੂੰ ਦੇਣ ਦਾ ਐਲਾਨੀਆਂ ਮੁੱਦਈ ਹੈ, ਜਿਸ ਬਾਰੇ ਮੋਦੀ ਸਾਰੀ ਚੋਣ ਮੁਹਿੰਮ ਦੌਰਾਨ ਕਹਿੰਦਾ ਰਿਹਾ ਕਿ ਮੈਂ ਆਪਣੇ ਜਿਊਂਦੇ-ਜੀਅ ਇੰਜ ਨਹੀਂ ਹੋਣ ਦਿਆਂਗਾ। ਪਰ ਵੇਖੋ ਕਿਵੇਂ ਜੱਫੀਆਂ ਪਾ ਕੇ ਹੱਸਣ ਲੱਗ ਪਏ ਨੇ!... ਬਿਹਾਰ ਵਾਲੇ ਨਿਤੀਸ਼ ਨਾਲ ਉਧਰੋਂ-ਉਧਰੀ ਕੀ-ਕੀ ਫੱਕੜ ਤੋਲਦੇ ਰਹੇ। ਨਿਤੀਸ਼ ਦੇ ਸਹਿਯੋਗੀਆਂ ਉੱਤੇ ਈ.ਡੀ. ਦੇ ਛਾਪੇ ਮਾਰੇ। ਉਹਦੇ ਨਾਲ ਵੀ ਹੁਣ ਜੱਫੀਆਂ ਤੇ ਕੱਛਾਂ ਥਾਣੀ ਹਾਸੇ ਨਿਕਲਦੇ ਨੇ। ਜਿਸ ਨਵੀਨ ਪਟਨਾਇਕ ਨੂੰ ਉੜੀਸਾ ਵਿਚ ਪਟਕਨੀ ਦੇ ਕੇ 'ਜੈ ਜਗਨਨਾਥ' ਦੀਆਂ ਬੁਲਬੁਲੀਆਂ ਮਾਰ ਰਹੇ ਨੇ, ਉਹ ਤਾਂ ਦਸ ਸਾਲ ਪਾਰਲੀਮੈਂਟ ਵਿਚ ਹਰ ਮੌਕੇ ਮੋਦੀ ਸਰਕਾਰ ਮਗਰ ਹੱਥ ਖੜ੍ਹਾ ਕਰਦਾ ਰਿਹਾ, ਉਹਦੇ ਨਾਲ ਤਾਂ ਦਾਅ-ਪੇਚ ਨੀਤੀ ਤਹਿਤ ਅਖੀਰ ਤਾਈਂ ਚੋਣ ਸਮਝੌਤਾ ਹੋ ਜਾਣ ਦਾ ਭਰਮ ਵੀ ਬਣਾਈ ਰੱਖਿਆ, ਤਾਂ ਕਿ ਉਹ ਕਾਂਗਰਸ ਵੱਲ ਨਾ ਵੇਖੇ, ਤੇ ਫਿਰ ਦਿੱਤੀ ਅਚਨਚੇਤ ਉਹ ਪਟਕਣੀ ਜਿਹੜੀ ਉਹ ਬੰਦਾ ਹੋਊ ਤਾਂ ਯਾਦ ਰੱਖੂ। ਵਰਨਣਯੋਗ ਹੈ ਕਿ ਇਨ੍ਹਾਂ ਤਿੰਨਾਂ (ਨਿਤੀਸ਼, ਨਵੀਨ, ਚੰਦਰ ਬਾਬੂ ਨਾਇਡੂ) ਨਾਲ ਭਾਜਪਾ ਦਾ ਵਿਚਾਰਾਂ ਦਾ ਕੋਈ ਮੇਲ ਨਹੀਂ। ਵੇਖੋ ਇਨ੍ਹਾਂ ਦੇ ਡੰਗ ਤੇ ਨਾਲੇ ਵੇਖੋ ਲਚਕਾਂ।

ਬਹੁਤ ਚਰਚਾ ਕਿ ਮੋਦੀ/ਅਮਿਤ ਸ਼ਾਹ ਸਦਾ ਮਨਮਰਜ਼ੀ ਹੀ ਕਰਦੇ ਰਹੇ, ਇਹ ਤਾਂ ਕਿਸੇ ਦੀ ਗੱਲ ਸੁਣਨ ਮੰਨਣ ਗਿੱਝੇ ਹੀ ਨਹੀਂ। ਇਨ੍ਹਾਂ ਕੋਲੋਂ ਸਾਂਝੀ ਸਰਕਾਰ ਨਹੀਂ ਚੱਲਣੀ। ਮੇਰੀ ਜਾਚੇ ਇਹ ਸੱਚ ਨਹੀਂ। ਐਸਾ ਕਹਿਣ ਵਾਲੇ ਇਨ੍ਹਾਂ ਦਾ ਤੇ ਭਾਜਪਾ ਦਾ ਜਮਾਤੀ ਕਿਰਦਾਰ ਨਹੀਂ ਸਮਝਦੇ। ਇਹ ਗਾਹਕ ਨਾਲ ਵਿਗਾੜ ਨਾ ਪਾਉਣ ਵਾਲੀ ਸਿਆਣੀ ਕੌਮ ਹੈ, ਹੁੜ-ਹੁੜ ਕਰਕੇ ਲੜਨ-ਝਗੜਨ ਵਾਲੇ ਲੋਕ ਨਹੀਂ। ਇਹ ਆਪਣੇ ਹਿੱਤ ਲਈ ਹਰੇਕ ਅੱਗੇ ਵਕਤੀ ਤੌਰ 'ਤੇ ਏਨਾ ਝੁਕ ਲਿਫ ਜਾਣਗੇ ਕਿ ਜਿਵੇਂ ਇਨ੍ਹਾਂ ਵਿਚ ਕੋਈ ਹੱਡੀ ਨਾ ਹੋਵੇ, ਤੇ ਮਗਰੋਂ....। ਹੁਣ ਇਨ੍ਹਾਂ ਦੇ ਢਿੱਡ 'ਚੋਂ ਲੱਭੋ ਭਲਾ ਕਿਧਰ ਹਜ਼ਮ ਹੋ ਗਏ ਹਰਿਆਣੇ ਵਾਲਾ ਕੁਲਦੀਪ ਬਿਸ਼ਨੋਈ, ਚੌਟਾਲੇ, ਅਕਾਲੀ, ਸ਼ਿਵ ਸੈਨਾ, ਰਾਸ਼ਟਰਵਾਦੀ ਕਾਂਗਰਸ, ਅਸਾਮ ਗਣ ਪ੍ਰੀਸ਼ਦ, ਮਾਇਆਵਤੀ, ਆਂਧਰਾ ਵਾਲਾ ਰੈਡੀ, ਨਵੀਨ ਪਟਨਾਇਕ।

ਭਾਜਪਾ ਨੂੰ ਕੇਂਦਰ ਸਰਕਾਰ ਬਣਾ ਕੇ ਵੀ ਰੋਣਾ ਇਸ ਗੱਲ ਦਾ ਆ ਰਿਹਾ ਕਿ ਇਸਦੇ ਹੱਥ ਮਹਾਰਾਸ਼ਟਰ, ਪੰਜਾਬ, ਕੇਰਲਾ, ਤਾਮਿਲਨਾਡੂ ਦੀਆਂ 120 ਸੀਟਾਂ ਵਿਚੋਂ ਸਿਰਫ 11 ਆਈਆਂ। ਇਹਦੇ ਹੱਥੋਂ ਉੱਤਰ ਪ੍ਰਦੇਸ਼, ਹਰਿਆਣਾ, ਜੰਮੂ-ਕਸ਼ਮੀਰ, ਲੱਦਾਖ, ਮਹਾਰਾਸ਼ਟਰ ਵਰਗੇ ਵੱਡੇ ਰਾਜਾਂ ਦੀਆਂ ਸਰਕਾਰਾਂ ਵੀ ਚਲੇ ਜਾਣ ਦੀ ਪੂਰੀ ਸੰਭਾਵਨਾ ਹੈ। ਤੇ ਬੰਗਾਲ ਨੂੰ ਜਿੱਤਣ ਦਾ ਸੁਪਨਾ ਵੀ ਟੁੱਟ ਗਿਆ ਹੈ। ਐਸਾ ਦਿੱਸ ਰਿਹਾ ਕਿ 'ਇੰਡੀਆ ਗਠਜੋੜ' ਦੀਆਂ ਤਾਮਿਲਨਾਡੂ, ਬੰਗਾਲ, ਕੇਰਲਾ, ਪੰਜਾਬ, ਕਰਨਾਟਕਾ, ਝਾਰਖੰਡ, ਦਿੱਲੀ, ਜੰਮੂ ਕਸ਼ਮੀਰ, ਹਰਿਆਣਾ, ਮਹਾਰਾਸ਼ਟਰ, ਉੱਤਰ ਪ੍ਰਦੇਸ ਵਿਚ ਸਰਕਾਰਾਂ ਹੋਣਗੀਆਂ, ਜਿੱਥੇ 300 ਤੋਂ ਵੱਧ ਸੀਟਾਂ ਹਨ।

ਉੜੀਸਾ, ਆਂਧਰਾ, ਰਾਜਸਥਾਨ, ਬਿਹਾਰ ਵਿਚ ਵੀ ਸਿਆਸੀ ਸਮੀਕਰਨ ਬਦਲਣ ਦੇ ਆਸਾਰ ਹਨ।

ਨਰਿੰਦਰ ਮੋਦੀ ਦੀ ਮੌਜੂਦਾ ਐੱਨ.ਡੀ.ਏ. ਸਰਕਾਰ ਤਾਜ਼ਾ-ਤਾਜ਼ਾ ਥੋੜ੍ਹੇ ਕੁ ਦਿਨ ਬਾਹਰੋਂ ਵਿਖਾਵੇਗੀ ਕਿ ਹੁਣ ਇਹ ਹਰੇਕ ਨੂੰ ਪਿਆਰ ਨਾਲ ਬੋਲਣ ਵਾਲੀ ਸਰਕਾਰ ਹੈ, ਏਥੋਂ ਤੱਕ ਕਿ ਆਂਧਰਾ ਵਿਚ ਨਾਇਡੂ ਨਾਲ ਮਿਲ ਕੇ ਓ.ਬੀ.ਸੀ. ਕੋਟੇ ਵਿਚੋਂ ਮੁਸਲਮਾਨਾਂ ਨੂੰ 4 ਫੀਸਦੀ ਰਾਖਵਾਂਕਰਨ ਵੀ ਖੁਸ਼ੀ ਨਾਲ ਦੇਵੇਗੀ। ਝੱਬੂ ਪਾ ਕੇ 10 ਕੁ ਸੀਟਾਂ ਦਾ ਹੋਰ ਜੁਗਾੜ ਕਰਨ ਉਪਰੰਤ ਫਿਰ ਨਵਾਂ ਅਸਲੀ ਰੰਗ ਵਖਾਏਗੀ। ਅੰਦਾਜ਼ਾ ਕਿ ਵਿਰੋਧੀ ਪਾਰਟੀਆਂ ਪ੍ਰਤੀ ਪਹਿਲਾਂ ਨਾਲੋਂ ਵੱਧ ਹਮਲਾਵਰ ਰਹੇਗੀ। ਤੇਜੱਸਵੀ ਯਾਦਵ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਚੱਲ ਰਹੀ ਹੈ। ਵਿਰੋਧੀ ਧਿਰਾਂ ਕਿਸੇ ਬਹੁਤ ਵੱਡੀ ਅਣਕਿਆਸੀ ਘਟਨਾ ਤੋਂ ਪਹਿਲਾਂ ਹੀ ਸੁਚੇਤ ਰਹਿਣ, ਤਾਂ ਹੀ ਬਚਣਗੀਆਂ।

ਭਾਜਪਾ ਦੇ ਅੰਦਰਲੀ ਮੋਦੀ ਨੀਤੀ ਬਾਰੇ ਬੇਬਸੀ ਵੀ ਕੋਈ ਨਾ ਕੋਈ ਰੂਪ ਲਵੇਗੀ।

ਅਗਨੀਵੀਰ, ਜਾਤੀਗਤ ਜਨਗਣਨਾ, ਕਿਸਾਨਾਂ ਨੂੰ ਫਸਲਾਂ ਦਾ ਘੱਟੋ ਘੱਟ ਸਮਰਥਨ ਭਾਅ (ਐੱਮ.ਐੱਸ.ਪੀ.), ਪੈਟਰੌਲ, ਡੀਜਲ, ਗੈਸ ਆਦਿ ਮਹਿੰਗਾਈ, ਰੈਗੂਲਰ ਭਰਤੀਆਂ, ਬਿਜਲੀ ਪਾਣੀ ਵਾਤਾਵਰਨ ਵਰਗੇ ਮੁੱਦਿਆਂ ਉੱਤੇ ਸੰਘਰਸ਼ ਸਮੇਂ ਦੀ ਲੋੜ ਹੈ। ਜਿਹੜਾ ਕਰੂ ਓਹੋ ਜਿੱਤੂ। ਭੜਕਾਊ ਏਜੰਡਿਆਂ ਤੋਂ ਬਚਣ ਲਈ ਵੀ ਇਹ ਜ਼ਰੂਰੀ।

## 'ਆਪ' ਸਰਕਾਰ ਵੱਲੋਂ ਲੋਕਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਖਾਕਾ ਤਿਆਰ ਕਰਨਾ ਸ਼ੁਰੂ

ਚੰਡੀਗੜ੍ਹ, (ਪੰਜਾਬ ਮੇਲ)- 'ਆਪ' ਸਰਕਾਰ ਨੇ ਸਰਕਾਰੀ ਦਫ਼ਤਰਾਂ 'ਚ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਖਾਕਾ ਤਿਆਰ ਕਰਨਾ ਸ਼ੁਰੂ ਕੀਤਾ ਹੈ ਕਿਉਂਕਿ ਲੋਕ ਸਭਾ ਚੋਣਾਂ 'ਚ ਹੋਈ ਹਾਰ ਦੇ ਮੰਥਨ ਦੌਰਾਨ ਇਹ ਮੁੱਦਾ ਉਭਰ ਕੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਿਧਾਇਕਾਂ ਅਤੇ ਅਫ਼ਸਰਾਂ ਦਰਮਿਆਨ ਬਣੀ ਦੂਰੀ ਘਟਾਉਣ ਲਈ ਨਵੇਂ ਕਦਮ ਚੁੱਕੇ ਜਾਣਗੇ। ਵਿਧਾਇਕਾਂ ਦੀ ਸ਼ਿਕਾਇਤ ਹੈ ਕਿ ਅਫ਼ਸਰ ਚੁਣੇ ਹੋਈ ਪ੍ਰਤੀਨਿਧ ਦੀ ਕਹੀ ਗੱਲ 'ਤੇ ਗ਼ੌਰ ਨਹੀਂ ਕਰਦੇ। ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਹਫ਼ਤੇ ਸੂਬੇ ਦੇ ਦੌਰੇ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਲਈ ਸਿੱਧੀ ਗੱਲਬਾਤ ਕਰਿਆ ਕਰਨਗੇ। 'ਆਪ' ਸਰਕਾਰ ਵੱਲੋਂ ਨੌਕਰਸ਼ਾਹੀ ਨਾਲ ਨਜਿੱਠਣ ਲਈ ਵਿਉਂਤਬੰਦੀ ਤਿਆਰ ਕੀਤੀ ਜਾਣ ਲੱਗੀ ਹੈ। ਭਵਿੱਖ 'ਚ ਪੰਜ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹਨ, ਜਿਨ੍ਹਾਂ ਦੀ ਤਿਆਰੀ ਵੀ ਸਰਕਾਰ ਨੇ ਵਿੱਢੀ ਹੋਈ ਜਾਪਦੀ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ 'ਆਪ' ਸਿਰਫ਼ ਤਿੰਨ ਸੀਟਾਂ 'ਤੇ ਸਿਮਟ ਗਈ ਹੈ। 'ਆਪ' ਸਰਕਾਰ ਹੁਣ ਲੋਕਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਵਾਹ ਲਾਏਗੀ। ਮੁੱਢਲੇ ਪੜਾਅ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੁੱਖ ਸਕੱਤਰ ਅਨੁਰਾਗ ਵਰਮਾ ਅਤੇ ਡੀ.ਜੀ.ਪੀ. ਗੌਰਵ ਯਾਦਵ ਨਾਲ ਵੱਖੋ-ਵੱਖਰੀ ਮੀਟਿੰਗ ਕੀਤੀ, ਜਿਸ ਦੌਰਾਨ ਨਵੇਂ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਚਰਚਾ ਕੀਤੀ ਗਈ। ਮੁੱਖ ਮੰਤਰੀ ਨੇ ਆਉਂਦੇ ਦਿਨਾਂ ਵਿਚ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਤੈਅ ਕੀਤੀ ਹੈ। ਇਸ ਮੁਹਿੰਮ ਤਹਿਤ ਪ੍ਰਸ਼ਾਸਨ ਵਿਚ ਵੱਡੀ ਪੱਧਰ 'ਤੇ ਰੱਦੋਬਦਲ ਵੀ ਕੀਤੇ ਜਾਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਚੋਣਾਂ ਵਿਚ ਹਾਰ ਦੇ ਮੰਥਨ ਲਈ ਹਲਕਾ ਵਾਈਜ਼ ਮੀਟਿੰਗਾਂ ਕਰ ਰਹੇ ਹਨ। ਇਨ੍ਹਾਂ ਮੀਟਿੰਗਾਂ ਵਿਚ ਵਿਧਾਇਕਾਂ ਨੇ ਅਫ਼ਸਰਸ਼ਾਹੀ ਖ਼ਿਲਾਫ਼ ਸ਼ਿਕਾਇਤਾਂ ਕੀਤੀਆਂ ਹਨ।

ਡੀ.ਜੀ.ਪੀ. ਨੇ ਕਿਹਾ ਕਿ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਹੈੱਡਕੁਆਰਟਰ ਵਿਚ, ਸਪੈਸ਼ਲ ਡੀ.ਜੀ.ਪੀ., ਐਡੀਸ਼ਨਲ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀਆਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਉਪਲਬਧ ਰਹਿਣ ਦੇ ਦਿਨ ਨਿਰਧਾਰਤ ਕੀਤੇ ਗਏ ਹਨ। ਸਪੈਸ਼ਲ ਡੀ.ਜੀ.ਪੀ. ਭਲਾਈ ਈਸ਼ਵਰ ਸਿੰਘ ਸੋਮਵਾਰ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। ਇਸੇ ਤਰ੍ਹਾਂ, ਏ.ਡੀ.ਜੀ.ਪੀ. ਸੁਰੱਖਿਆ ਐੱਸ.ਐੱਸ. ਸ੍ਰੀਵਾਸਤਵ ਮੰਗਲਵਾਰ ਨੂੰ, ਏ.ਡੀ.ਜੀ.ਪੀ. ਏ.ਐੱਸ. ਰਾਏ ਬੁੱਧਵਾਰ ਨੂੰ, ਏ.ਡੀ.ਜੀ.ਪੀ. ਪ੍ਰੋਵਿਜਨਿੰਗ ਜੀ ਨਾਗੇਸ਼ਵਰ ਰਾਓ ਵੀਰਵਾਰ ਅਤੇ ਸਪੈਸ਼ਲ ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਸ਼ੁੱਕਰਵਾਰ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ।

## ਜਲੰਧਰ ਜ਼ਿਮਨੀ ਚੋਣ: 'ਆਪ', ਕਾਂਗਰਸ ਤੇ ਭਾਜਪਾ ਲਈ ਚੋਣ ਜਿੱਤਣਾ ਹੋਵੇਗੀ ਚੁਣੌਤੀ

- ਸ਼ੀਤਲ ਅੰਗੁਰਾਲ ਦੇ ਅਸਤੀਫ਼ੇ ਕਾਰਨ ਪੈਦਾ ਹੋਈ ਸਥਿਤੀ
- 5 ਉਪ ਚੋਣਾਂ ਦੀ ਸੀ ਉਮੀਦ

ਜਲੰਧਰ, (ਪੰਜਾਬ ਮੇਲ)- ਚੋਣ ਕਮਿਸ਼ਨ ਨੇ ਲੋਕ ਸਭਾ ਦੀਆਂ ਚੋਣਾਂ ਖਤਮ ਹੁੰਦਿਆਂ ਸਾਰ ਹੀ ਜਲੰਧਰ ਪੱਛਮੀ ਵਿਧਾਨ ਸਭਾ ਤੋਂ ਚੋਣ ਦਾ ਐਲਾਨ ਕਰ ਦਿੱਤਾ ਹੈ। ਇਸ ਹਲਕੇ ਵਿਚ ਵੋਟਾਂ ਠੀਕ ਇੱਕ ਮਹੀਨੇ ਬਾਅਦ 10 ਜੁਲਾਈ ਨੂੰ ਪੈਣਗੀਆਂ। ਇਸ ਹਲਕੇ ਦੀ ਪ੍ਰਤੀਨਿਧਤਾ ਕਰਦੇ 'ਆਪ' ਦੇ ਵਿਧਾਇਕ ਸ਼ੀਤਲ ਅੰਗੁਰਾਲ ਨੇ ਭਾਜਪਾ ਵਿਚ ਸ਼ਾਮਲ ਹੋਣ ਸਮੇਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼ੀਤਲ ਅੰਗੁਰਾਲ ਦਾ ਅਸਤੀਫਾ ਪ੍ਰਵਾਨ ਕਰ ਲਿਆ। ਸਪੀਕਰ ਵੱਲੋਂ ਅਸਤੀਫਾ 30 ਮਈ ਨੂੰ ਸਵੀਕਾਰ ਕਰਨ ਦਾ ਐਲਾਨ ਕੀਤਾ ਗਿਆ ਸੀ, ਜਦੋਂਕਿ ਅੰਗੁਰਾਲ ਨੇ ਲੋਕ ਸਭਾ ਚੋਣਾਂ ਤੋਂ ਇਕ ਦਿਨ ਬਾਅਦ 2 ਜੂਨ ਨੂੰ ਆਪਣੇ ਅਸਤੀਫੇ ਦੇ ਕਾਗਜ਼ ਵਾਪਸ ਲੈਣ ਦੀ ਮੰਗ ਕੀਤੀ ਸੀ। ਹੁਣ ਇਸ ਹਲਕੇ ਦੇ ਲੋਕਾਂ ਨੂੰ 2022 ਤੋਂ ਲੈ ਕੇ ਇਸ ਉਪ ਚੋਣ ਤੱਕ ਚਾਰ ਵਾਰ ਵੋਟਾਂ ਪਾਉਣ ਦਾ ਮੌਕਾ ਮਿਲੇਗਾ। ਸਾਲ 2022 ਦੀਆਂ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇਸ ਹਲਕੇ ਤੋਂ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਨੇ ਚੋਣ ਜਿੱਤੀ ਸੀ। ਉਨ੍ਹਾਂ ਨੇ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਹਰਾਇਆ ਸੀ। ਭਾਜਪਾ ਉਮੀਦਵਾਰ ਮਹਿੰਦਰ ਭਗਤ ਤੀਜੇ ਸਥਾਨ 'ਤੇ ਰਹੇ ਸਨ। ਸ਼ੀਤਲ ਭਾਜਪਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਸ਼ੀਤਲ ਨੇ ਥੋੜ੍ਹੇ ਫਰਕ ਨਾਲ ਰਿੰਕੂ ਨੂੰ ਹਰਾਇਆ ਸੀ।

# Dr. Sumir Gandhi: Oral Surgeon Honored for Pioneering Research and Clinical Excellence

**New York, (Punjab Mail USA)-** Dr. Sumir Gandhi, a distinguished oral surgeon, has made significant strides in the field of dentistry, garnering recognition for his groundbreaking research and contributions to clinical practice. With an illustrious career spanning several years, Dr. Gandhi has served as the head of the Department of Oral and Maxillofacial Surgery at Christian Dental College. He completed Doctor of Dental Surgery (DDS) degree at NYU College of Dentistry, further expanding his expertise and knowledge in the field. Because of his excellence in research, he has been nominated as a full member to the prestigious Sigma Xi organization. He has also been awarded membership of The Omega Chapter of Omicron Kappa Upsilon, which is a national dental honor society. Additionally, he has been awarded the Dr. Bernard E. Rudner Memorial Award for demonstrating superior clinical performance at NYU College of Dentistry.

Dr. Gandhi's research prowess extends to a wide range of areas, including his



notable work on COVID-19 and other infectious diseases. As part of an international cohort during the pandemic, Dr. Gandhi's research findings played a crucial role in guiding clinicians worldwide on the timing of elective surgery in COVID-19 patients. His contributions have been acknowledged by prestigious organizations such as Alberta Health Services, the Royal College of Anaesthetists, the Royal College of Surgeons England, the Canadian Thoracic Society, and the Infectious Diseases Society of America, among others.

Beyond infectious diseases, Dr. Gandhi's research on sleep apnea, conducted in collaboration with his team, has yielded significant advancements in patient care. Their work on maxillomandibular advancement for the treatment of obstructive sleep apnea has been accepted by the International Consensus Statement in Obstructive Sleep Apnea, highlighting its global impact on the field of sleep medicine.

Dr. Gandhi's dedication to advancing dental science and improving patient outcomes underscores his commitment to excellence. His research continues to shape clinical practice and contribute to the advancement of oral and maxillofacial surgery on a global scale.



# President Biden's son Hunter convicted of all 3 felonies in federal gun trial

Punjab Mail USA

Hunter Biden was convicted Tuesday of all three felony charges related to the purchase of a revolver in 2018 when, prosecutors argued, the president's son lied on a mandatory gun-purchase form by saying he was not illegally using or addicted to drugs.

Jurors found Hunter Biden guilty of lying to a federally licensed gun dealer, making a false claim on the application by saying he was not a drug user and illegally having the gun for 11 days. The jury in Wilmington, Delaware, deliberated for about three hours over two days.

Hunter Biden started straight ahead and showed little emotion as the verdict was read. After the verdict, he hugged both of his attorneys and smiled wanly. He kissed his wife, Melissa, and they



left the courtroom together. First lady Jill Biden arrived at the courthouse minutes after the jury delivered its verdict and was not in the courtroom when it was read.

Hunter Biden left the courthouse holding hands with the first lady and his wife. They did not speak to reporters, got into waiting SUVs and drove off.

He faces up to 25 years in prison when he is sentenced by Judge Maryellen Noreika, though first-time offenders do not get anywhere near the maximum, and it's unclear whether she would give him time behind bars. The judge did not set a sentencing date.

Now, Hunter Biden and presumptive Republican presidential nominee Donald Trump, the chief political rival of President Joe Biden, have been convicted by American jurors in an election year that has been as much about the courtroom as it has been about campaign events and rallies.

Joe Biden has steered clear of the federal courtroom in Delaware where his son was tried and said little about the case, wary of creating an impression of interfering in a criminal matter brought by his own Justice Department. But allies of the Democrat have worried about the toll that the trial — and now the conviction — will take on the 81-year-old, who has long been concerned with his only living son's health and sustained sobriety.

# Secretary Blinken's Meeting with Iraqi Prime Minister Sudani

Punjab Mail USA

**The below is attributable to Spokesperson Matthew Miller:**

Secretary of State Antony J. Blinken met with Iraqi Prime Minister Mohammed Shia al-Sudani today in Jordan. Secretary Blinken and Prime Minister Sudani discussed the comprehensive proposal to achieve a ceasefire in Gaza and secure the release of all hostages. The Secretary expressed appreciation for Iraq's support of the plan and reiterated that Hamas should accept it without further delay. The Secretary affirmed that we remain committed to the U.S.-Iraq 360-degree relationship to build economic opportunities and prosperity for all Iraqis.

# Imposing Sanctions on Corrupt Actors in Guyana

Punjab Mail USA

The United States is imposing sanctions today on Nazar Mohamed, his son, Azruddin Mohamed, their company, Mohamed's Enterprise, and Mae Thomas, the former Permanent Secretary to Guyana's Minister of Home Affairs and current Permanent Secretary to the Ministry of Labour, for their roles in public corruption in Guyana. We are also designating two entities, Hadi's World and Team Mohamed's Racing Team, for being owned or controlled by Mohamed's Enterprise and Azruddin, respectively.

Between 2019 and 2023, Mohamed's Enterprise omitted more than ten thousand kilograms of gold from import and export declarations and avoided paying more than $50 million in duty taxes to the Government of Guyana. To perpetuate and conceal this scheme, Mohamed's Enterprise engaged in extensive bribery of government officials. This activity served to enrich the corrupt actors involved, undermine Guyanese institutions, and deprive the people of Guyana of important revenues.

Also sanctioned today, Mae Thomas misused her position as Permanent Secretary to the Guyana Minister of Home Affairs from October 2020-August 2023 to offer benefits to Mohamed's Enterprise and Azruddin in exchange for cash payments and high-value gifts.

Today's actions support the U.S. Strategy on Countering Corruption which identifies the fight against corruption as a national security priority. The United States is committed to exposing corruption and promoting accountability for corrupt acts worldwide. We will continue to use the tools at our disposal to protect our financial system from abuse by corrupt actors.

The Department of the Treasury is taking this action pursuant to Executive Order 13818, which builds upon and implements the Global Magnitsky Human Rights Accountability Act and targets perpetrators of serious human rights abuse and corruption around the world.

## ਅਵਤਾਰ ਪੁਰਬ 'ਤੇ ਵਿਸ਼ੇਸ਼

# ਹਕੂਮਤ ਨਾਲ ਲੜਾਈਆਂ ਦਾ ਮੁੱਢ ਬੰਨਣ ਵਾਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA



ਸਿੱਖ ਇਤਿਹਾਸਕਾਰਾਂ ਨੇ ਆਮ ਤੌਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਤਰੀਕ 19 ਜੂਨ, ਸੰਨ 1595 ਮੰਨੀ ਹੈ ਪਰ ਸੰਨ ਸਭ ਦੇ 1595 ਹੀ ਹੈ। ਪਰ ਭੱਟ ਵਹੀਆਂ ਜਿਨ੍ਹਾਂ ਨੂੰ ਕੁਝ ਇਤਿਹਾਸਕਾਰ ਸਭ ਤੋਂ ਪੁਰਾਣੇ ਸਰੋਤ ਮੰਨਦੇ ਹਨ, ਨੇ ਇਹ ਮਿਤੀ 19 ਜੂਨ, 1590 ਮੰਨੀ ਹੈ। ਪ੍ਰੋ. ਪਿਆਰਾ ਸਿੰਘ ਪਦਮ, ਡਾ. ਹਰਜਿੰਦਰ ਸਿੰਘ ਦਿਲਗੀਰ, ਮਹਿੰਦਰ ਸਿੰਘ ਜੋਸ਼ ਆਦਿ ਨੇ ਭੱਟ ਵਹੀਆਂ ਦੀ ਤਰੀਕ ਨੂੰ ਮੰਨਿਆ ਹੈ। ਡਾ. ਸੁਖਦਿਆਲ ਸਿੰਘ ਨੇ ਵੀ ਸੰਨ 1590 ਮੰਨਿਆ ਹੈ। ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ' ਵਿਚ ਵੀ ਇਸ ਤਰੀਕ ਨੂੰ ਠੀਕ ਮੰਨਿਆ ਜਾ ਰਿਹਾ ਹੈ। ਆਪ ਦੇ ਪਿਤਾ ਜੀ ਦਾ ਨਾਂ ਗੁਰੂ ਅਰਜਨ ਸਾਹਿਬ ਤੇ ਮਾਤਾ ਦਾ ਨਾਂ ਮਾਤਾ ਗੰਗਾ ਜੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਜੇਠ ਚੌਥ, ਸੰਮਤ 1663 ਬਿਕਰਮੀ ਮੁਤਾਬਕ 30 ਮਈ 1606 ਈ. ਨੂੰ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਸ਼ਹਾਦਤ ਸਿੱਖ ਲਹਿਰ ਲਈ ਇੱਕ ਬਹੁਤ ਵੱਡੀ ਚੁਣੌਤੀ ਸੀ, ਜਿਸ ਨੂੰ ਆਪ ਨੇ ਸਵੀਕਾਰ ਕੀਤਾ। ਆਪ ਨੇ ਆਪਣਾ ਗੁਰਿਆਈ ਤਿਲਕ ਤਖ਼ਤ 'ਤੇ ਬੈਠ ਕੇ ਧਾਰਨ ਕੀਤਾ। ਗੁਰਿਆਈ ਤਿਲਕ ਤਖ਼ਤ 'ਤੇ ਬੈਠ ਕੇ ਧਾਰਨ ਕਰਨ ਤੋਂ ਭਾਵ ਸੀ ਕਿ ਹਕੂਮਤ ਦੀ ਕਾਰਵਾਈ ਦਾ ਜਵਾਬ ਉਸ ਦੀ ਆਪਣੀ ਬੋਲੀ ਵਿਚ ਦੇਣਾ ਸੀ। ਜੇ ਹਕੂਮਤ ਨੇ ਸੋਚਿਆ ਸੀ ਕਿ ਇਹ ਲਹਿਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਦੱਬ ਜਾਵੇਗੀ, ਤਾਂ ਆਪ ਜੀ ਦਾ ਜਵਾਬ ਸੀ ਕਿ ਅੱਗੇ ਤੋਂ ਇਹ ਸਿੱਖ ਲਹਿਰ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿੱਖ ਸਮਾਜ ਦੇ ਆਤਮਨਿਰਣੈ ਦੀ ਸ਼ਕਤੀ ਵੀ ਧਾਰਨ ਕਰੇਗੀ। ਉਨ੍ਹਾਂ ਨੇ ਦੋ ਕ੍ਰਿਪਾਨਾਂ ਇੱਕ ਧਾਰਮਿਕ ਸ਼ਕਤੀ ਦੀ ਤੇ ਦੂਜੀ ਆਤਮਨਿਰਣੈ ਦੀ। ਸਿੱਖ ਪੰਥ ਵਿਚ ਇਸ ਨੂੰ ਮੀਰੀ-ਪੀਰੀ ਦਾ ਸੰਕਲਪ ਕਿਹਾ ਜਾਂਦਾ ਹੈ। ਦੋ ਕ੍ਰਿਪਾਨਾਂ ਤੋਂ ਇਲਾਵਾ ਆਪ ਜੀ ਨੇ ਕਈ ਹੋਰ ਚਿੰਨ੍ਹ ਵੀ ਧਾਰਨ ਕੀਤੇ, ਜਿਵੇਂ ਕਿ ਸੀਸ ਉਪਰ ਕਲਗੀਆਂ ਵਾਲੀ ਦਸਤਾਰ ਪਹਿਨਣਾਂ, ਸੀਸ ਉਪਰ ਛਤਰ ਝੁਲਾਉਣਾ, ਹਥਿਆਰਬੰਦ ਸਿੱਖ ਘੋੜ ਸੁਆਰ ਖੜ੍ਹੇ ਕਰਨਾ, ਨਗਾਰਾ ਵਜਾਉਣਾ, ਅਕਾਲ ਤਖ਼ਤ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਆਦਿ।

ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਹਾੜ ਸੁਦੀ ਪੰਚਮੀ, ਸੰਮਤ 1763 ਬਿ. ਮੁਤਾਬਕ 15 ਜੂਨ 1606 ਈ. ਵਿਚ ਕੀਤੀ ਗਈ। ਇਸ ਮਹਾਨ ਸੰਸਥਾ ਦੀ ਨੀਂਹ ਰੱਖਣ ਦੀ ਰਸਮ ਅਤੇ ਇਸ ਦੀ ਸਾਰੀ ਉਸਾਰੀ ਆਪ ਜੀ ਨੇ ਖ਼ੁਦ ਕੀਤੀ। ਆਪ ਜੀ ਦੀ ਸਹਾਇਤਾ ਕਰਨ ਵਾਲੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਨ।

ਗੁਰਿਆਈ ਤਿਲਕ ਲਾਉਣ ਲਈ ਹਦਾਇਤਾਂ ਮੁਤਾਬਕ ਇੱਕ ਉੱਚੇ ਥੜੇ ਦੀ ਸਥਾਪਨਾ ਕੀਤੀ ਗਈ। ਇਸ ਥੜੇ ਦਾ ਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਰੱਖਿਆ ਗਿਆ। ਇਸ ਨੂੰ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਲੋਕ ਸ਼ਕਤੀ ਦਾ ਪ੍ਰਤੀਕ ਅਤੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਦਾ ਪ੍ਰਤੀਕ ਸਮਝਿਆ ਗਿਆ ਸੀ।

ਇਸ ਤਖ਼ਤ ਉਪਰ ਬੈਠ ਕੇ ਸਭ ਤੋਂ ਪਹਿਲਾ ਐਲਾਨ ਇਹ ਕੀਤਾ ਗਿਆ ਕਿ ਜੋ ਵੀ ਸਿੱਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਵੇ, ਉਹ ਹਥਿਆਰਬੰਦ ਅਤੇ ਘੋੜਸੁਆਰ ਹੋ ਕੇ ਹੀ ਆਵੇ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਛੇਤੀ ਹੀ ਸੈਂਕੜਿਆਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਸਮੁੱਚੇ ਹਥਿਆਰਬੰਦ ਸਿੱਖਾਂ ਨੂੰ ਚਾਰ ਜੱਥਿਆਂ ਵਿਚ ਜੱਥੇਬੰਦ ਕੀਤਾ ਗਿਆ। ਇਨ੍ਹਾਂ ਚਾਰ ਜੱਥਿਆਂ ਦੇ ਜਥੇਦਾਰ ਸਨ : ਭਾਈ ਬਿਧੀ ਚੰਦ, ਪੈਂਦੇ ਖਾਂ, ਭਾਈ ਪਿਰਾਣਾ ਅਤੇ ਭਾਈ ਜੇਠਾ। ਕੁਝ ਲਿਖਤਾਂ ਵਿਚ ਇਨ੍ਹਾਂ ਜੱਥਿਆਂ ਦੀ ਗਿਣਤੀ ਪੰਜ ਦੱਸੀ ਗਈ ਹੈ। ਪੰਜਵੇਂ ਜੱਥੇ ਦੀ ਜੱਥੇਦਾਰੀ ਭਾਈ ਲੰਗਾਹਾ ਕੋਲ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜਿਹੜੇ ਧਾਰਨ ਕੀਤੀਆਂ ਗਈਆਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਵਾਂਗ ਹੀ ਅਧਿਆਤਮਿਕ ਅਤੇ ਸੰਸਾਰਿਕ ਸ਼ਕਤੀ ਦੀ ਸੁਮੇਲਤਾ ਅਤੇ ਅੰਤਰ ਸੰਬੰਧਤਾ ਦੇ ਪ੍ਰਤੀਕ ਸਨ। ਸਿੱਖ ਸੰਗਤਾਂ ਦੇ ਸਵੇਰੇ ਸ਼ਾਮ ਦਰਬਾਰ ਲਗਾਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਦਰਬਾਰਾਂ ਵਿਚ ਸਿੱਖਾਂ ਦੇ ਆਪਣੇ ਮਸਲੇ ਸੁਣੇ ਜਾਂਦੇ ਸਨ ਅਤੇ ਨਿਬੇੜੇ ਜਾਂਦੇ ਸਨ, ਬੀਰ-ਰਸ ਭਰਪੂਰ ਵਾਰਾਂ ਸੁਣਾਈਆਂ ਜਾਂਦੀਆਂ। ਬਾਹਰਲੇ ਰਾਜਿਆਂ ਮਹਾਰਾਜਿਆਂ ਵੱਲੋਂ ਭੇਜੇ ਗਏ ਦੂਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਜਾਂਦਾ ਅਤੇ ਸਿੱਖਾਂ ਨੂੰ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਡੱਟਣ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਸਨ। ਇਸ



ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਸਰਬਉੱਚ ਨੇਤਾ ਦੇ ਰੂਪ ਵਿੱਚ ਸਾਹਮਣੇ ਆਏ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਬਉੱਚ ਅਦਾਲਤੀ ਅਸਥਾਨ ਬਣ ਕੇ ਸਾਹਮਣੇ ਆਇਆ। ਇਸ ਨਾਲ ਸਿੱਖ ਜਗਤ ਦੇ ਮਨਾਂ ਵਿੱਚ ਆਤਮ ਸ਼ਾਸਨ ਦਾ ਗਿਆਨ ਹੋਣਾ ਸ਼ੁਰੂ ਹੋ ਗਿਆ ਅਤੇ ਦਿੱਲੀ ਤਖ਼ਤ ਦੇ ਮੁਕਾਬਲੇ 'ਤੇ ਇੱਕ ਵਿਸ਼ੇਸ਼ ਕਿਸਮ ਦੀ ਰਾਜਨੀਤਿਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ। ਉਨੀਵੀਂ ਸਦੀ ਦੇ ਇੱਕ ਗੁਰਮੁਖੀ ਲਿਖਤ ਦੇ ਲੇਖਕ ਵੀਰ ਸਿੰਘ ਬਲ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਲੀ ਅਤੇ ਲਾਹੌਰ ਦੇ ਤਖ਼ਤਾਂ ਦੀ ਸ਼ਕਤੀ ਨੂੰ ਰੱਦ ਕਰਕੇ ਅੰਮ੍ਰਿਤਸਰ ਵਿਖੇ ਇੱਕ ਨਿਰਮੋਹ ਤਖ਼ਤ ਦੀ ਸਥਾਪਨਾ ਕੀਤੀ। ਭਾਵੇਂ ਇਸ ਕਥਨ ਨੂੰ ਇੰਨ-ਬਿੰਨ ਅਰਥਾਂ ਵਿਚ ਨਾ ਵੀ ਲਿਆ ਜਾਵੇ ਪਰ ਇਸ ਨਾਲ ਸਿੱਖ ਹਿਰਦਿਆਂ ਵਿਚ ਆਈ ਇੱਕ ਵਿਸ਼ੇਸ਼ ਕਿਸਮ ਦੀ ਚੇਤੰਨਤਾ ਦਾ ਪ੍ਰਗਟਾਵਾ ਜ਼ਰੂਰ ਹੋਇਆ।

ਅੰਮ੍ਰਿਤਸਰ ਨਗਰ ਦੀ ਚਹੁੰ-ਤਰਫੋਂ ਕਿਲ੍ਹਾਬੰਦੀ ਕੀਤੀ ਗਈ, ਤਾਂ ਕਿ ਕੋਈ ਗੁਰੂ ਘਰ ਦਾ ਦੋਖੀ ਨਗਰ ਉਪਰ ਅਚਾਨਕ ਹਮਲਾ ਨਾ ਕਰ ਸਕੇ। ਲੋਹਗੜ੍ਹ ਨਾਮੀ ਇੱਕ ਕਿਲ੍ਹਾ ਤਿਆਰ ਕੀਤਾ ਗਿਆ, ਜਿੱਥੇ ਗੁਰੂ ਜੀ ਦੇ ਘੋੜ ਸੁਆਰ ਸਿੱਖ ਰਿਹਾ ਕਰਦੇ ਸਨ। ਇਹ ਸਭ ਤਿਆਰੀਆਂ ਗੁਰਿਆਈ ਤਿਲਕ ਧਾਰਨ ਕਰਨ ਦੇ ਤੁਰੰਤ ਬਾਅਦ ਹੀ ਕੀਤੀਆਂ ਗਈਆਂ ਸਨ।

**ਹਕੂਮਤ ਨਾਲ ਲੜਾਈਆਂ :** ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਵਿਚ ਅਨੇਕਾਂ ਲੜਾਈਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੜਾਈਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਨਹੀਂ ਹੋਈਆਂ, ਸਗੋਂ ਉਸ ਸਮੇਂ ਹੋਈਆਂ ਸਨ, ਜਦੋਂ ਸਿੱਖ ਜਗਤ ਆਪਣੇ ਸ਼ਹੀਦ ਗੁਰੂ ਦੀ ਸ਼ਹਾਦਤ ਦੇ ਗ਼ਮ ਵਿਚੋਂ ਸੰਭਲ ਕੇ ਧਰਮ ਪ੍ਰਚਾਰ ਵਿਚ ਲੱਗਾ ਹੋਇਆ ਸੀ। ਬਾਦਸ਼ਾਹ ਜਹਾਂਗੀਰ ਦਾ ਪਿਛਲਾ ਸਾਰਾ ਸਮਾਂ ਗੁਰੂ ਘਰ ਪ੍ਰਤੀ ਦੋਸਤਾਨਾ ਸੀ। ਪਰ ਉਸ ਦੀ ਮੌਤ ਬਾਅਦ ਜਦੋਂ ਉਸ ਦਾ ਪੁੱਤਰ ਸ਼ਾਹ ਜਹਾਨ ਬਾਦਸ਼ਾਹ ਬਣਿਆ ਤਾਂ ਗੁਰੂ ਸਾਹਿਬ ਨੂੰ ਲੜਾਈਆਂ ਦਾ ਸਮਾਂ ਦੇਖਣਾ ਪਿਆ। ਇਹ ਲੜਾਈਆਂ ਉਸ ਦੇ ਮੁੱਢਲੇ ਸਮੇਂ ਵਿਚ ਹੀ ਹੋਈਆਂ ਸਨ। ਸ਼ਾਹ ਜਹਾਨ 1627 ਈ. ਵਿਚ ਗੱਦੀ 'ਤੇ ਬੈਠਾ ਸੀ ਅਤੇ ਗੁਰੂ ਜੀ ਨੂੰ ਪਹਿਲੀ ਲੜਾਈ 1629 ਈ. ਵਿਚ ਕਰਨੀ ਪਈ ਸੀ। ਬਾਦਸ਼ਾਹ ਪੰਜਾਬ ਤੋਂ ਦੂਰ ਸੀ ਅਤੇ ਪੰਜਾਬ ਦੇ ਅਧਿਕਾਰੀ ਆਪਣੀ ਮਨਮਾਨੀ ਕਰਦੇ ਸਨ। ਜਦੋਂ ਬਾਦਸ਼ਾਹ ਪੰਜਾਬ ਵਿਚ ਆਇਆ ਸੀ, ਤਾਂ ਗੁਰੂ ਜੀ ਨੂੰ ਵੀ ਕੋਈ ਲੜਾਈ ਨਹੀਂ ਕਰਨੀ ਪਈ ਸੀ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :-

**ਪਹਿਲੀ ਲੜਾਈ :-** 1629, ਨਵੇਂ ਬਣੇ ਬਾਦਸ਼ਾਹ ਸ਼ਾਹ ਜਹਾਨ ਨੇ ਕਿਉਂਕਿ ਨੂਰ ਜਹਾਂ ਨੂੰ ਕੈਦ ਕਰਕੇ ਅਤੇ ਆਪਣੇ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਕਤਲ ਕਰਕੇ, ਆਪਣੇ ਸਹੁਰਾ ਆਸਿਫ਼ ਖ਼ਾਨ ਦੀ ਮਦਦ ਨਾਲ ਰਾਜ-ਭਾਗ ਸੰਭਾਲਿਆ ਸੀ। ਇਸ ਕਰਕੇ ਉਹ ਮੁਸਲਿਮ ਜਗਤ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਵੀਂ ਧਾਰਮਿਕ ਨੀਤੀ ਦਾ ਐਲਾਨ ਕੀਤਾ। ਇਸ ਤਹਿਤ ਮੁਸਲਮਾਨਾਂ ਵੱਲੋਂ ਧਰਮ ਬਦਲਣ 'ਤੇ ਪਾਬੰਦੀ ਲਾਈ ਗਈ ਸੀ। ਹਿੰਦੂਆਂ ਦਾ ਕੋਈ ਨਵਾਂ ਮੰਦਰ ਨਹੀਂ ਬਣ ਸਕਦਾ ਸੀ। ਇਉਂ ਇਸ ਨੀਤੀ ਤੋਂ ਹੱਲਾਸ਼ੇਰੀ ਲੈ ਕੇ ਮੁਸਲਮਾਨ ਜਗਤ ਦੇ ਕੱਟੜ ਪੈਰੋਕਾਰ ਗੈਰ-ਮੁਸਲਮਾਨਾਂ ਪ੍ਰਤੀ ਹਮਲਾ ਕਰੂ ਨੀਤੀ ਅਪਣਾਉਣ ਲੱਗ ਪਏ ਸਨ। ਇਸ ਦਾ ਅਸਰ ਪੰਜਾਬ ਵਿਚ ਵੀ ਹੋਇਆ। ਸਿੱਖ ਧਰਮ ਦੀ ਵਿਰੋਧਤਾ ਕਰਨ ਵਾਲੇ ਮੁਸਲਿਮ ਕੱਟੜਪੰਥੀ ਮੌਲਾਣੇ ਅਤੇ ਅਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੀ ਅਤੇ ਸਿੱਖ ਗੁਰਦੁਆਰਿਆਂ ਪ੍ਰਤੀ ਹਮਲਾ ਕਰੂ ਰੁੱਖ ਅਖ਼ਤਿਆਰ ਕਰਨ ਲੱਗ ਪਏ ਸਨ। ਲਾਹੌਰ ਵਿਚ ਗੁਰੂ ਰਾਮਦਾਸ ਜੀ ਵੱਲੋਂ ਲਗਵਾਈ ਗਈ ਬਾਉਲੀ ਸਾਹਿਬ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ ਸੀ ਅਤੇ ਉੱਥੇ ਉਸਾਰੇ ਗਏ ਧਾਰਮਿਕ ਅਸਥਾਨ ਨੂੰ ਢਾਹ ਦਿੱਤਾ ਗਿਆ ਸੀ। ਗੁਰੂ ਘਰ ਦੇ ਵਿਰੋਧੀ ਸੈਨਿਕ ਅਧਿਕਾਰੀ ਗੁਰੂ ਜੀ ਉਪਰ ਹਮਲਾ ਕਰਨ ਦੇ ਮਨਸੂਬੇ ਬਣਾਉਣ ਲੱਗ ਪਏ ਸਨ।

ਲਾਹੌਰ ਦਾ ਗਵਰਨਰ ਕੁਲੀਜ਼ ਖ਼ਾਨ ਸੀ। ਉਸ ਨੇ ਆਪਣੇ ਇੱਕ ਫ਼ੌਜਦਾਰ ਮੁਖਲਿਸ ਖ਼ਾਨ ਨੂੰ ਅੰਮ੍ਰਿਤਸਰ ਗੁਰੂ ਜੀ ਉੱਪਰ ਹਮਲਾ ਕਰਨ ਲਈ ਭੇਜਿਆ, ਤਾਂ ਕਿ ਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਕੱਢ ਦਿੱਤਾ ਜਾਵੇ। ਇਹ ਗੱਲ ਅਪ੍ਰੈਲ, 1629 ਈ. ਦੀ ਹੈ। ਉਧਰ ਗੁਰੂ ਜੀ ਆਪਣੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਦੀਆਂ ਰਸਮਾਂ ਵਿਚ ਰੁੱਝੇ ਹੋਏ ਸਨ। ਅਚਨਚੇਤ ਗੁਰੂ ਜੀ ਉਪਰ ਹਮਲਾ ਕੀਤਾ ਗਿਆ। ਜਿੰਨੀਆਂ ਕੁ ਸਿੱਖ ਸੰਗਤਾਂ ਅੰਮ੍ਰਿਤਸਰ ਵਿਖੇ ਸਨ, ਉਨ੍ਹਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਹਮਲਾਵਰ ਫ਼ੌਜ ਦਾ ਮੁਕਾਬਲਾ ਕੀਤਾ। ਇਸ ਝੜਪ ਵਿਚ ਗੁਰੂ ਜੀ ਦਾ ਘਰਬਾਰ ਲੁੱਟ ਲਿਆ ਗਿਆ ਸੀ। ਲੜਕੀ ਦੀ ਸ਼ਾਦੀ ਲਈ ਤਿਆਰ ਕੀਤਾ ਸਮਾਨ ਲੁੱਟ ਲਿਆ ਗਿਆ ਸੀ। ਬਰਾਤ ਲਈ ਤਿਆਰ ਕੀਤੀ ਮਠਿਆਈ ਲੁੱਟ ਲਈ ਗਈ ਸੀ। ਜੁਲਿਫ਼ਕਾਰ ਅਰਧਿਸਤਾਨੀ ਲਿਖਦਾ ਹੈ ਕਿ ਉਸ (ਗੁਰੂ ਜੀ) ਦਾ ਸ਼ਹਿਨਸ਼ਾਹੀ ਗੁਮਾਸ਼ਤਿਆਂ ਦੀ ਫ਼ੌਜ ਅਤੇ ਸ਼ਾਹਜਹਾਨ ਦੇ ਨੌਕਰਾਂ ਨਾਲ, ਜੋ ਬਾਦਸ਼ਾਹੀ ਫ਼ੁਰਮਾਨ ਅਨੁਸਾਰ ਉਸ ਦੇ ਉਪਰ ਚੜ੍ਹਕੇ ਗਏ ਸੀ, ਟਾਕਰਾ ਹੋ ਗਿਆ। ਗੁਰੂ ਦਾ ਘਰ ਬਾਰ ਲੁੱਟਿਆ ਗਿਆ। ਪਰ ਇੱਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਜੀ ਉਪਰ ਹਮਲਾ ਕਰਨ ਬਾਰੇ ਬਾਦਸ਼ਾਹ ਦਾ ਸ਼ਾਹੀ ਫ਼ੁਰਮਾਨ ਕੋਈ ਨਹੀਂ ਸੀ ਅਤੇ ਨਾ ਹੀ ਬਾਦਸ਼ਾਹ ਦੀ ਗੁਰੂ ਜੀ ਉਪਰ ਹਮਲਾ ਕਰਨ ਵਿਚ ਕੋਈ ਦਿਲਚਸਪੀ ਹੀ ਸੀ। ਇਹ ਹਮਲਾ ਨਿਰੋਲ ਸਥਾਨਕ ਅਧਿਕਾਰੀਆਂ ਵੱਲੋਂ ਸੀ ਅਤੇ ਇਹ ਵੀ ਸਿਰਫ਼ ਸੀਮਤ ਹੱਦ ਤੱਕ ਹੀ ਸੀ। ਪੰਜਾਬ ਦੀ ਸਮੁੱਚੀ ਹਕੂਮਤ ਦੀ ਵੀ ਇਸ ਵਿਚ ਕੋਈ ਦਿਲਚਸਪੀ ਨਹੀਂ ਸੀ।

ਗੁਰੂ ਜੀ ਦੇ ਸਿੱਖਾਂ ਵੱਲੋਂ ਜੋ ਸਿੱਖ ਸ਼ਹੀਦ ਹੋਏ ਸਨ, ਉਨ੍ਹਾਂ ਦੀ ਗਿਣਤੀ ਤੇਰ੍ਹਾਂ ਦੱਸੀ ਗਈ ਹੈ ਅਤੇ ਇਨ੍ਹਾਂ ਦੇ ਨਾਂ ਇਉਂ ਹਨ, ਭਾਈ ਨੰਦ ਜੀ, ਭਾਈ ਜੈਤਾ ਜੀ, ਭਾਈ ਪਿਰਾਣਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਂਈ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖ਼ਤੂ, ਭਾਈ ਮੋਹਨ ਅਤੇ ਭਾਈ ਗੋਪਾਲ ਜੀ।

ਅੰਮ੍ਰਿਤਸਰ ਦੇ ਨੇੜੇ ਹੀ ਝਬਾਲ ਪਿੰਡ ਹੈ। ਝਬਾਲ ਦਾ ਚੌਧਰੀ ਲੰਗਾਹ ਸੀ, ਜੋ ਗੁਰੂ ਅਰਜਨ ਦੇਵ ਜੀ ਦੇ ਮੁਖੀ ਸਿੱਖਾਂ ਵਿਚੋਂ ਸੀ। ਇਸ ਲੜਾਈ ਵਿਚ ਚੌਧਰੀ ਲੰਗਾਹ ਵੀ ਗੁਰੂ ਜੀ ਦੀ ਮਦਦ ਕਰਨ ਲਈ ਆਇਆ ਸੀ। ਲੜਾਈ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਨੇ ਆਪਣਾ ਸਾਰਾ ਪਰਿਵਾਰ ਝਬਾਲ ਵਿਖੇ, ਚੌਧਰੀ ਲੰਗਾਹ ਦੀ ਨਿਗਰਾਨੀ ਹੇਠ ਤੋਰ ਦਿੱਤਾ ਸੀ। ਹਮਲਾ ਕਰਨ ਆਏ ਅਧਿਕਾਰੀ ਚੌਧਰੀ ਲੰਗਾਹ ਦੀ ਜਾਗੀਰ ਵਿਚ ਨਹੀਂ ਜਾ ਸਕਦੇ ਸਨ। ਝੱਟਪੱਟ ਦੇ ਹਮਲੇ ਵਿਚ ਦੁਸ਼ਮਣ ਜਿੰਨਾਂ ਕੁ ਨੁਕਸਾਨ ਗੁਰੂ ਜੀ ਦਾ ਕਰ ਸਕਦਾ ਸੀ, ਉਤਨਾ ਕੁ ਕਰ ਦਿੱਤਾ। ਉਪਰੰਤ ਉਹ ਜਿਧਰੋਂ ਆਏ ਸਨ, ਉਧਰ ਹੀ ਤੇਜ਼ੀ ਨਾਲ ਮੁੜ ਗਏ ਸਨ। ਗੁਰੂ ਜੀ ਝਬਾਲ ਵਿਖੇ ਪਹੁੰਚੇ ਅਤੇ ਉਥੇ ਜਾ ਕੇ ਆਪਣੀ ਬੀਬੀ ਵੀਰੋ ਜੀ ਦੀ ਸ਼ਾਦੀ ਕੀਤੀ। ਸ਼ਾਦੀ ਕਰਨ ਉਪਰੰਤ ਗੁਰੂ ਜੀ ਉਥੇ ਨਹੀਂ ਠਹਿਰੇ ਅਤੇ ਆਪਣੀਆਂ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਕਰਤਾਰਪੁਰ ਵੱਲ ਆ ਗਏ।

ਅੰਮ੍ਰਿਤਸਰ ਦੀ ਲੜਾਈ ਸਿੱਖ ਇਤਿਹਾਸ ਵਿਚ ਪਹਿਲੀ ਲੜਾਈ ਹੈ, ਜੋ ਸਿੱਖਾਂ ਨੇ ਗੁਰੂ ਜੀ ਦੀ ਅਗਵਾਈ ਹੇਠ ਮੁਗ਼ਲ ਹਕੂਮਤ ਦੇ ਸਥਾਨਕ ਅਧਿਕਾਰੀਆਂ ਨਾਲ ਕੀਤੀ ਸੀ। ਸਿੱਖਾਂ ਨੇ ਆਪਣੀ ਸਵੈ-ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਦੁਸ਼ਮਣ ਨੂੰ ਦੱਸ ਦਿੱਤਾ ਗਿਆ ਸੀ ਕਿ ਸਿੱਖ ਨਿਰੋਲ ਭਾਣਾ ਮਿੱਠਾ ਕਰਕੇ ਮੰਨਣ ਵਾਲੇ ਭਗਤ ਨਹੀਂ ਹਨ, ਸਗੋਂ ਉਹ ਲੋੜ ਪੈਣ 'ਤੇ ਜੰਗ ਦੇ ਮੈਦਾਨ ਵਿਚ ਵੀ ਖੜ੍ਹੋ ਸਕਦੇ ਹਨ। ਅਹਿਮੀਅਤ ਇਸ ਗੱਲ ਦੀ ਨਹੀਂ ਹੈ ਕਿ ਇਸ ਲੜਾਈ ਵਿਚ ਸਿੱਖ ਜਿੱਤੇ ਜਾਂ ਹਾਰੇ, ਸਗੋਂ ਦੇਖਣ ਵਾਲੀ ਗੱਲ ਇਹ ਹੈ ਕਿ ਜਿਸ ਸਿਧਾਂਤ ਲਈ ਗੁਰੂ ਸਾਹਿਬ ਜੂਝ ਰਹੇ ਸਨ, ਕੀ ਇਸ ਲੜਾਈ ਬਾਅਦ ਉਸ ਸਿਧਾਂਤ ਨੂੰ ਛੱਡ ਤਾਂ ਨਹੀਂ ਦਿੱਤਾ ਗਿਆ ਸੀ? ਗੁਰੂ ਜੀ ਸਿੱਖਾਂ ਦੀ ਸੁਤੰਤਰਤਾ ਲਈ ਜੂਝ ਰਹੇ ਸਨ। ਉਨ੍ਹਾਂ ਨੇ ਇਸ ਸੁਤੰਤਰਤਾ ਦੀ ਕੀਮਤ 'ਤੇ ਆਪਣੇ ਦੁਸ਼ਮਣਾਂ ਨਾਲ ਸੌਦਾ ਨਹੀਂ ਕੀਤਾ। ਇਸ ਸੁਤੰਤਰਤਾ ਦੀ ਰਾਖੀ ਲਈ ਉਨ੍ਹਾਂ ਨੂੰ ਜੇ ਤਲਵਾਰ ਵੀ ਚੁੱਕਣੀ ਪਈ, ਤਾਂ ਇਸ ਤੋਂ ਸੰਕੋਚ ਨਹੀਂ ਕੀਤਾ। ਦੁਸ਼ਮਣ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਕਮਜ਼ੋਰ ਨਹੀਂ ਸਗੋਂ ਹਮਲਾਵਰਾਂ ਦੇ ਦੰਦ ਖੱਟੇ ਕਰਨ ਵਾਲਾ ਹੈ। ਇਸ ਲੜਾਈ ਦਾ ਪੰਜਾਬ ਦੇ ਮੁਗ਼ਲ ਅਧਿਕਾਰੀਆਂ 'ਤੇ ਬੁਰਾ ਅਸਰ ਹੋਇਆ। ਜਦੋਂ ਵਜ਼ੀਰੇ ਆਜ਼ਮ ਆਸਿਫ਼ ਖ਼ਾਨ ਨੂੰ ਇਸ ਘਟਨਾ ਦਾ ਪਤਾ ਲੱਗਿਆ ਕਿ ਲਾਹੌਰ ਦੇ ਹਾਕਮਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਬਿਨਾਂ ਵਜ੍ਹਾ ਲੜਾਈ ਕੀਤੀ ਹੈ, ਤਾਂ ਉਸ ਨੇ ਲਾਹੌਰ ਦੇ ਗਵਰਨਰ ਕੁਲੀਜ਼ ਖ਼ਾਨ ਨੂੰ ਹਟਾ ਦਿੱਤਾ ਸੀ ਅਤੇ ਉਸ ਦੀ ਥਾਂ ਅਨਾਇਤ-ਉਲਾ ਏਜ਼ਦੀ ਨੂੰ ਨਵਾਂ ਗਵਰਨਰ ਥਾਪ ਦਿੱਤਾ ਸੀ। ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਲਾਹੌਰ ਦੇ ਹਾਕਮਾਂ ਨੇ ਸ਼ਾਹੀ ਮਨਜ਼ੂਰੀ ਤੋਂ ਬਿਨਾਂ ਹੀ ਗੁਰੂ ਜੀ ਉੱਪਰ ਹਮਲਾ ਕੀਤਾ ਸੀ।

ਇਹ ਲੜਾਈ ਅੰਮ੍ਰਿਤਸਰ ਵਿਖੇ, ਜਿੱਥੇ ਹੁਣ ਖਾਲਸਾ ਕਾਲਜ ਹੈ, ਉਸ ਅਸਥਾਨ 'ਤੇ ਲੜੀ ਗਈ ਸੀ। ਭਾਵੇਂ ਗੋਕਲ ਚੰਦ ਨਾਰੰਗ ਨੇ ਇਸ ਲੜਾਈ ਦਾ ਅਸਥਾਨ ਵਡਾਲੀ ਪਿੰਡ ਦੱਸਿਆ ਹੈ। ਪਰ ਵਡਾਲੀ ਦਾ ਵੀ ਖਾਲਸਾ ਕਾਲਜ ਵਾਲੀ ਥਾਂ ਤੋਂ ਕੋਈ ਜ਼ਿਆਦਾ ਫ਼ਰਕ ਨਹੀਂ ਹੈ। ਕੁਝ ਲਿਖਾਰੀਆਂ ਦਾ ਕਹਿਣਾ ਹੈ ਕਿ ਇਹ ਲੜਾਈ ਪਿੰਡ ਗੁਮਟਾਲੇ ਦੇ ਨੇੜੇ ਗੁਰਦੁਆਰਾ ਪਲਾਹ ਸਾਹਿਬ ਬਣਿਆ ਹੈ, ਉਸ ਅਸਥਾਨ 'ਤੇ ਲੜੀ ਗਈ ਸੀ।

**ਦੂਜੀ ਲੜਾਈ :-** ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਦੀ ਲੜਾਈ ਪਿੱਛੋਂ ਝਬਾਲ ਵਿਖੇ ਆਪਣੀ ਪੁੱਤਰੀ ਦੀ ਸ਼ਾਦੀ ਦਾ ਕੰਮ ਨਿਬੇੜ ਕੇ, ਸਿੱਖ ਸੰਗਤਾਂ ਸਮੇਤ ਕਰਤਾਰਪੁਰ (ਦੁਆਬੇ) ਵਿਚ ਆ ਗਏ ਸਨ। ਉਹ ਨਹੀਂ ਚਾਹੁੰਦੇ ਸਨ ਕਿ ਦੁਸ਼ਮਣਾਂ ਨੂੰ ਹੋਰ ਹਮਲਾ ਕਰਨ ਦਾ ਸਮਾਂ ਦਿੱਤਾ ਜਾਵੇ। ਕਰਤਾਰਪੁਰ ਦੇ ਨੇੜੇ ਹੀ ਦਰਿਆ ਬਿਆਸ ਦੇ ਇੱਕ ਕਿਨਾਰੇ ਉੱਪਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਸ੍ਰੀ ਗੋਬਿੰਦਪੁਰ ਸੀ। ਇਹ ਇੱਕ ਵਿਸ਼ਾਲ ਖਾਲੀ ਜਗ੍ਹਾ ਸੀ ਅਤੇ ਦਰਿਆ ਬਿਆਸ ਦੇ ਨੇੜੇ ਹੋਣ ਕਰਕੇ ਰਮਣੀਕ ਵੀ ਸੀ। ਗੁਰੂ ਜੀ ਨੇ ਇੱਥੇ ਹੀ ਆਪਣਾ ਠਹਿਰਾ ਕਰਨ ਦਾ ਫ਼ੈਸਲਾ ਕੀਤਾ। ਸਿੱਖ ਸੰਗਤਾਂ ਨੇ ਇੱਥੇ ਕੈਂਪ ਲਗਾ ਕੇ ਇਸ ਥਾਂ ਦੀ ਨਵੀਂ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਗਰ ਦੇ ਆਲੇ-ਦੁਆਲੇ ਕੋਟ ਵਗਲ ਕੇ ਸਾਧਾਰਨ ਕਿਲ੍ਹਾਬੰਦੀ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ। ਪਿੰਡਾਂ ਦੇ ਦੁਆਲੇ ਕੋਟ ਵਗਲ ਕੇ ਕਿਲ੍ਹਾਬੰਦੀ ਦਾ ਰੂਪ ਦੇਣਾ ਉਨ੍ਹੀਂ ਦਿਨੀਂ ਕੋਈ ਵੱਡੀ ਗੱਲ ਨਹੀਂ ਸੀ ਸਮਝੀ ਜਾਂਦੀ, ਸਗੋਂ ਇਹ ਪਿੰਡ ਦੀ, ਬਾਹਰਲੇ ਹਮਲਾਵਰਾਂ ਜਾਂ ਡਾਕੂਆਂ ਤੋਂ ਬਚਾਓ ਕਰਨ ਲਈ ਜ਼ਰੂਰੀ ਵੀ ਹੁੰਦਾ ਸੀ। ਜਿੱਥੇ ਵੀ ਕੋਈ ਸਰਦਾ-ਪੁਜਦਾ ਚੌਧਰੀ ਰਹਿੰਦਾ ਸੀ, ਉਸ ਦਾ ਪਿੰਡ ਕੋਟ-ਨੁਮਾਂ ਦੀਵਾਰ ਨਾਲ ਵਗਲਿਆ ਹੁੰਦਾ ਸੀ। ਇਸ ਕਰਕੇ ਜੇਕਰ ਗੁਰੂ ਸਾਹਿਬ ਨੇ ਸ੍ਰੀ ਗੋਬਿੰਦਪੁਰ ਨੂੰ ਕੋਟ ਵਗਲ ਕੇ ਆਪਣੀ ਸਵੈ-ਰੱਖਿਆ ਲਈ ਮਜ਼ਬੂਤ ਕਰ ਲਿਆ ਸੀ, ਤਾਂ ਇਹ ਹਕੂਮਤ ਦੇ ਖ਼ਿਲਾਫ਼ ਕੋਈ ਜੰਗੀ ਤਿਆਰੀ ਨਹੀਂ ਸੀ। ਸਿੱਖ ਸੰਗਤਾਂ ਨੇ ਇੱਥੇ ਰਹਿਣ ਸਮੇਂ ਇਸ ਨਗਰ ਦਾ ਪਹਿਲਾ ਨਾਂ ਸ੍ਰੀ ਗੋਬਿੰਦਪੁਰ ਤੋਂ ਬਦਲ ਕੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਇਹ ਇਲਾਕਾ ਕਿਸੇ ਭਗਵਾਨ ਦਾਸ ਘਰੜ ਦੀ ਜਾਗੀਰ ਵਿਚ ਸੀ। ਗੁਰੂ ਜੀ ਦੇ ਇੱਥੇ ਠਹਿਰਾ ਕਰਨ ਨਾਲ ਉਸ ਨੇ ਆਪਣੇ ਆਪ ਨੂੰ ਖ਼ਤਰਾ ਸਮਝਿਆ। ਪਹਿਲਾਂ ਪਹਿਲਾਂ ਉਸ ਨੇ ਇੱਥੇ ਗੁਰੂ ਜੀ ਲਈ ਕਈ ਮੁਸ਼ਕਿਲਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਗੁਰੂ ਜੀ ਇੱਥੋਂ ਚਲੇ ਜਾਣ। ਪਰ ਜਦੋਂ ਗੁਰੂ ਜੀ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ, ਤਾਂ ਉਸ ਨੇ ਸਿੱਧੀ ਦਖ਼ਲ ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਇੱਕ ਦਿਨ ਇਸੇ ਤਰ੍ਹਾਂ ਦੀ ਦਖ਼ਲ ਅੰਦਾਜ਼ੀ ਕਰਦਾ ਹੋਇਆ ਉਹ ਸਿੱਖ ਸੰਗਤਾਂ ਦੁਆਰਾ ਮਾਰਿਆ ਗਿਆ। ਇਸ ਗੱਲ ਨੇ ਸਾਰੇ ਝਗੜੇ ਨੂੰ ਵਧਾ ਦਿੱਤਾ ਸੀ। ਉਸ ਦਾ ਪੁੱਤਰ ਰਤਨ ਚੰਦ ਜਲੰਧਰ ਦੇ ਹਾਕਮ ਕੋਲ ਜਾ ਫ਼ਰਿਆਦੀ ਹੋਇਆ। ਜਲੰਧਰ ਦਾ ਹਾਕਮ ਉਸ ਵੇਲੇ ਅਬਦੁੱਲਾ ਖ਼ਾਨ ਸੀ। ਉਹ ਵੀ ਗੁਰੂ ਜੀ ਦੇ ਦੁਆਬੇ ਵਿਚ ਆ ਕੇ ਵਸਣ ਕਰਕੇ ਖ਼ਤਰਾ ਮਹਿਸੂਸ ਕਰ ਰਿਹਾ ਸੀ। ਇੱਕ ਹੋਰ ਕਰਮ ਚੰਦ, ਜੋ ਚੰਦੂ ਸ਼ਾਹ ਦਾ ਪੁੱਤਰ ਸੀ, ਰਤਨ ਚੰਦ ਨਾਲ ਮਿਲ ਗਿਆ ਸੀ। ਸਭ ਨੇ ਮਿਲ ਕੇ ਜਲੰਧਰ ਦੇ ਹਾਕਮ ਨੂੰ ਸੈਨਿਕ ਮਦਦ ਕਰਨ ਲਈ ਉਕਸਾਇਆ। ਇਸ ਤਰ੍ਹਾਂ ਤਕਰੀਬਨ ਚਾਰ ਹਜ਼ਾਰ ਦੀ ਗਿਣਤੀ ਵਿਚ ਸੈਨਾ ਅਤੇ ਇਲਾਕੇ ਦੇ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਉਪਰ ਚੜ੍ਹ ਕੇ ਆ ਗਏ। ਸਿੱਖ ਸੰਗਤਾਂ ਨੇ ਇਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ। ਅਬਦੁੱਲਾ ਖ਼ਾਨ ਮਾਰਿਆ ਗਿਆ ਸੀ। ਬਾਕੀ ਦੇ ਧਾੜਵੀਂ ਭੱਜ ਗਏ ਸਨ। ਸਿੱਖ ਸੰਗਤਾਂ ਨੇ ਪੂਰੀ ਕਾਮਯਾਬੀ ਨਾਲ ਹਮਲਾਵਰਾਂ ਨੂੰ ਨਸਾ ਦਿੱਤਾ ਸੀ। ਇਹ ਗੱਲ ਸਤੰਬਰ, 1630 ਈ. ਦੀ ਹੈ।

ਇੱਕ ਗੱਲ ਵਿਚਾਰਯੋਗ ਹੈ ਕਿ ਜਿੱਥੇ ਕੋਈ ਲੜਾਈ ਲੋਕ-ਸਮੂਹ ਨਾਲ ਹੁੰਦੀ ਹੈ, ਉੱਥੇ ਜਿੱਤ ਵੀ ਲੋਕ-ਸਮੂਹ ਦੀ ਹੀ ਹੁੰਦੀ ਹੈ। ਹਮਲਾਵਰ ਜਾਗੀਰਦਾਰ ਸਨ ਜਾਂ ਫ਼ੌਜਦਾਰ। ਇਹ ਤਨਖ਼ਾਹਦਾਰ ਜਾਂ ਕਿਰਾਏ ਦੇ ਲੋਕਾਂ ਦੀ ਧਾੜ ਸੀ। ਗੁਰੂ ਜੀ ਲੋਕ-ਨੇਤਾ ਸਨ ਅਤੇ ਲੋਕ-ਸਮੂਹ ਉਨ੍ਹਾਂ ਦੀ ਮਦਦ 'ਤੇ ਸੀ। ਜਦੋਂ ਕਿਰਾਏ ਦੇ ਧਾੜਵੀਂ ਹਮਲਾ ਕਰਕੇ ਆਏ, ਤਾਂ ਅੱਗੋਂ ਸਿੱਖ ਸੰਗਤਾਂ ਦੇ ਰੂਪ ਵਿਚ ਲੋਕ-ਸਮੂਹ ਇਕੱਠਾ ਹੋ ਕੇ ਇਨ੍ਹਾਂ ਧਾੜਵੀਆਂ ਦੇ ਵਿਰੁੱਧ ਡੱਟ ਕੇ ਖੜ੍ਹਾ ਹੋ ਗਿਆ। ਧਾੜਵੀ ਆਪਣੇ ਸੁਆਰਥਾਂ ਲਈ ਲੜਦੇ ਸਨ, ਜਦੋਂਕਿ ਗੁਰੂ ਜੀ ਆਪਣੀ ਰੱਖਿਆ ਲਈ ਮੁਕਾਬਲਾ ਕਰਦੇ ਸਨ। ਆਪਣੀ ਸੁਰੱਖਿਆ ਲਈ ਲੜਾਈ ਕਰਨਾ ਸ਼ਹੀਦ ਹੋਣ ਲਈ ਪ੍ਰੇਰਨਾ ਸਰੋਤ ਘਟਨਾ ਹੁੰਦੀ ਹੈ। ਸਿੱਖਾਂ ਲਈ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰਨਾ ਇੱਕ ਮਾਣ ਵਾਲੀ ਗੱਲ ਸੀ। ਇਸ ਕਰਕੇ ਹਮਲਾਵਰ ਦੁਸ਼ਮਣ, ਸੁਸਿੱਖਿਅਤ ਫ਼ੌਜ ਦੀ ਮਦਦ ਨਾਲ ਵੀ ਲੋਕ ਸਮੂਹ ਦੇ ਵਿਸ਼ਾਲ ਇਕੱਠ ਸਾਹਮਣੇ ਖੜ੍ਹੋ ਨਹੀਂ ਸਕਿਆ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ : "ਹਰਿਗੋਬਿੰਦ ਨੇ ਇਨ੍ਹਾਂ ਨੂੰ ਕਾਮਯਾਬੀ ਨਾਲ ਕੁੱਟ ਕੇ ਭਜਾ ਦਿੱਤਾ ਸੀ ਅਤੇ ਸ੍ਰੀ ਹਰਿਗੋਬਿੰਦ, ਜਿਵੇਂ ਕਿ ਇਸ ਥਾਂ ਨੂੰ ਹੁਣ ਕਹਿਣਾ ਸ਼ੁਰੂ ਕਰ ਦਿੱਤਾ ਸੀ, ਦੀ ਸਥਾਪਨਾ ਬਿਨਾਂ ਕਿਸੇ ਹੋਰ ਬਿਘਨ ਦੇ ਚੱਲਦੀ ਰਹੀ"।

ਗਯਾਨ ਸਿੰਘ ਅਨੁਸਾਰ ਲੜਾਈ ਪਿੱਛੋਂ ਗੁਰੂ ਸਾਹਿਬ ਕਾਫ਼ੀ ਸਮਾਂ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਹੀ ਰਹਿੰਦੇ ਰਹੇ ਅਤੇ ਇੱਥੇ ਹੀ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਬੁਲਾ ਲਿਆ ਸੀ। ਇੱਕ ਮਸੀਤ ਵੀ ਇੱਥੇ ਬਣਾਈ ਗਈ ਸੀ, ਤਾਂ ਕਿ ਗੁਰੂ ਜੀ ਦੇ ਮੁਸਲਿਮ ਪੈਰੋਕਾਰ ਆਪਣੇ ਧਾਰਮਿਕ ਅਕੀਦੇ ਪੂਰੇ ਕਰ ਸਕਣ।

■ ਬਾਕੀ ਅਗਲੇ ਅੰਕ 'ਚ

# ਫੌਹੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ



ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਇਹ ਹੀ ਕਿਹਾ ਜਾ ਰਿਹਾ ਹੈ ਕਿ ਆਪਣੇ-ਆਪ ਨੂੰ ਭਾਰਤ ਨੂੰ ਬਚਾਉਣ ਲਈ ਭੇਜੇ ਗਏ 'ਰਾਜੇ ਨਰੇਂਦਰ ਮੋਦੀ' ਨੂੰ ਹੁਣ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੀ ਆਵਾਜ਼ ਵੀ ਸੁਨਣੀ ਪਏਗੀ। ਹੁਣ ਪਾਰਲੀਮੈਂਟ ਵਿਚ ਕਾਨੂੰਨ ਪੂਰੀ ਬਹਿਸ ਅਤੇ ਵਿਚਾਰ-ਵਟਾਂਦਰੇ ਤੋਂ ਬਾਅਦ ਬਨਣਗੇ, ਉਵੇਂ ਨਹੀਂ ਜਿਵੇਂ ਪਿਛਲੇ ਦਹਾਕੇ 'ਚ ਮੋਦੀ ਸਰਕਾਰ ਨੇ ਬਣਾਏ ਹਨ। ਇਵੇਂ ਵੀ ਨਹੀਂ ਕਿ ਰਾਤ ਨੂੰ ਸੁਫ਼ਨਾ ਆਇਆ ਅਤੇ ਨੋਟਬੰਦੀ ਕਰ ਦਿੱਤੀ ਜਾਂ ਬਿਨ੍ਹਾਂ ਕਿਸੇ ਨਾਲ ਸਲਾਹ ਕੀਤਿਆਂ ਨਾਗਰਿਕਤਾ ਕਾਨੂੰਨ (ਸੀ.ਏ.ਏ.) ਪਾਸ ਕਰ ਦਿੱਤਾ, ਆਦਿ-ਆਦਿ।

ਕੀ ਗੱਠਜੋੜ ਐੱਨ.ਡੀ.ਏ. ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੱਚਮੁੱਚ ਲੋਕਤੰਤਰੀ ਢੰਗ ਅਪਨਾਉਣਗੇ ਜਾਂ ਫਿਰ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੋ ਦੀਆਂ ਇਲਾਕਾਈ ਪਾਰਟੀਆਂ ਅਤੇ ਇੰਡੀਆ ਗੱਠਜੋੜ ਦੇ ਸਿਆਸੀ ਦਲਾਂ 'ਚ ਟੁੱਟ-ਭੱਜ ਕਰਕੇ ਆਪਣੇ ਬਲਬੂਤੇ ਆਪਣੀ ਪਾਰਟੀ ਦਾ 272 ਅੰਕੜਾ ਪੂਰਾ ਕਰਕੇ ਮੁੜ ਉਨ੍ਹਾਂ ਕੰਮਾਂ ਉਤੇ ਚਲਣਗੇ, ਜਿਸਦੀ ਆਦਤ ਉਨ੍ਹਾਂ ਨੂੰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਾਂ ਦੇਸ਼ ਦਾ ਇੱਕ ਦਹਾਕੇ ਦਾ ਪ੍ਰਧਾਨ ਮੰਤਰੀ ਬਣਿਆ, ਪੈ ਚੁੱਕੀ ਹੈ।

ਨਰੇਂਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਤੀਜੀ ਪਾਰੀ ਖੇਡਣਗੇ। ਉਨ੍ਹਾਂ ਦੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 240 ਸੀਟਾਂ ਪ੍ਰਾਪਤ ਕੀਤੀਆਂ, ਬਿਹਾਰ ਵਾਲੇ ਨਿਤੀਸ਼ ਕੁਮਾਰ ਦੀਆਂ 12 ਅਤੇ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਦੀਆਂ 16, ਬਿਹਾਰ ਦੇ ਪਾਸਵਾਨ ਦੀਆਂ 5 ਸੀਟਾਂ ਅਤੇ ਕੁਝ ਹੋਰ ਛੋਟੇ ਦਲਾਂ ਦੀਆਂ ਸੀਟਾਂ ਲੈ ਕੇ ਉਨ੍ਹਾਂ ਨੇ ਕੇਂਦਰੀ ਵਜ਼ਾਰਤ ਬਨਾਉਣ ਲਈ 272 ਦਾ ਜਾਦੂਈ ਅੰਕੜਾ ਪਾਰ ਕਰਕੇ ਫੌਹੜੀਆਂ ਵਾਲੀ ਵਜ਼ਾਰਤ ਦੀ ਅਗਵਾਈ ਕਰਨੀ ਹੈ।

ਚਾਰ ਸੌ ਦਾ ਅੰਕੜਾ ਲੋਕ ਸਭਾ 'ਚ ਪ੍ਰਾਪਤ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਾਜਪਾ ਢਾਈ ਸੌ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਦੇਸ਼ ਦੀਆਂ 100 ਕਰੋੜ ਵੋਟਰਾਂ ਵਿਚੋਂ 62 ਕਰੋੜ ਪਾਈਆਂ ਗਈਆਂ ਵੋਟਾਂ ਵਿਚੋਂ ਉਨ੍ਹਾਂ ਦੀ ਪਾਰਟੀ ਇੱਕ ਤਿਹਾਈ ਵੋਟਾਂ ਹੀ ਪ੍ਰਾਪਤ ਕਰ ਸਕੀ ਅਤੇ ਹੁਣ ਦੇਸ਼ ਦੀ ਸ਼ਾਸਕ ਬਣ ਬੈਠੀ ਹੈ। ਪਰ ਹੁਣ ਮੋਦੀ ਦੀ ਮਜਬੂਰੀ ਬਣਦੀ ਜਾ ਰਹੀ ਹੈ ਕਿ ਮੌਜੂਦਾ ਐੱਨ.ਡੀ.ਏ. ਸਰਕਾਰ ਵਿਚ ਭਾਜਪਾ ਨੂੰ ਲੋਕਤੰਤਰੀ ਪ੍ਰਕਿਰਿਆ ਅਪਨਾਉਣੀ ਪਵੇਗੀ।

ਜਾਪਦਾ ਹੈ ਹੁਣ ਸੰਸਦ ਦੀ ਅਹਿਮੀਅਤ ਵਾਪਸ ਆ ਜਾਏਗੀ। ਸੰਸਦ ਦੇ ਅੰਦਰ ਵਿਰੋਧੀ ਧਿਰ ਦੀ ਅਣਦੇਖੀ ਨਹੀਂ ਹੋਏਗੀ, ਕਿਉਂਕਿ ਹੁਣ ਵਰ੍ਹਿਆਂ ਬਾਅਦ ਸੰਸਦ ਵਿਚ ਵਿਰੋਧੀ ਧਿਰ ਦਾ ਨੇਤਾ ਹੋਏਗਾ। ਪਿਛਲੇ ਦਸ ਵਰ੍ਹਿਆਂ 'ਚ ਜਾਪਣ ਲੱਗ ਪਿਆ ਸੀ ਕਿ ਦੇਸ਼ ਵਿਚੋਂ ਲੋਕਤੰਤਰ ਗਾਇਬ ਹੋ ਗਿਆ ਹੈ। ਇਕੋ ਪਾਰਟੀ ਭਾਜਪਾ ਦਾ ਰਾਜ-ਭਾਗ ਵੇਖਣ ਨੂੰ ਮਿਲ ਰਿਹਾ ਸੀ। ਉਸਦੇ ਨੇਤਾ ਭਾਰਤੀ ਸੰਵਿਧਾਨ ਬਦਲਣ ਜਾਂ ਨਵਾਂ ਲਿਖਣ ਦੀਆਂ ਗੱਲਾਂ ਕਰਨ ਲੱਗ ਪਏ ਸਨ। ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦੀਆਂ ਤਰਕੀਬਾਂ ਸੋਚੀਆਂ ਜਾਣ ਲੱਗ ਪਈਆਂ ਸਨ।

ਮੋਦੀ ਦੇ ਦੂਜੇ ਦੌਰ 'ਚ ਇਹ ਜਾਪਦਾ ਸੀ ਕਿ ਇਕ ਹੀ ਵਿਅਕਤੀ ਹੱਥ ਦੇਸ਼ ਦੀ ਵਾਂਗਡੋਰ ਸੀ ਅਤੇ ਉਹ ਹੀ ਅਹਿਮ ਫ਼ੈਸਲੇ ਲੈ ਰਿਹਾ ਹੈ। ਦੇਸ਼ ਵਿਚ ਤਾਨਾਸ਼ਾਹੀ ਵਧ ਰਹੀ ਸੀ। ਪਰ ਦੇਸ਼ ਦੀ ਜਨਤਾ ਨੇ ਇਨ੍ਹਾਂ ਵਿਚਾਰਾਂ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਠੱਲ੍ਹ ਪਾ ਦਿੱਤੀ ਹੈ ਅਤੇ ਦੇਸ਼ ਦੇ ਮੌਜੂਦਾ ਹਾਕਮਾਂ ਨੂੰ ਅਸਲ ਸੱਚਾਈ ਦੇ ਸਨਮੁੱਖ ਕਰ ਦਿੱਤਾ ਹੈ। ਉਹ ਇਹ ਕਿ ਲੋਕਾਂ ਨੂੰ ਫੋਕੇ ਨਾਹਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ। ਦੇਸ਼ ਸਾਹਵੇਂ ਜੋ ਵੱਡੀਆਂ ਸਮੱਸਿਆਵਾਂ ਹਨ, ਉਨ੍ਹਾਂ ਤੋਂ ਦੇਸ਼ ਦੀ ਜਨਤਾ ਮੁਕਤੀ ਚਾਹੁੰਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ ਮੁਕਤ ਭਾਰਤ ਦੇਸ਼ ਵਾਸੀਆਂ ਦਾ ਸੁਪਨਾ ਹੈ। ਧੱਕ ਧੌਂਸ, ਬੇਇਨਸਾਫ਼ੀ ਵਾਲੀ ਸਿਆਸਤ ਉਨ੍ਹਾਂ ਨੂੰ ਪ੍ਰਵਾਨ ਨਹੀਂ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਇਸ ਵਾਰ ਦੀ ਹਕੂਮਤ ਇਕ ਨਵਾਂ ਤਜ਼ਰਬਾ ਹੋਏਗਾ। ਉਨ੍ਹਾਂ ਨੂੰ ਗੱਠਜੋੜ ਸਰਕਾਰ ਦੀ ਅਗਵਾਈ ਕਰਨੀ ਹੋਵੇਗੀ। ਬਿਨ੍ਹਾਂ ਸ਼ੱਕ ਮੋਦੀ ਦਾ ਪ੍ਰਚਾਰਕ, ਭਾਜਪਾ ਦੇ ਜਨਰਲ ਸਕੱਤਰ, ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਆਪਣੇ ਲਗਭਗ 55 ਵਰ੍ਹਿਆਂ ਦੇ ਸਾਰਵਜਨਿਕ ਜੀਵਨ ਦਾ ਤਜ਼ਰਬਾ ਹੈ, ਪਰ ਇਸ ਵੇਲੇ ਉਹ ਪੂਰੀ ਤਰ੍ਹਾਂ ਇੱਕ ਨਵੀਂ ਖੇਡ 'ਚ ਸ਼ਾਮਲ ਹੋ ਰਹੇ ਹਨ, ਜਿਸ ਤੋਂ ਉਹ ਪੂਰੀ ਤਰ੍ਹਾਂ ਅਣਜਾਣ ਹਨ। ਉਹ ਹੈ ਗੱਠਜੋੜ ਸਰਕਾਰ ਚਲਾਉਣਾ।

ਦੇਸ਼ 'ਚ ਚੋਣਾਂ ਬਾਅਦ ਕੁਝ ਹੱਦ ਤੱਕ ਅਤੇ ਅੰਸ਼ਿਕ ਰੂਪ 'ਚ ਲੋਕਤੰਤਰ ਦੀ ਬਹਾਲੀ ਹੋਈ ਹੈ। ਭਾਰਤ ਦੇ ਲੋਕਾਂ ਨੇ ਇਸ ਵਾਰ ਕੁਝ ਚੀਜ਼ਾਂ ਹਾਸਲ ਕੀਤੀਆਂ ਹਨ, ਜਿਨ੍ਹਾਂ ਨੂੰ ਕੁਝ ਹਫ਼ਤੇ ਪਹਿਲਾਂ ਅਸੰਭਵ ਗਿਣਿਆ ਜਾਂਦਾ ਸੀ। ਇਸ ਸੰਦਰਭ 'ਚ ਸੋਚਿਆ ਜਾਣ ਲੱਗਾ ਹੈ ਕਿ ਕੀ ਹੁਣ ਲੋਕ ਸਭਾ ਅਤੇ ਰਾਜ ਸਭਾ ਦਾ ਸੰਚਾਲਨ ਨਿਯਮਾਂ ਅਨੁਸਾਰ ਅਤੇ ਸਰਬਸੰਮਤੀ ਨਾਲ ਹੋਏਗਾ?

ਕੀ ਨਵੇਂ ਬਿੱਲ ਲੋਕ ਸਭਾ, ਰਾਜ ਸਭਾ 'ਚ ਬਹਿਸ ਲਈ ਲਿਆਉਣ ਬਾਅਦ ਪਾਸ ਹੋਣਗੇ? ਕੀ ਪਾਰਲੀਮਾਨੀ ਸਬ ਕਮੇਟੀਆਂ ਮੁੜ ਸੁਰਜੀਤ ਹੋਣਗੀਆਂ? ਇਨ੍ਹਾਂ ਗੱਲਾਂ ਦੀ ਸੰਭਾਵਨਾ ਹੁਣ ਵਧ ਗਈ ਹੈ, ਕਿਉਂਕਿ ਵਿਸਾਖੀਆਂ, ਫੌਹੜੀਆਂ ਵਾਲੀ ਸਰਕਾਰ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ।

ਹੁਣ ਭਾਰਤ ਦੇ ਸੰਵਿਧਾਨ 'ਚ ਉਦੋਂ ਤੱਕ ਸੋਧ ਨਹੀਂ ਕੀਤੀ ਜਾ ਸਕੇਗੀ, ਜਦੋਂ ਤੱਕ ਹਾਕਮ ਧਿਰ ਅਤੇ ਵਿਰੋਧੀ ਧਿਰ 'ਚ ਆਪਸੀ ਸਹਿਮਤੀ ਨਹੀਂ ਬਣੇਗੀ। ਹੁਣ ਤਾਂ ਇਹ ਵੀ ਜਾਪਣ ਲੱਗਾ ਹੈ ਕਿ ਕੇਂਦਰੀ ਮੰਤਰੀ ਮੰਡਲ ਵਿਚ ਵੀ ਹਰ ਚੀਜ਼ ਬਿਨ੍ਹਾਂ ਵਿਚਾਰ ਪਾਸ ਨਹੀਂ ਹੋਏਗੀ, ਕਿਉਂਕਿ ਐੱਨ.ਡੀ.ਏ. ਦੀ ਹਿੱਸੇਦਾਰ ਨਿਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੂ ਦੇ ਮੰਤਰੀ, ਆਪਣਾ ਵੱਖਰਾ ਦ੍ਰਿਸ਼ਟੀਕੋਨ ਪੇਸ਼ ਕਰਨਗੇ, ਕਿਉਂਕਿ ਇਲਾਕਾਈ ਪਾਰਟੀਆਂ ਵਜੋਂ ਉਨ੍ਹਾਂ ਦੇ ਆਪਣੇ ਹਿੱਤ ਹੋਣਗੇ।

ਇਹ ਹੁਣ ਤੋਂ ਹੀ ਦਿਖਣ ਲੱਗ ਪਿਆ ਹੈ ਕਿਉਂਕਿ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ "ਅਗਨੀਵੀਰ ਸਕੀਮ" ਅਧੀਨ ਫੌਜ ਵਿਚ ਭਰਤੀ ਸਬੰਧੀ ਨਿਤੀਸ਼ ਕੁਮਾਰ ਦੀ ਪਾਰਟੀ ਨੇ ਮੁੜ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਹੈ। ਨਾਇਡੂ ਨੇ 50 ਵਰ੍ਹਿਆਂ ਦੀ ਉਮਰ ਦੇ ਮੁਸਲਮਾਨਾਂ ਨੂੰ ਪੈਨਸ਼ਨਾਂ ਦੇਣ ਅਤੇ ਮਸਜ਼ਿਦਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਹੁਣ ਤਾਂ ਇਹ ਵੀ ਸਪੱਸ਼ਟ ਦਿਖਣ ਲੱਗਾ ਹੈ ਕਿ ਦੇਸ਼ ਦੀ ਸੰਘੀ ਪ੍ਰਣਾਲੀ ਵਧੇਰੇ ਸੁਰੱਖਿਅਤ ਨਜ਼ਰ ਆਏਗੀ ਤੇ ਰਾਜਾਂ ਦੇ ਅਧਿਕਾਰਾਂ ਉਤੇ ਉਸ ਢੰਗ ਨਾਲ ਹਮਲਾ ਨਹੀਂ ਹੋਏਗਾ, ਜਿਵੇਂ ਖੇਤੀ ਕਾਨੂੰਨ ਪਾਸ ਕਰਨ ਵੇਲੇ ਕੀਤਾ ਗਿਆ ਸੀ। ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਗਠਬੰਧਨ 'ਚ ਬੈਠੀਆਂ ਇਲਾਕਾਈ ਪਾਰਟੀਆਂ ਆਪਣਾ ਰੋਲ ਅਦਾ ਕਰਨਗੀਆਂ।

ਲੋਕ ਸਭਾ 2024 ਦੀਆਂ ਚੋਣਾਂ ਨੇ ਬਹੁਤ ਵੱਡੇ ਫ਼ੈਸਲੇ ਦਿੱਤੇ ਹਨ। ਲੋਕਾਂ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ ਹੈ, ਉਹ ਇਹ ਕਿ ਆਮ ਲੋਕ, ਆਜ਼ਾਦੀ, ਆਪਣੇ ਬੋਲਣ ਦੇ ਹੱਕ, ਨਿੱਜੀ ਆਜ਼ਾਦੀ ਆਦਿ ਨੂੰ ਧਰਮ ਨਾਲੋਂ ਵਧ ਮਹੱਤਵ ਦਿੰਦੇ ਹਨ। ਸਰਕਾਰ ਨੇ ਦੇਸ਼ ਧ੍ਰੋਹ ਅਤੇ ਮਾਣਹਾਨੀ ਦੇ ਨਾਂਅ 'ਤੇ ਜੋ ਫਰਜ਼ੀ ਮੁਕੱਦਮੇ ਦਾਇਰ ਕੀਤੇ ਹਨ, ਮੁਠਭੇੜ ਅਤੇ ਬੁਲਡੋਜ਼ਰ ਇਨਸਾਫ ਦੀ ਨੀਤੀ ਲਾਗੂ ਕੀਤੀ ਹੈ, ਉਸਨੂੰ ਉਨ੍ਹਾਂ ਨਿਕਾਰ ਦਿੱਤਾ ਹੈ। ਇਹ ਵੀ ਕਿ ਰਾਮ ਮੰਦਰ, ਸਿਆਸਤ ਤੋਂ ਪਰ੍ਹੇ ਹੈ, ਦੂਰ ਹੈ, ਇਸਦਾ ਇਸਤੇਮਾਲ ਵੋਟ ਪ੍ਰਾਪਤੀ ਲਈ ਕਰਨ ਤੋਂ ਲੋਕਾਂ ਨੇ ਨਿਕਾਰ ਦਿੱਤਾ ਹੈ। ਉਨ੍ਹਾਂ ਸੁਤੰਤਰ ਮੀਡੀਏ ਨੂੰ ਪਹਿਲ ਦਿੱਤੀ ਹੈ, ਸੋਸ਼ਲ ਮੀਡੀਆ ਰਾਹੀਂ ਲੋਕਾਂ ਨੇ ਆਪਣੀ ਗੱਲ ਕਹੀ ਹੈ ਅਤੇ ਇਥੋਂ ਤੱਕ ਕਿ ਗੋਦੀ ਮੀਡੀਆਂ ਦੇ ਐਗਜ਼ਿਟ ਪੋਲ ਨੂੰ ਵੀ ਲੋਕਾਂ ਨੇ ਪੱਲੇ ਨਹੀਂ ਬੰਨ੍ਹਿਆ।

ਲੋਕ ਇਹ ਨਿਰਣਾ ਕਰਨ 'ਚ ਸਫ਼ਲ ਰਹੇ ਹਨ ਕਿ ਖੇਤਰੀ ਦਲ, ਉਨ੍ਹਾਂ ਦੀਆਂ ਇਲਾਕਾਈ ਮੰਗਾਂ ਵੀ ਰਾਸ਼ਟਰੀ ਨੇਤਾਵਾਂ ਨੂੰ ਸੁਨਣੀਆਂ ਪੈਣਗੀਆਂ। ਭਾਵੇਂ ਕਿ ਲੋਕਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਖੇਤਰੀ ਦਲ ਸੂਬਿਆਂ ਵਿਚ ਵੱਖਰਾ ਅਤੇ ਰਾਸ਼ਟਰੀ ਪੱਧਰ 'ਤੇ ਵੱਖਰਾ ਚਿਹਰਾ ਨਾ ਵਿਖਾਉਣ। ਨਹੀਂ ਤਾਂ ਕੇਂਦਰੀ ਹਾਕਮ ਭਾਜਪਾ ਉਵੇਂ ਹੀ ਇਨ੍ਹਾਂ ਸਿਆਸੀ ਧਿਰਾਂ 'ਤੇ "ਲੋਟਿਸ ਅਪਰੇਸ਼ਨ" ਰਾਹੀਂ ਭੰਨ ਤੋੜ ਕਰੇਗੀ, ਜਿਵੇਂ ਉਨ੍ਹਾਂ ਪਿਛਲੇ ਦਸ ਸਾਲ ਵਿਰੋਧੀ ਧਿਰਾਂ ਦੀ ਸਰਕਾਰਾਂ ਭੰਗ ਕਰਕੇ ਕੀਤਾ ਹੈ।

ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬਣਾਈ ਰੱਖਣ ਲਈ ਆਮ ਲੋਕਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਇਸ ਤੱਥ ਨੂੰ ਸਵੀਕਾਰਦਿਆਂ ਦੇਸ਼ ਦੀਆਂ ਵਿਰੋਧੀ ਧਿਰਾਂ ਸਮੇਤ ਕਾਂਗਰਸ ਨੇ ਲੋਕਾਂ ਤੱਕ ਇਹ ਆਵਾਜ਼ ਪਹੁੰਚਾਉਣ ਦਾ ਯਤਨ ਕੀਤਾ ਕਿ ਉਹ ਦੇਸ਼ 'ਚੋਂ ਬੇਰੁਜ਼ਗਾਰੀ ਦੂਰ ਕਰਨਗੇ, ਔਰਤਾਂ ਦਾ ਰਾਖਵਾਂਕਰਨ ਕਾਨੂੰਨ (ਸੰਵਿਧਾਨ ਦੀ 106ਵੀਂ ਸੋਧ) ਤਤਕਾਲ ਲਾਗੂ ਕਰਨਗੇ, ਮਨਰੇਗਾ ਨੂੰ ਮਜ਼ਬੂਤ ਕਰਨ ਲਈ ਮਜ਼ਦੂਰਾਂ ਦੀ 400 ਰੁਪਏ ਪ੍ਰਤੀ ਦਿਨ ਦਿਹਾੜੀ ਨੀਅਤ ਕਰਨਗੇ, ਸਰਕਾਰੀ ਅਤੇ ਅਰਧ ਸਰਕਾਰੀ ਖੇਤਰਾਂ 'ਚ ਖਾਲੀ 30 ਲੱਖ ਅਸਾਮੀਆਂ ਭਰਨਗੇ, ਅਗਨੀਵੀਰ ਯੋਜਨਾ ਨੂੰ ਖ਼ਤਮ ਕਰਨਗੇ, ਖੇਤੀ ਖੇਤਰ 'ਚ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋਣਗੇ, ਨਾਗਰਿਕਤਾ ਸੋਧ ਬਿੱਲ ਉਦੋਂ ਤੱਕ ਲਾਗੂ ਨਹੀਂ ਹੋਏਗਾ, ਜਦੋਂ ਤੱਕ ਇਸਦੀ ਸੰਵਿਧਾਨਿਕ ਵੈਧਤਾ ਸੁਪਰੀਮ ਕੋਰਟ ਤਹਿ ਨਹੀਂ ਕਰੇਗਾ ਅਤੇ ਜਾਂਚ ਏਜੰਸੀਆਂ (ਸੀ.ਬੀ.ਆਈ., ਈ.ਡੀ. ਆਦਿ) ਨੂੰ ਇੱਕ ਸੰਯੁਕਤ ਸੰਸਦੀ ਕਮੇਟੀ ਦੀ ਨਿਗਰਾਨੀ 'ਚ ਨਹੀਂ ਕੀਤਾ ਜਾਏਗਾ, ਆਦਿ, ਆਦਿ।

ਸ਼ਰਤਾਂ ਦੀਆਂ ਬੇੜੀਆਂ 'ਚ ਬੱਝੀ ਮੌਜੂਦਾ ਗਠਜੋੜ ਸਰਕਾਰ ਨੂੰ ਲੋਕਾਂ ਦੀਆਂ ਉਪਰੋਕਤ ਮੰਗਾਂ ਵੱਲ ਧਿਆਨ ਤਾਂ ਦੇਣਾ ਹੀ ਹੋਏਗਾ ਅਤੇ ਨਾਲ ਦੀ ਨਾਲ ਭਾਰਤ ਦੇਸ਼ ਦੇ ਲੋਕਾਂ ਦੀਆਂ ਅਹਿਮ ਲੋੜਾਂ ਨੂੰ ਧਿਆਨ 'ਚ ਰੱਖਣਾ ਹੋਏਗਾ। ਸਵੱਛ ਭਾਰਤ, ਵਿਕਸਤ ਭਾਰਤ, ਜਿਹੇ ਫੋਕੇ ਨਾਹਰੇ ਲੋਕਾਂ ਦੇ ਮਨਾਂ ਨੂੰ ਭਰਮਾ ਨਹੀਂ ਸਕੇ। ਨਾ ਹੀ ਉਨ੍ਹਾਂ ਨੂੰ 5 ਕਿਲੋ ਮੁਫ਼ਤ ਅਨਾਜ ਭਾਇਆ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦਾ ਪੇਟ ਨਹੀਂ ਭਰਦਾ। ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ।

ਇਸ ਵਾਰ ਚੋਣਾਂ 'ਚ ਨਰੇਂਦਰ ਮੋਦੀ ਦੇ ਲਈ ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਦਾ ਵੋਟ ਨਹੀਂ ਪਿਆ, ਕਿਉਂਕਿ ਪਿਛਲੇ ਇੱਕ ਦਹਾਕੇ ਦੇ ਮੋਦੀ ਰਾਜ ਵੇਲੇ ਉਨ੍ਹਾਂ ਦੇ ਜੀਵਨ 'ਚ ਕੋਈ ਤਬਦੀਲੀ ਨਹੀਂ ਆਈ। ਉਹ ਅੱਛੇ ਦਿਨਾਂ ਦਾ ਸੁਪਨਾ ਵੀ ਭੁੱਲ ਚੁੱਕੇ ਹਨ, ਭਾਵੇਂ ਕਿ ਇਸ ਦਹਾਕੇ 'ਚ ਵੱਡੇ-ਵੱਡੇ ਰਨ-ਵੇ ਬਣੇ, ਪਿੰਡਾਂ ਦੀਆਂ ਸੜਕਾਂ ਦਾ ਨਿਰਮਾਣ ਵੀ ਹੋਇਆ, ਪਰ ਲੋਕਾਂ ਨੂੰ ਇਸਦਾ ਲਾਭ ਨਹੀਂ ਹੋਇਆ।

ਪਰ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਅਗਲੇ 100 ਦਿਨਾਂ 'ਚ ਮੋਦੀ ਕੀ ਲੋਕਾਂ ਲਈ ਕੋਈ ਨਿਵੇਕਲਾ, ਅਸਲੀ ਰੋਡ ਮੈਪ ਦੇਣਗੇ, ਆਪਣਾ ਤਾਨਾਸ਼ਾਹੀ ਚਿਹਰਾ ਸੁਧਾਰਨ ਦਾ ਯਤਨ ਕਰਨਗੇ? ਗੱਠਜੋੜ ਭਾਈਵਾਲਾਂ ਦੀ ਗੱਲ ਸੁਨਣਗੇ?

ਅਸਲ 'ਚ ਜਿਨ੍ਹਾਂ ਰਾਹਾਂ 'ਤੇ ਨਰੇਂਦਰ ਮੋਦੀ ਸਰਕਾਰ ਪਿਛਲੇ ਦਹਾਕੇ ਤੁਰੀ, ਉਹਨੂੰ ਲੋਕਤੰਤਰੀ ਨਹੀਂ, ਤਾਨਾਸ਼ਾਹੀ ਕਹਿੰਦੇ ਹਨ। ਇਹੋ ਜਿਹੀ ਤਾਨਾਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਸੀ, ਜੋ ਲੋਕਾਂ ਨੇ ਲੋਕ ਸਭਾ ਚੋਣਾਂ 'ਚ ਪਾ ਦਿੱਤੀ ਹੈ ਅਤੇ ਹਾਕਮ ਅਤੇ ਇਥੋਂ ਤੱਕ ਕਿ ਵਿਰੋਧੀ ਧਿਰਾਂ ਦੇ ਵੀ ਕਈ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ, ਭਾਵੇਂ ਕਿ ਨਰੇਂਦਰ ਮੋਦੀ ਹਾਰਨ ਬਾਅਦ ਵੀ ਇਹ ਕਹਿੰਦੇ ਹਨ, "ਨਾ ਹਮ ਹਾਰੇ ਥੇ ਨਾ ਹਾਰੇ ਹੈਂ"।

# ਕੀ ਵਿਗਿਆਨ ਇਨਸਾਨ ਦੀ ਉਮਰ ਡੇਢ ਗੁਣੀ ਕਰ ਸਕਦਾ ਹੈ ?

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA



ਲੰਬੀ ਅਤੇ ਸਿਹਤਮੰਦ ਉਮਰ ਭੋਗਣਾ ਇਨਸਾਨ ਦਾ ਮੁੱਢ ਕਦੀਮ ਤੋਂ ਹੀ ਸੁਪਨਾ ਰਿਹਾ ਹੈ। ਪ੍ਰਚੀਨ ਕਾਲ ਵਿਚ ਅਨੇਕਾਂ ਬਾਦਸ਼ਾਹਾਂ ਅਤੇ ਅਮੀਰਾਂ ਨੇ ਅਮਰ ਹੋਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਕਹਾਣੀ ਚੀਨ ਦੇ ਪਹਿਲੇ ਸਮਰਾਟ ਕਿਨ ਸ਼ੀ ਹੁਆਂਗ (259 ਤੋਂ 210 ਬੀ.ਸੀ.) ਦੀ ਹੈ। ਕਿਨ ਸ਼ੀ ਹੁਆਂਗ ਉਹ ਵਿਅਕਤੀ ਸੀ, ਜਿਸ ਨੇ ਪਹਿਲੀ ਵਾਰ ਚੀਨ ਨੂੰ ਇਕਮੁੱਠ ਕੀਤਾ ਤੇ ਮਹਾਨ ਦੀਵਾਰ ਦੀ ਉਸਾਰੀ ਕਰਵਾਈ। ਉਹ ਮਰਨ ਤੋਂ ਐਨਾ ਡਰਦਾ ਸੀ ਕਿ ਉਸ ਨੇ ਦਰਬਾਰ ਵਿਚ ਮੌਤ ਬਾਰੇ ਕਿਸੇ ਵੀ ਤਰ੍ਹਾਂ ਦੀ ਗੱਲ ਕਰਨ ਦੀ ਮਨਾਹੀ ਕਰ ਦਿੱਤੀ। ਉਸ ਨੇ ਐਲਾਨ ਕਰਵਾ ਦਿੱਤਾ ਸੀ ਕਿ ਜੋ ਵੀ ਉਸ ਨੂੰ ਅਮਰ ਹੋਣ ਦੀ ਦਵਾਈ ਬਣਾ ਕੇ ਦੇਵੇਗਾ, ਉਸ ਨੂੰ ਉਸ ਦੇ ਵਜ਼ਨ ਦੇ ਬਰਾਬਰ ਸੋਨਾ ਇਨਾਮ ਵਿਚ ਦਿੱਤਾ ਜਾਵੇਗਾ। ਇਨਾਮ ਦੇ ਲਾਲਚ ਕਾਰਨ ਦਰਬਾਰੀ ਨੀਮ ਹਕੀਮਾਂ ਨੇ ਉਸ ਨੂੰ ਅਜਿਹੀਆਂ ਉਲਟੀਆਂ ਸਿੱਧੀਆਂ ਦਵਾਈਆਂ ਦਿੱਤੀਆਂ ਕਿ ਸਿਰਫ 49 ਸਾਲ ਦੀ ਉਮਰ ਵਿਚ ਹੀ ਉਸ ਦੀ ਮੌਤ ਹੋ ਗਈ।

ਪਰ ਵਿਗਿਆਨ ਦੀ ਤਰੱਕੀ ਕਾਰਨ ਹੁਣ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅੱਜਕੱਲ੍ਹ ਪੈਦਾ ਹੋ ਰਹੇ ਬੱਚੇ ਸ਼ਾਇਦ 120, 125 ਸਾਲ ਤੱਕ ਜ਼ਿੰਦਾ ਰਹਿ ਸਕਣਗੇ। ਸੰਸਾਰ ਦੇ ਅਨੇਕਾਂ ਅਰਬਪਤੀ ਇਸ ਖੇਤਰ ਵਿਚ ਕੰਮ ਕਰ ਰਹੀਆਂ ਮੈਡੀਸਨ ਕੰਪਨੀਆਂ ਨੂੰ ਕਰੋੜਾਂ ਡਾਲਰਾਂ ਦਾ ਫੰਡ ਮੁਹੱਈਆ ਕਰਵਾ ਰਹੇ ਹਨ। ਅੱਤ ਆਧੁਨਿਕ ਲੈਬਾਰਟਰੀਆਂ ਇਨਸਾਨੀ ਸੈੱਲਾਂ ਨੂੰ ਪੁੱਠਾ ਗੇੜਾ ਦੇ ਕੇ ਜਵਾਨੀ ਵੱਲ ਮੋੜਨ ਲਈ ਦਿਨ-ਰਾਤ ਪ੍ਰਯੋਗ ਕਰ ਰਹੀਆਂ ਹਨ। ਐਮਾਜ਼ਾਨ ਦੇ ਚੇਅਰਮੈਨ ਜੈੱਫ ਬੈਜ਼ੋਂਸ ਅਤੇ ਉਪਨ ਏ.ਆਈ. (ਆਰਟੀਫੀਸ਼ਲ ਇੰਟੈਲੀਜੈਂਸ) ਦੇ ਚੇਅਰਮੈਨ ਸੈਮ ਐਲਟਮੈਨ ਨੇ ਇਸ ਖੇਤਰ ਵਿਚ ਕੰਮ ਕਰਨ ਵਾਲੀਆਂ ਸਟਾਰਟ ਅੱਪਸ (ਨਵੀਆਂ ਸਥਾਪਿਤ ਹੋ ਰਹੀਆਂ ਕੰਪਨੀਆਂ) ਦੀ ਦਿਲ ਖੋਲ੍ਹ ਕੇ ਆਰਥਿਕ ਮਦਦ ਕਰ ਰਹੇ ਹਨ। ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨੇ ਵੀ 2021 ਵਿਚ ਉਮਰ ਵਧਾਉਣ ਵਾਸਤੇ ਰਿਸਰਚ ਕਰਨ ਲਈ ਹੈਵੂਲਿਊਸ਼ਨ ਨਾਮਕ ਕੰਪਨੀ ਸਥਾਪਿਤ ਕੀਤੀ ਹੈ। ਇੰਨਫੋਸਿਸ ਦੇ ਸਹਿ ਬਾਨੀ ਕ੍ਰਿਸ ਗੋਪਾਲਾਕ੍ਰਿਸ਼ਨਨ ਨੇ ਇੰਡੀਅਨ ਇੰਸਟੀਚਿਊਟ ਆਫ ਸਾਇੰਸਿਜ਼ ਨੂੰ 675 ਕਰੋੜ ਰੁਪਏ ਦਾ ਦਾਨ ਕੀਤਾ ਹੈ, ਤਾਂ ਜੋ ਉਹ ਬਰੇਨ ਰਿਸਰਚ ਵਾਸਤੇ ਸੈਂਟਰ ਸਥਾਪਿਤ ਕਰ ਸਕਣ। ਇਸ ਸੈਂਟਰ ਦਾ ਮੁੱਖ ਕੰਮ ਦਿਮਾਗੀ ਬਿਮਾਰੀਆਂ ਦੇ ਇਲਾਜ ਅਤੇ ਬੁਢਾਪੇ ਵਿਚ ਸਿਹਤਮੰਦ ਰਹਿਣ ਦੇ ਤਰੀਕੇ ਖੋਜਣਾ ਹੈ।





ਲੋਕਾਂ ਵਿਚ ਲੰਬੀ ਉਮਰ ਭੋਗਣ ਦੀ ਐਨੀ ਲਾਲਸਾ ਹੈ ਕਿ 2023 ਵਿਚ ਬਿੱਲ ਗਿਲਫੋਰਡ ਅਤੇ ਡਾਕਟਰ ਪੀਟਰ ਅੱਟਾ ਵੱਲੋਂ ਇਸ ਸਬੰਧੀ ਲਿਖੀ ਗਈ ਆਊਟਲਾਈਨ ਨਾਮਕ ਕਿਤਾਬ ਨੇ ਵਿਕਰੀ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। 2023 ਵਿਚ ਨੈੱਟਫਲਿਕਸ ਨੇ ਇੱਕ ਸੁਪਰਹਿੱਟ ਡਾਕੂਮੈਂਟਰੀ ਤਿਆਰ ਕੀਤੀ ਸੀ, ਜਿਸ ਵਿਚ ਉਨ੍ਹਾਂ ਇਲਾਕਿਆਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਬਾਰੇ ਦੱਸਿਆ ਗਿਆ ਸੀ, ਜਿਨ੍ਹਾਂ ਦੀ ਉਮਰ ਕੁਦਰਤੀ ਤੌਰ 'ਤੇ ਲੰਬੀ ਤੇ ਸਿਹਤਮੰਦ ਹੁੰਦੀ ਹੈ। ਇਸ ਡਾਕੂਮੈਂਟਰੀ ਦੇ ਰਿਲੀਜ਼ ਹੋਣ ਤੋਂ ਬਾਅਦ ਲੋਕਾਂ ਨੇ ਇਸ ਵਿਚ ਵਿਖਾਏ ਗਏ ਇਟਲੀ ਤੇ ਜਪਾਨ ਦੇ ਸ਼ਹਿਰਾਂ ਕਾਸਟੇਲਸਾਰਡੋ ਅਤੇ ਉਕੀਨਾਵਾ ਵੱਲ ਵਹੀਰਾਂ ਘੱਤ ਦਿੱਤੀਆਂ ਸਨ। 2023-24 ਵਿਚ ਉਥੇ ਐਨੇ ਟੂਰਿਸਟ ਪਹੁੰਚੇ, ਜਿੰਨੇ ਪਿਛਲੇ ਦਸਾਂ ਸਾਲਾਂ ਵਿਚ ਵੀ ਨਹੀਂ ਆਏ ਸਨ। ਅਮਰੀਕਾ ਦਾ ਨਿਊਰੋ ਸਰਜਨ ਡਾ. ਐਂਡਰਿਊ ਹੀਊਬਰਮੈਨ 2021 ਤੋਂ ਸਿਹਤਮੰਦ ਜ਼ਿੰਦਗੀ, ਦਿਮਾਗੀ ਬਿਮਾਰੀਆਂ ਅਤੇ ਲੰਬੀ ਉਮਰ ਬਾਰੇ ਹਿਊਬਰਮੈਨ ਲੈਬ ਨਾਮਕ ਇੱਕ ਲੜੀਵਾਰ ਪ੍ਰੋਗਰਾਮ ਪੇਸ਼ ਕਰ ਰਿਹਾ ਹੈ। ਲੋਕ ਉਸ ਦੁਆਰਾ ਦੱਸੇ ਗਏ ਲੰਬੀ ਉਮਰ ਭੋਗਣ ਦੇ ਉਪਾਵਾਂ ਦੇ ਐਨੇ ਦੀਵਾਨੇ ਹਨ ਕਿ ਸਿਰਫ ਯੂ-ਟਿਊਬ ਉੱਪਰ ਹੀ ਉਸ ਦੇ 50 ਲੱਖ ਤੋਂ ਵੱਧ ਸਬਸਕਰਾਈਬਰ ਹਨ।

ਲੱਗਦਾ ਹੈ ਕਿ ਲੋਕਾਂ ਦੀਆਂ ਉਮੀਦਾਂ ਨੂੰ ਜਲਦੀ ਹੀ ਬੂਰ ਪੈਣ ਵਾਲਾ ਹੈ ਕਿਉਂਕਿ ਕਈ ਕੰਪਨੀਆਂ ਨੇ ਅਜਿਹੇ ਪ੍ਰੋਡਕਟ ਬਣਾ ਲਏ ਹਨ, ਜੋ ਵਾਕਿਆ ਹੀ ਜਵਾਨੀ ਨੂੰ ਕੁਝ ਸਾਲ ਹੋਰ ਟਿਕਾਈ ਰੱਖਣ ਵਿਚ ਸਹਾਈ ਹੋ ਰਹੇ ਹਨ। ਵੈਸੇ ਵੀ ਮੈਡੀਕਲ ਖੇਤਰ ਦੀਆਂ ਖੋਜਾਂ ਪੋਲੀਉ, ਤਬਦਿਕ ਤੇ ਯੈਲੋ ਫੀਵਰ ਆਦਿ ਦੀ ਵੈਕਸੀਨ ਕਾਰਨ ਆਮ ਇਨਸਾਨ ਦੀ ਔਸਤ ਉਮਰ ਪਹਿਲਾਂ ਨਾਲੋਂ ਦੁੱਗਣੀ ਹੋ ਗਈ ਹੈ। ਸੰਨ 1900 ਵਿਚ ਇਹ ਸਿਰਫ 32 ਸਾਲ ਹੁੰਦੀ ਸੀ ਤੇ ਹੁਣ 71 ਸਾਲ ਹੋ ਗਈ ਹੈ। ਪਰ ਅੱਜ ਵੀ ਵਿਸ਼ਵ ਪੱਧਰ 'ਤੇ 110 ਸਾਲ ਤੋਂ ਵੱਧ ਉਮਰ ਭੋਗਣ ਵਾਲੇ ਬਜ਼ੁਰਗਾਂ ਦੀ ਗਿਣਤੀ 200 ਤੋਂ ਵੱਧ ਨਹੀਂ ਹੈ। ਲੰਬੀ ਅਤੇ ਸਿਹਤਮੰਦ ਉਮਰ ਭੋਗਣਾ ਹੌਲੀ-ਹੌਲੀ ਸੱਚ ਬਣਦਾ ਜਾ ਰਿਹਾ ਹੈ। ਜਿਵੇਂ ਮਨੁੱਖ ਨੇ ਚੰਦ ਅਤੇ ਮਾਰਸ ਗ੍ਰਹਿ 'ਤੇ ਪਹੁੰਚਣ ਵਰਗੇ ਅਸੰਭਵ ਕੰਮ ਸੰਭਵ ਕਰ ਵਿਖਾਏ ਹਨ, ਉਸ ਤੋਂ ਲੱਗਦਾ ਹੈ ਕਿ ਇਹ ਸੁਪਨਾ ਵੀ ਆਖਰ ਸੱਚ ਹੋ ਜਾਵੇਗਾ।

ਉਮਰ ਦਾ ਜਲਦੀ ਜਾਂ ਹੌਲੀ ਵਧਣਾ ਕਿਸੇ ਵਿਅਕਤੀ ਦੇ ਜੀਨਜ਼, ਵਾਤਾਵਰਣ ਅਤੇ ਲਾਈਫ ਸਟਾਈਲ ਆਦਿ 'ਤੇ ਨਿਰਭਰ ਕਰਦਾ ਹੈ। ਇਨਸਾਨੀ ਸਰੀਰ ਸੈੱਲਾਂ ਦਾ ਬਣਿਆ ਹੈ, ਜਿਨ੍ਹਾਂ ਨੂੰ ਵਿਗਿਆਨੀ ਆਪਣੀ ਮਨਮਰਜ਼ੀ ਮੁਤਾਬਕ ਢਾਲਣ ਲਈ ਨਿਰੰਤਰ ਖੋਜ ਕਾਰਜ ਕਰ ਰਹੇ ਹਨ। ਅਮਰੀਕਾ ਦੇ ਇੱਕ ਅਮੀਰ ਵਿਅਕਤੀ ਬਰਾਇਨ ਜਾਹਨਸਨ ਦਾ ਦਾਅਵਾ ਹੈ ਕਿ ਉਸ ਦਾ ਸਰੀਰ ਆਮ ਲੋਕਾਂ ਨਾਲੋਂ ਅੱਧੀ ਰਫਤਾਰ ਨਾਲ ਬੁੱਢਾ ਹੋ ਰਿਹਾ ਹੈ। ਪਰ ਇਸ ਸਫਲਤਾ ਲਈ ਉਹ ਸਖਤ ਰੁਟੀਨ ਦੀ ਪਾਲਣਾ ਕਰਦਾ ਹੈ। ਰੋਜ਼ਾਨਾ ਤਿੰਨ-ਚਾਰ ਘੰਟੇ ਵਰਜਿਸ਼ ਕਰਦਾ ਹੈ ਤੇ 100 ਦੇ ਕਰੀਬ ਹੈਲਥ ਸਪਲੀਮੈਂਟ ਲੈਂਦਾ ਹੈ। ਇਸ ਤੋਂ ਇਲਾਵਾ ਉਹ ਆਪਣੇ 20 ਸਾਲਾਂ ਦੇ ਬੇਟੇ ਤੋਂ ਲਿਆ ਗਿਆ ਪਲਾਜ਼ਮਾਂ ਵੀ ਆਪਣੇ ਖ਼ੂਨ ਵਿਚ ਪਵਾਉਂਦਾ ਹੈ। ਪਰ ਕੋਈ ਆਮ ਇਨਸਾਨ ਉਸ ਦੀ ਰੀਸ ਨਹੀਂ ਕਰ ਸਕਦਾ ਕਿਉਂਕਿ ਜਵਾਨੀ ਨੂੰ ਕਾਇਮ ਰੱਖਣ ਲਈ ਉਹ ਹਰ ਸਾਲ ਕਰੀਬ 20 ਲੱਖ ਡਾਲਰ (ਕਰੀਬ 18 ਕਰੋੜ ਰੁਪਏ) ਖਰਚ ਕਰਦਾ ਹੈ। ਡਾਕਟਰੀ ਜਾਂਚ ਵਿਚ ਪਾਇਆ ਗਿਆ ਕਿ ਉਸ ਦਾ ਤਰੀਕਾ ਸੱਚਮੁੱਚ ਹੀ ਕੰਮ ਕਰ ਰਿਹਾ ਹੈ।

ਇਨਸਾਨੀ ਸੈੱਲ ਆਪਣੇ ਆਪ ਦੀ ਖੁਦ ਮੁਰੰਮਤ ਕਰ ਸਕਦਾ ਹੈ। ਪਰ ਜਿਉਂ-ਜਿਉਂ ਉਮਰ ਵਧਦੀ ਹੈ, ਉਸ ਦੀ ਇਹ ਕਾਬਲੀਅਤ ਘੱਟਦੀ ਜਾਂਦੀ ਹੈ। ਉਮਰ ਵਧਾਉਣ ਦੇ ਖੋਜ ਕਾਰਜਾਂ ਵਿਚ ਇਸ ਸਮੇਂ ਉਵਫੈਡੋ ਮੈਡੀਕਲ ਯੂਨੀਵਰਸਿਟੀ (ਸਪੇਨ) ਦਾ ਵਿਗਿਆਨੀ ਡਾ. ਕਾਰਲੋਜ਼ ਲੋਪੇਜ਼ ਸਭ ਤੋਂ ਅੱਗੇ ਹੈ। ਪਿਛਲੇ ਮਹੀਨੇ ਅਮਰੀਕਾ ਵਿਚ ਹੋਈ ਇੱਕ ਵਿਗਿਆਨਕ ਕਾਨਫਰੰਸ ਵਿਚ ਉਸ ਨੇ ਆਪਣਾ ਖੋਜ ਪੱਤਰ ਪੜ੍ਹਿਆ, ਜਿਸ ਤੋਂ ਪਤਾ ਲੱਗਾ ਕਿ ਉਸ ਦੀ ਟੀਮ ਮਨੁੱਖੀ ਸੈੱਲਾਂ ਦੇ ਬੁੱਢਿਆਂ ਹੋਣ ਦੀ ਰਫਤਾਰ ਨੂੰ ਘੱਟ ਕਰਨ ਦੇ ਕਾਫੀ ਨਜ਼ਦੀਕ ਪਹੁੰਚ ਚੁੱਕੀ ਹੈ। ਉਸ ਦੇ ਦੱਸਿਆ ਕਿ ਸੈੱਲ ਦੀ ਸੰਰਚਨਾ ਬਦਲਣੀ ਸੰਭਵ ਹੈ ਤੇ ਉਸ ਦੀ ਬੁੱਢੇ ਹੋਣ ਦੀ ਰਫਤਾਰ ਘੱਟ ਕੀਤੀ ਜਾ ਸਕਦੀ ਹੈ। ਇਹ ਇਸ ਤਰ੍ਹਾਂ ਹੀ ਹੈ, ਜਿਵੇਂ ਕਿਸੇ ਮੋਬਾਈਲ ਫੋਨ ਜਾਂ ਕੰਪਿਊਟਰ ਵਿਚ ਨਵਾਂ ਸਾਫਟਵੇਅਰ ਪਾ ਦਿੱਤਾ ਜਾਵੇ।

ਪਰ ਕੀ ਇਹ ਅੱਪਡੇਟ ਕੀਤੇ ਹੋਏ ਸੈੱਲ ਇਨਸਾਨੀ ਦਿਮਾਗ ਨਾਲ ਤਾਲਮੇਲ ਬਿਠਾ ਸਕਣਗੇ ? ਇਸ ਸਵਾਲ ਦਾ ਜਵਾਬ ਲੱਭਣ ਲਈ ਬਾਂਦਰਾਂ ਅਤੇ ਚੂਹਿਆਂ 'ਤੇ ਤਜ਼ਰਬੇ ਕੀਤੇ ਜਾ ਰਹੇ ਹਨ। ਇਸ ਵੇਲੇ ਚੱਲ ਰਹੇ ਇਹ ਸਾਰੇ ਖੋਜ ਕਾਰਜ ਜਪਾਨੀ ਸਟੈੱਮਸੈਲ ਵਿਗਿਆਨੀ ਸ਼ਿਨੀਆ ਯਾਮਸਨਾਕਾ ਦੀ ਖੋਜ (ਐਪੀਜੈਨੇਟਿਕ ਰੀਪ੍ਰੋਗਰਾਮਿੰਗ) 'ਤੇ ਆਧਾਰਿਤ ਹਨ। ਸਭ ਤੋਂ ਪਹਿਲਾਂ ਉਸ ਨੇ ਪੁਰਾਣੇ ਇਨਸਾਨੀ ਸੈੱਲਾਂ ਨੂੰ ਜਵਾਨ ਸੈੱਲਾਂ ਨਾਲ ਬਦਲਣ ਵਿਚ ਸਫਲਤਾ ਹਾਸਲ ਕੀਤੀ ਸੀ, ਜਿਸ ਲਈ ਉਸ ਨੂੰ 2012 ਵਿਚ ਨੋਬਲ ਇਨਾਮ ਮਿਲਿਆ ਸੀ। 2023 ਵਿਚ ਐਪੀਜੈਨੇਟਿਕ ਰੀਪ੍ਰੋਗਰਾਮਿੰਗ ਨਾਲ ਚੂਹਿਆਂ ਦੀ ਉਮਰ ਵਿਚ 30% ਤੱਕ ਦਾ ਵਾਧਾ ਦਰਜ਼ ਕੀਤਾ ਗਿਆ ਸੀ। ਪਰ ਇਹ ਥੈਰੇਪੀ ਬਹੁਤ ਹੀ ਗੁੰਝਲਦਾਰ ਹੈ ਤੇ ਇਸ ਨਾਲ ਕੈਂਸਰ ਹੋਣ ਦਾ ਖਤਰਾ ਬਹੁਤ ਵਧ ਜਾਂਦਾ ਹੈ। ਇਸ ਲਈ ਇਸ ਵਿਚ ਅੱਗੇ ਹੋਰ ਜ਼ਿਆਦਾ ਖੋਜਬੀਣ ਕੀਤੀ ਜਾ ਰਹੀ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਉਮਰ ਵਿਚ ਵਾਧਾ ਸਾਡੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਢਾਂਚੇ 'ਤੇ ਕੀ ਅਸਰ ਪਾਵੇਗਾ ? ਇਸ ਤੋਂ ਇਲਾਵਾ ਸਭ ਤੋਂ ਵੱਡੀ ਮੁਸ਼ਕਿਲ ਇਹ ਵੀ ਹੋਵੇਗੀ ਕਿ ਉਧਾਰੇ ਲਏ ਗਏ 25-30 ਸਾਲ ਦੇ ਵਾਧੂ ਵਕਤ ਨੂੰ ਕਿਸ ਤਰ੍ਹਾਂ ਬਤੀਤ ਕੀਤਾ ਜਾਵੇ ਕਿਉਂਕਿ ਇਸ ਨਾਲ ਜੈਨਰੇਸ਼ਨ ਗੈਪ ਬਹੁਤ ਵਧ ਜਾਵੇਗਾ। ਅਫਸਰ 80-90 ਸਾਲ ਦੇ ਹੋਣਗੇ ਤੇ ਨਵੇਂ ਰੰਗਰੂਟ 19-20 ਸਾਲ ਦੇ। ਭਾਰਤ ਵਿਚ ਤਾਂ ਹਾਲਾਤ ਹੋਰ ਵੀ ਬੁਰੇ ਹੋਣਗੇ, ਜਿੱਥੇ ਅਜੇ ਵੀ ਥੋੜ੍ਹਾ ਬਹੁਤਾ ਸਾਂਝੇ ਪਰਿਵਾਰ ਦਾ ਰਿਵਾਜ਼ ਬਚਿਆ ਹੋਇਆ ਹੈ। ਬੱਚਿਆਂ ਨੂੰ ਪਤਾ ਹੀ ਨਹੀਂ ਲੱਗਣਾ ਕਿ ਘਰ ਵਿਚ ਘੁੰਮ ਫਿਰ ਰਹੇ ਇਨ੍ਹਾਂ ਬੁੱਢਿਆਂ ਨਾਲ ਉਨ੍ਹਾਂ ਦਾ ਕੀ ਰਿਸ਼ਤਾ ਹੈ ? ਸਾਡੇ ਲੀਡਰ ਤਾਂ ਪਹਿਲਾਂ ਹੀ ਵਾਹ ਲੱਗਦੇ ਗੱਦੀ ਨਹੀਂ ਛੱਡਦੇ, ਫਿਰ ਤਾਂ ਉਹ 100 ਸਾਲ ਦੀ ਉਮਰ ਤੱਕ ਸੱਤਾ ਨੂੰ ਚੰਬੜੇ ਰਹਿਣਗੇ। ਉਸ ਸਮੇਂ ਤੱਕ ਵੋਟਰਾਂ ਦੀ ਪੰਜਵੀਂ ਪੀੜ੍ਹੀ ਆ ਜਾਵੇਗੀ ਕਿਉਂਕਿ ਗਰੀਬ ਆਦਮੀ ਤਾਂ ਇਹ ਸਹੂਲਤ ਲੈ ਹੀ ਨਹੀਂ ਸਕਦਾ।

ਜਦੋਂ ਤੱਕ ਵਿਗਿਆਨੀ ਕਿਸੇ ਠੋਸ ਨਤੀਜੇ 'ਤੇ ਨਹੀਂ ਪਹੁੰਚਦੇ, ਉਦੋਂ ਤੱਕ ਸਾਡੇ ਕੋਲ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀਉਣ ਦਾ ਸਭ ਤੋਂ ਵੱਡਾ ਮੰਤਰ ਇਹ ਹੈ ਕਿ ਪੌਸ਼ਟਿਕ ਖਾਣਾ ਖਾਉ, ਪੂਰੀ ਨੀਂਦ ਲਉ, ਚਿੰਤਾ ਤੋਂ ਬਚੋ ਤੇ ਕਸਰਤ ਕਰੋ। ਫਿਲਹਾਲ ਸਿਹਤਮੰਦ ਜ਼ਿੰਦਗੀ ਜਿਉਣ ਦਾ ਇਸ ਤੋਂ ਵਧੀਆ ਹੋਰ ਕੋਈ ਉਪਾਅ ਨਹੀਂ ਹੈ।

# ਯਾਦਾਂ ਵਿਚ ਵੱਸੇ ਵਿਦਵਾਨ ਅਧਿਆਪਕ ਪ੍ਰਿੰ. ਸੁਰਿੰਦਰ ਸਿੰਘ ਜੀ

## 13 ਜੂਨ ਬਰਸੀ 'ਤੇ ਵਿਸ਼ੇਸ਼

-ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
ਪੰਜਾਬ ਮੇਲ USA





ਬਚਪਨ ਵਿਚ ਸਕੂਲ ਵੇਲਿਆਂ 'ਚ ਇੱਕ ਲੇਖ ਲਿਖਵਾਇਆ ਜਾਂਦਾ ਸੀ, ਜਿਸਦਾ ਸਿਰਲੇਖ ਹੁੰਦਾ ਸੀ, 'ਮੇਰੇ ਮਨਪਸੰਦ ਅਧਿਆਪਕ' ਉਦੋਂ ਤਾਂ ਆਪਣੀ ਸਮਝ ਅਨੁਸਾਰ ਰੱਟੀਆਂ-ਰੱਟਾਈਆਂ ਕੁਝ ਪੰਗਤੀਆਂ ਲਿਖ ਦਿੰਦੇ ਸੀ, ਪਰ ਅੱਜ ਆਪਣੇ ਮਨਪਸੰਦ ਵਿਦਵਾਨ ਅਧਿਆਪਕ ਬਾਰੇ ਲਿਖਣਾ ਹੋਵੇ, ਤਾਂ ਨਾ ਸ਼ਬਦ ਪੂਰੇ ਹੋਣਗੇ, ਨਾ ਵਰਕੇ ਅਤੇ ਨਾ ਹੀ ਕੋਈ ਸਿਆਹੀ। ਅੱਜ ਤੋਂ ਦੋ ਵਰ੍ਹੇ ਪਹਿਲਾਂ ਕੇਵਲ 66 ਕੁ ਸਾਲਾਂ ਦੀ ਉਮਰ ਵਿਚ ਰੁਖ਼ਸਤ ਹੋ ਗਏ ਮੇਰੇ ਅਧਿਆਪਕ/ਉਸਤਾਦ/ਗੁਰੂ ਪ੍ਰਿੰਸੀਪਲ ਸੁਰਿੰਦਰ ਸਿੰਘ ਜੀ।

ਸਿੱਖ ਕੌਮ ਦੇ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਤੇ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਸੰਸਥਾਪਕ, ਸਿੱਖ ਕੌਮ ਨੇ ਮਹਾਨ ਵਿਦਵਾਨ ਅਤੇ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦਾ ਜਨਮ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸ. ਅਜੀਤ ਸਿੰਘ ਦੇ ਗ੍ਰਹਿ ਵਿਖੇ ਮਿਤੀ 15 ਮਈ, 1956 ਨੂੰ ਹੋਇਆ ਸੀ। ਗੁਰਮਤਿ ਦੀ ਗੁੜ੍ਹਤੀ ਆਪਣੇ ਨਾਨਕੇ-ਦਾਦਕੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਈ। ਆਰੰਭਿਕ ਸਕੂਲੀ ਸਿੱਖਿਆ ਆਪ ਜੀ ਨੇ ਐੱਸ.ਜੀ.ਐੱਸ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਗ੍ਰੈਜੂਏਸ਼ਨ ਦੀ ਡਿਗਰੀ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਤੋਂ ਪ੍ਰਾਪਤ ਕੀਤੀ। ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਤੋਂ ਆਪ ਜੀ ਨੇ ਦੋ-ਸਾਲਾ ਪੱਤਰ ਵਿਹਾਰ ਕੋਰਸ ਪਹਿਲੇ ਦਰਜੇ ਵਿਚ ਰਹਿ ਕੇ ਪੂਰਾ ਕੀਤਾ।

ਮਹਿਜ਼ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਆਪ ਨੇ ਕੁਝ ਸਾਥੀਆਂ ਨਾਲ ਮਿਲ ਕੇ ਲਈ ਸੀ। ਸਾਲ 1973 ਤੋਂ ਸਿੱਖ ਵਿਦਵਾਨ ਪ੍ਰਿੰ. ਹਰਭਜਨ ਸਿੰਘ, ਸ੍ਰ. ਮਹਿੰਦਰ ਸਿੰਘ ਜੋਸ਼ ਅਤੇ ਹੋਰ ਬੁੱਧੀਜੀਵੀਆਂ ਦਾ ਆਪ ਜੀ ਦੇ ਜੀਵਨ 'ਤੇ ਖਾਸਾ ਪ੍ਰਭਾਵ ਪਿਆ ਅਤੇ ਆਪ ਜੀ ਨੇ ਮਨੁੱਖਤਾ ਨੂੰ ਕਰਮਕਾਂਡਾਂ, ਅੰਧਵਿਸ਼ਵਾਸਾਂ, ਜਾਦੂ-ਟੂਣਿਆਂ, ਵਹਿਮਾਂ-ਭਰਮਾਂ, ਧਰਮ ਦੇ ਨਾਂ ਤੇ ਕੀਤੇ ਜਾ ਰਹੇ ਅਡੰਬਰਾਂ ਵਿਰੁੱਧ ਜਾਗਰੂਕ ਕਰਨਾ ਜੀਵਨ ਦਾ ਮਕਸਦ ਬਣਾ ਲਿਆ। ਆਪ ਜੀ ਨੇ ਗੁਰਮਤਿ ਦੇ ਜਿਹੜੇ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਜੀਵਨ ਲਗਾਇਆ, ਉਨ੍ਹਾਂ ਨੂੰ ਆਪਣੇ ਜੀਵਨ ਅਤੇ ਆਪਣੇ ਪਰਿਵਾਰ ਪੁਰ ਲਾਗੂ ਵੀ ਕੀਤਾ।

ਇੱਕ ਸਫਲ ਬੁਲਾਰੇ ਵਜੋਂ ਆਪ ਜੀ ਨੇ ਵਿਸ਼ੇਸ਼ ਪਹਿਚਾਣ ਬਣਾਈ। ਧਰਮ ਪ੍ਰਚਾਰ ਖੇਤਰ ਦੀ ਗੱਲ ਕਰੀਏ ਜਾਂ ਉਨਾਂ ਦੇ ਅਧਿਆਪਨ ਦੇ ਖਿੱਤੇ ਦੀ ਹਰ ਖੇਤਰ ਵਿਚ ਉਨ੍ਹਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਬਤੌਰ ਪ੍ਰਬੰਧਕ ਆਪ ਜੀ ਕੁਸ਼ਲਤਾ ਅੱਗੇ ਟਿੱਕ ਪਉਣਾ ਬਹੁਤ ਮੁਸ਼ਕਲ ਹੈ। ਅਕਾਲ ਗੁਰਮਤਿ ਸੰਗੀਤ ਅਕੈਡਮੀ ਅਤੇ ਨੇਤਰਹੀਣ ਸੰਗੀਤ ਵਿਦਿਆਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਜੀ ਨੇ ਪੰਜ ਸਾਲ ਬਤੌਰ ਪ੍ਰਿੰਸੀਪਲ ਸੇਵਾਵਾਂ ਦਿੱਤੀਆਂ। 26 ਅਪ੍ਰੈਲ 1995 ਵਿਚ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਕੇਵਲ ਧਾਰਮਿਕ ਖੇਤਰ ਵਿਚ ਹੀ ਨਹੀਂ, ਸਮਾਜਿਕ ਖੇਤਰ ਵਿਚ ਵੀ ਆਪ ਜੀ ਭਰਪੂਰ ਯੋਗਦਾਨ ਰਿਹਾ। ਇਹੀ ਕਾਰਣ ਸੀ ਕਿ ਚੋਣਾਂ ਭਾਵੇਂ ਕੌਂਸਲਰ (ਸਾਲ 1992) ਦੀਆਂ ਸਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ (ਸਾਲ 2011), ਆਪ ਨੇ ਰਿਕਾਰਡ ਤੋੜ ਜਿੱਤਾਂ ਦਰਜ ਕੀਤੀਆਂ। ਸਾਲ 2011 ਵਿਚ ਆਪ ਸਿੱਖ ਪੰਥ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀਆਂ ਚੋਣਾਂ ਵਿਚ 22599 ਵੋਟਾਂ ਪ੍ਰਾਪਤ ਕਰ ਬਤੌਰ ਮੈਂਬਰ ਚੁਣੇ ਗਏ ਸਨ। 29 ਨਵੰਬਰ 2021 ਵਿਚ ਆਪ ਜੀ ਦੀ ਪੰਥਕ ਸੇਵਾਵਾਂ ਦੇ ਮੱਦੇਨਜ਼ਰ ਸਰਬਸੰਮਤੀ ਨਾਲ ਬਤੌਰ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ ਸਨ।

ਆਪ ਜੀ ਦਾ ਅਨੰਦ ਕਾਰਜ 8 ਜੁਲਾਈ, 1987 ਨੂੰ ਬੀਬੀ ਭੁਪਿੰਦਰ ਕੌਰ ਸਪੁੱਤਰੀ ਸ. ਅਮਰ ਸਿੰਘ ਨਾਲ ਗੁਰਮਤਿ ਮਰਿਯਾਦਾ ਅਨੁਸਾਰ ਹੋਇਆ। ਆਪ ਜੀ ਦੇ ਘਰ ਇੱਕ ਸਪੁੱਤਰ ਸ. ਅਮਨਦੀਪ ਸਿੰਘ (1988) ਅਤੇ ਇੱਕ ਸਪੁੱਤਰੀ ਇੰਦਰਪ੍ਰੀਤ ਕੌਰ (1990) ਨੇ ਜਨਮ ਲਿਆ।

ਧਰਮ ਯੁੱਧ ਮੋਰਚੇ ਵਿਚ ਆਪ ਨੂੰ ਜੇਲ੍ਹ ਵੀ ਕੱਟਣੀ ਪਈ, ਜਿਸ ਕਾਰਨ ਆਪ ਜੀ ਦੀ ਪੜ੍ਹਾਈ ਵਿਚ ਵਿਘਨ ਪਿਆ। ਬਤੌਰ ਲੇਖਕ ਆਪ ਜੀ ਦੀਆਂ ਰਚਨਾਵਾਂ ਵੱਖ-ਵੱਖ ਪੰਜਾਬੀ ਅਖ਼ਬਾਰਾਂ ਅਤੇ ਗੁਰਮਤਿ ਪ੍ਰਕਾਸ਼ ਵਿਚ ਛੱਪਦੀਆਂ ਰਹੀਆਂ ਹਨ। ਆਪਣੀ ਮੌਤ ਤੋਂ ਪਹਿਲਾਂ ਹੀ 1 ਜੁਲਾਈ, 2019 ਵਿਚ ਆਪ ਜੀ ਵੱਲੋਂ ਵਿਲੱਖਣ ਕਿਸਮ ਦੀ ਧਾਰਮਿਕ ਵਸੀਅਤ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਇੱਕ ਕਾਰਜ ਵੀ ਅਜਿਹਾ ਨਾ ਕੀਤਾ ਜਾਵੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਸਿੱਖ ਰਹਿਤ ਮਰਿਯਾਦਾ ਤੋਂ ਉੱਲਟ ਹੋਵੇ। ਇਹੀ ਕਾਰਨ ਹੈ ਕਿ ਮਿਤੀ 13 ਜੂਨ, 2022 ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੀ ਲਿਖੀ ਵਸੀਅਤ ਅਨੁਸਾਰ ਹੀ ਸਾਰੇ ਅੰਤਿਮ ਕਾਰਜ ਪਰਿਵਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ।

ਜ਼ਿੰਦਗੀ ਵਿਚਲੇ ਉਤਰਾਅ-ਚੜ੍ਹਾਅ, ਸਰੀਰਿਕ ਸਮੱਸਿਆਵਾਂ ਅਤੇ ਗੰਭੀਰ ਸਰੀਰਿਕ ਰੋਗਾਂ ਦੇ ਬਾਵਜੂਦ ਆਪ ਜੀ ਹਮੇਸ਼ਾਂ ਪੰਥ ਅਤੇ ਪੰਥ ਦੀ ਭਲਾਈ ਦੇ ਕਾਰਜਾਂ ਲਈ ਕਿਵੇਂ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਯਤਨਸ਼ੀਲ ਰਿਹਾ ਜਾ ਸਕਦਾ ਹੈ, ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਰਹੇਗਾ।

ਆਪ ਜੀ ਨੇ ਹਰ ਦੁੱਖ-ਸੁੱਖ ਦੌਰਾਨ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਮਿਸਾਲੀ ਜੀਵਨ ਜੀਵਿਆ ਹੈ। ਆਪਣੇ ਵਿਦਿਆਰਥੀਆਂ ਲਈ ਆਪ ਹਮੇਸ਼ਾਂ ਹੀ ਰੋਲ ਮਾਡਲ ਬਣੇ ਰਹੇ ਹਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਪ ਜਿਹਾ ਉਸਤਾਦ ਮੈਨੂੰ ਨਸੀਬ ਹੋਇਆ ਸੀ। ਆਪ ਜੀ ਦੀ ਸਿੱਖਿਆਵਾਂ ਅੱਜ ਵੀ ਮੇਰੇ ਲਈ ਰਾਹ ਦਸੇਰਾ ਦਾ ਕੰਮ ਕਰਦੀਆਂ ਹਨ।

ਮਿਤੀ 7 ਫਰਵਰੀ, 2024 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦੀ ਯਾਦ ਨੂੰ ਹਮੇਸ਼ਾ ਕਾਇਮ ਰੱਖਣ ਲਈ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀ ਗਈ। ਆਪ ਜੀ ਵੱਲੋਂ ਧਰਮ-ਪ੍ਰਚਾਰ ਹਿੱਤ ਕੀਤੀਆਂ ਗਈਆਂ ਨਿਸ਼ਕਾਮਾਂ ਸੇਵਾਵਾਂ ਨੂੰ ਪੰਥ ਹਮੇਸ਼ਾਂ ਯਾਦ ਰੱਖੇਗਾ।

# ਪੰਜਾਬ ਦੇ ਵੋਟਰਾਂ ਨੇ ਮੁਫ਼ਤਖ਼ੋਰੀ ਨੂੰ ਨਕਾਰ ਦਿੱਤਾ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬ ਦੇ ਵੋਟਰਾਂ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਸਾਰੀਆਂ ਪਾਰਟੀਆਂ ਦੀ ਔਕਾਤ ਅਨੁਸਾਰ ਸੀਟਾਂ ਦੇ ਕੇ ਚੁੱਪ ਕਰਾ ਦਿੱਤਾ ਹੈ। ਪ੍ਰੰਤੂ ਮੁਫ਼ਤਖ਼ੋਰੀ ਨੂੰ ਨਕਾਰ ਦਿੱਤਾ ਹੈ ਕਿਉਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਦੋ ਮਹੀਨਿਆਂ ਲਈ 600 ਯੂਨਿਟਾਂ ਮੁਫ਼ਤ ਦੀ ਸਹੂਲਤ ਦੇ ਕੇ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਆਮ ਆਦਮੀ ਪਾਰਟੀ ਨੂੰ ਫਿਰ ਵੀ 3 ਸੀਟਾਂ 'ਤੇ ਹੀ ਸਬਰ ਕਰਨਾ ਪਿਆ। ਲੋਕ ਸਭਾ ਦੀਆਂ ਚੋਣਾਂ ਵਿਚ ਕਈ ਤਰ੍ਹਾਂ ਦੀਆਂ ਵਿਲੱਖਣਤਾਵਾਂ ਵੇਖਣ ਨੂੰ ਮਿਲੀਆਂ ਹਨ। ਹੁਣ ਤੱਕ ਦੀਆਂ ਪੰਜਾਬ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਹਮੇਸ਼ਾ ਦੋ ਪਾਰਟੀਆਂ ਦੇ ਸਿੱਧੇ ਮੁਕਾਬਲੇ ਹੁੰਦੇ ਰਹੇ ਹਨ।

ਕੁੱਝ ਕੁ ਛੋਟੀਆਂ ਪਾਰਟੀਆਂ ਜਾਂ ਆਜ਼ਾਦ ਉਮੀਦਵਾਰ ਤਾਂ ਹੁੰਦੇ ਸਨ, ਪ੍ਰੰਤੂ ਮੁੱਖ ਮੁਕਾਬਲਾ ਆਮ ਤੌਰ 'ਤੇ ਦੋ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਹੁੰਦਾ ਸੀ। ਅਕਾਲੀ ਦਲ ਵੀ ਲਗਪਗ ਹਮੇਸ਼ਾ ਹੀ ਕਿਸੇ ਸਹਿਯੋਗੀ ਪਾਰਟੀ ਨਾਲ ਮਿਲ ਕੇ ਚੋਣ ਲੜਦਾ ਸੀ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੋਵੇਂ ਹੀ ਇਕੱਲੀਆਂ-ਇਕੱਲੀਆਂ ਚੋਣਾ ਲੜੀਆਂ ਹਨ।

ਅਕਾਲੀ ਦਲ ਇਕ ਵਾਰ ਬਹੁਜਨ ਸਮਾਜ ਪਾਰਟੀ ਅਤੇ ਉਸ ਤੋਂ ਬਾਅਦ ਹਮੇਸ਼ਾ ਹੀ ਜਨ ਸੰਘ/ਭਾਰਤੀ ਜਨਤਾ ਪਾਰਟੀ ਨਾਲ ਰਲਕੇ ਚੋਣਾ ਲੜਦਾ ਸੀ। ਕਾਂਗਰਸ ਪਾਰਟੀ ਹਮੇਸ਼ਾ ਹੀ ਇਕੱਲਿਆਂ ਚੋਣਾਂ ਲੜਦੀ ਰਹੀ ਹੈ। ਪਿਛਲੀਆਂ ਦੋ ਚੋਣਾਂ ਤੋਂ ਆਮ ਆਦਮੀ ਪਾਰਟੀ ਵੀ ਮੈਦਾਨ ਵਿਚ ਆ ਗਈ ਹੈ। ਹਾਲਾਂਕਿ ਆਮ ਆਦਮੀ ਪਾਰਟੀ ਪੰਜਾਬ ਤੋਂ ਬਿਨਾ ਸਮੁੱਚੇ ਭਾਰਤ ਵਿਚ ਇੰਡੀਆ ਧੜੇ ਵਿਚ ਸ਼ਾਮਲ ਹੋ ਕੇ ਚੋਣਾਂ ਲੜ ਰਹੀ ਹੈ। ਇਸ ਵਾਰ ਦੀ ਚੋਣ ਦੀ ਇਕ ਹੋਰ ਵਿਲੱਖਣਤਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਖੁੱਲ੍ਹਮ-ਖੁੱਲ੍ਹਾ ਆਯੋਧਿਆ ਵਿਚ ਸਥਾਪਤ ਕੀਤੇ ਰਾਮ ਮੰਦਰ ਦੇ ਨਾਮ 'ਤੇ ਵੋਟਾਂ ਮੰਗੀਆਂ ਹਨ। ਜਦੋਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੇ ਹੋਰ ਧੜੇ ਪੰਥ ਦੇ ਨਾਮ 'ਤੇ ਵੋਟਾਂ ਮੰਗਦੇ ਰਹੇ ਹਨ। ਇਸ ਵਾਰ 18 ਦਲ ਦਬਦਲੂਆਂ ਨੇ ਵੀ ਚੋਣ ਲੜੀ ਹੈ, ਜਿਨ੍ਹਾਂ ਵਿਚ ਕਾਂਗਰਸ, ਆਮ ਆਦਮੀ ਪਾਰਟੀ ਅਤੇ ਬਹੁਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਨ। ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਪੰਜਾਬ ਵਿਚ ਆਪਣੇ ਦਮ 'ਤੇ ਇਕੱਲਿਆਂ ਚੋਣ ਲੜੀ ਹੈ। ਇਸ ਵਾਰ ਸਾਰੀਆਂ ਪਾਰਟੀਆਂ ਮੁੱਦਿਆਂ ਦੀ ਥਾਂ ਦੂਸ਼ਣਬਾਜ਼ੀ ਹੀ ਕਰਦੀਆਂ ਰਹੀਆਂ ਹਨ। ਪੰਜਾਬ ਦਾ ਵਿਕਾਸ, ਆਰਥਿਕਤਾ, ਨਸ਼ੇ, ਗੈਂਗਸਟਰਵਾਦ, ਜ਼ਮੀਨਦੋਜ਼ ਪਾਣੀ, ਬੇਰੋਜ਼ਗਾਰੀ ਅਤੇ ਭ੍ਰਿਸ਼ਟਾਚਾਰ ਵਰਗੇ ਅਹਿਮ ਮੁੱਦੇ ਨਦਾਰਦ ਰਹੇ। ਮੁਫ਼ਤਖ਼ੋਰੀ ਦਾ ਖ਼ੂਬ ਪ੍ਰਚਾਰ ਕੀਤਾ ਗਿਆ।

ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਆਟਾ-ਦਾਲ ਸਕੀਮ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰਦੇ ਰਹੇ। ਗਰੰਟੀਆਂ ਦਾ ਨਵਾਂ ਮੁੱਦਾ ਵੀ ਭਾਰੀ ਰਿਹਾ। 13 ਲੋਕ ਸਭਾ ਮੈਂਬਰਾਂ ਵਿਚੋਂ 8 ਮੈਂਬਰ ਪਹਿਲੀ ਵਾਰ ਲੋਕ ਸਭਾ ਦੀਆਂ ਪੌੜੀਆਂ ਚੜ੍ਹਨਗੇ। ਦੋ ਲੋਕ ਸਭਾ ਮੈਂਬਰਾਂ ਨੂੰ ਛੱਡਕੇ 11 ਮੈਂਬਰ ਪੜ੍ਹੇ-ਲਿਖੇ ਅਤੇ ਲੋਕਤੰਤਰ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

18ਵੀਂ ਲੋਕ ਸਭਾ ਚੋਣਾਂ 2024 ਦੇ ਚੋਣ ਨਤੀਜਿਆਂ ਨੇ ਦੇਸ਼ ਦੀਆਂ ਸਿਆਸੀ ਪਾਰਟੀਆਂ ਖਾਸ ਤੌਰ 'ਤੇ ਰਾਜ ਕਰ ਰਹੀਆਂ ਪਾਰਟੀਆਂ ਨੂੰ ਆਪਣੀਆਂ ਨੀਤੀਆਂ ਬਦਲਣ ਲਈ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ। ਜਿਹੜੀਆਂ ਪਾਰਟੀਆਂ ਚੋਣਾਂ ਵਿਚ ਬਿਹਤਰੀਨ ਕਾਰਗੁਜ਼ਾਰੀ ਦੇ ਦਮਗਜ਼ੇ ਮਾਰ ਰਹੀਆਂ ਸਨ, ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਭਾਰਤ ਸੰਸਾਰ ਦਾ ਸਭ ਤੋਂ ਵੱਡਾ ਪਰਜਾਤੰਤਰਕ ਦੇਸ਼ ਹੈ, ਪ੍ਰੰਤੂ ਇਥੇ ਹਕੂਮਤ ਕਰ ਰਹੀਆਂ ਕੁੱਝ ਸਿਆਸੀ ਪਾਰਟੀਆਂ ਪਰਜਾਤੰਤਰ ਦੇ ਸਿਧਾਂਤਾਂ 'ਤੇ ਪਹਿਰਾ ਨਹੀਂ ਦੇ ਰਹੀਆਂ, ਸਗੋਂ ਪਰਜਾਤੰਤਰ ਦੀਆਂ ਧੱਜੀਆਂ ਉਡਾ ਰਹੀਆਂ ਸਨ। ਦੇਸ਼ ਦੇ ਵੋਟਰਾਂ ਨੇ ਆਪਣੇ ਫ਼ੈਸਲਿਆਂ ਵਿਚ ਤਾਨਾਸ਼ਾਹੀ ਦੀ ਪ੍ਰਵਿਰਤੀ ਨੂੰ ਕਬੂਲ ਨਹੀਂ ਕੀਤਾ।

ਭਾਰਤ ਦੀਆਂ ਇਤਿਹਾਸਕ, ਧਾਰਮਿਕ, ਮਿਥਹਾਸਿਕ, ਭਾਈਚਾਰਕ ਸਾਂਝ, ਭਰਾਤਰੀ ਸਹਿਣਸ਼ੀਲਤਾ, ਮਿਲਵਰਤਨ, ਆਪਸੀ ਸਹਿਯੋਗ, ਸਹਿਚੋਂਦ ਅਤੇ ਸਦਭਾਵਨਾ ਵਾਲੀਆਂ ਪ੍ਰੰਪਰਾਵਾਂ ਹਨ, ਪ੍ਰੰਤੂ ਕੁੱਝ ਸਿਆਸੀ ਪਾਰਟੀਆਂ ਇਨ੍ਹਾਂ ਪ੍ਰੰਪਰਾਵਾਂ 'ਤੇ ਪਹਿਰਾ ਦੇਣ ਦੀ ਥਾਂ ਇਨ੍ਹਾਂ ਦੇ ਵਿਰੁੱਧ ਲੋਕਾਂ ਨੂੰ ਉਕਸਾ ਰਹੀਆਂ ਸਨ। ਭਾਰਤ ਦੇ ਵੋਟਰਾਂ ਨੇ ਅਜਿਹੀਆਂ ਪਾਰਟੀਆਂ ਨੂੰ ਸਬਕ ਸਿਖਾ ਦਿੱਤਾ ਹੈ। ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 123 ਚੋਣਾਂ ਵਿਚ ਧਰਮ ਅਤੇ ਜਾਤ-ਪਾਤ ਦੀ ਵਰਤੋਂ ਦੀ ਮਨਾਹੀ ਕਰਦੀ ਹੈ ਪ੍ਰੰਤੂ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਧਰਮ ਅਤੇ ਜਾਤ-ਪਾਤ ਦੀ ਪ੍ਰਮੁੱਖਤਾ ਨਾਲ ਵਰਤੋਂ ਕੀਤੀ ਗਈ। ਧਰਮ ਦੇ ਨਾਮ 'ਤੇ ਵੋਟਾਂ ਮੰਗੀਆਂ ਗਈਆਂ ਪ੍ਰੰਤੂ ਸੂਝਵਾਨ ਵੋਟਰਾਂ ਨੇ ਸਿਆਣਪ ਤੋਂ ਕੰਮ ਲੈਂਦਿਆਂ ਸਿਆਸਤਦਾਨਾਂ ਦੀ ਚਾਲਾਂ ਵਿਚ ਫਸੇ ਨਹੀਂ, ਸਗੋਂ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕੀਤੀ ਹੈ। ਉਤਰ ਪ੍ਰਦੇਸ਼ ਦੀ ਫ਼ੈਜ਼ਾਬਾਦ ਲੋਕ ਸਭਾ ਦੀ ਸੀਟ ਤੋਂ ਜਿਥੇ ਆਯੋਧਿਆ ਵਿਖੇ ਸ਼੍ਰੀ ਰਾਮ ਮੰਦਰ ਦੀ ਸਥਾਪਨਾ ਕੀਤੀ ਗਈ ਹੈ, ਉਥੋਂ ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਚੋਣ ਹਾਰ ਗਏ ਹਨ। ਧਰਮ ਅਤੇ ਜਾਤ-ਪਾਤ ਦੀ ਆੜ ਵਿਚ ਵੋਟਾਂ ਬਟੋਰਨ ਦੀ ਪ੍ਰਵਿਰਤੀ ਨੂੰ ਵੋਟਰਾਂ ਨੇ ਪ੍ਰਵਾਨ ਨਹੀਂ ਕੀਤਾ।

ਭਾਰਤੀ ਜਨਤਾ ਪਾਰਟੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ 303 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ, ਇਸ ਦੇ ਮੁਕਾਬਲੇ ਇਸ ਵਾਰ 239 ਸੀਟਾਂ 'ਤੇ ਹੀ ਸਬਰ ਕਰਨਾ ਪਿਆ। ਇਕੱਲੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ, ਜਿਸ ਤੋਂ ਬਾਅਦ ਗੱਠਜੋੜ ਦੀ ਸਿਆਸਤ ਦੁਬਾਰਾ ਸ਼ੁਰੂ ਹੋ ਗਈ ਹੈ। ਭਾਵ ਭਾਰਤੀ ਜਨਤਾ ਪਾਰਟੀ ਆਪਣੇ ਸਹਿਯੋਗੀਆਂ ਨਿਤਿਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੂ ਦੀਆਂ ਵਿਸਾਖੀਆਂ ਨਾਲ ਸਰਕਾਰ ਬਣਾਉਣ ਲਈ ਮਜਬੂਰ ਹੋਵੇਗੀ।

ਭਾਰਤੀ ਜਨਤਾ ਪਾਰਟੀ ਨੂੰ ਆਪਣੇ ਤਾਨਾਸ਼ਾਹੀ ਦੇ ਵਿਵਹਾਰ ਵਿਚ ਤਬਦੀਲੀ ਲਿਆਉਣੀ ਪਵੇਗੀ ਕਿਉਂਕਿ ਉਹ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਕੁਰਬਾਨੀਆਂ ਦੇਣ ਵਾਲੀ ਰੀਜਨਲ ਪਾਰਟੀ ਹੈ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਉਸ ਨੇ 13 ਉਮੀਦਵਾਰ ਖੜ੍ਹੇ ਕੀਤੇ ਸਨ, ਉਨ੍ਹਾਂ ਵਿਚੋਂ ਦੋ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਬਠਿੰਡਾ ਅਤੇ ਬੌਬੀ ਮਾਨ ਫ਼ਿਰੋਜ਼ਪੁਰ ਨੂੰ ਛੱਡਕੇ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਪਾਰਟੀ ਦੇ ਦਿੱਗਜ਼ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਅਤੇ ਵਿਰਸਾ ਸਿੰਘ ਵਲਟੋਹਾ ਜ਼ਮਾਨਤਾਂ ਜ਼ਬਤ ਹੋਣ ਵਾਲਿਆਂ ਵਿਚ ਸ਼ਾਮਲ ਹਨ।

ਜੇਕਰ ਅਜੇ ਵੀ ਉਹ ਆਪਣੀਆਂ ਨੀਤੀਆਂ, ਕਾਰਗੁਜ਼ਾਰੀ ਅਤੇ ਮੁੱਖੀ ਨੂੰ ਬਦਲਣ ਲਈ ਤਿਆਰ ਨਹੀਂ ਹਨ, ਤਾਂ ਉਨ੍ਹਾਂ ਨੂੰ ਇਸ ਦਾ ਇਵਜ਼ਾਨਾ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪਵੇਗਾ। ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀਆਂ ਨੀਤੀਆਂ ਬਦਲਣ ਦੇ ਸੰਕੇਤ ਦੇ ਦਿੱਤੇ ਹਨ, ਜੇਕਰ ਅਜੇ ਵੀ ਨਾ ਸਮਝੇ ਤਾਂ ਵੋਟਰਾਂ ਨੇ ਪੜ੍ਹਨੇ ਪਾ ਦੇਣਾ ਹੈ। ਸ਼੍ਰੋਮਣੀ ਅਕਾਲੀ ਦਲ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਵਾਲੀ ਬਠਿੰਡਾ ਇੱਕ ਸੀਟ ਜਿੱਤਕੇ ਦਮਗਜ਼ੇ ਮਾਰਨ ਦਾ ਨਤੀਜਾ ਵੀ ਅਗਲੀਆਂ ਚੋਣਾਂ ਵਿਚ ਭਾਰੂ ਪੈ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀਆਂ ਵੋਟਾਂ ਦੀ ਪ੍ਰਤੀਸ਼ਤ 2014 ਦੀ 26.30 ਫ਼ੀਸਦੀ ਤੇ 2019 ਦੀ 27.76 ਫ਼ੀਸਦੀ ਤੋਂ ਘੱਟ ਕੇ 13.42 ਫ਼ੀਸਦੀ ਰਹਿ ਗਈ ਹੈ, ਜੋ ਪਹਿਲੀ ਵਾਰ ਸਾਰੀਆਂ ਸੀਟਾਂ 'ਤੇ ਚੋਣ ਲੜਨ ਵਾਲੀ ਭਾਰਤੀ ਜਨਤਾ ਪਾਰਟੀ ਤੋਂ ਵੀ ਘੱਟ ਹੈ।

2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ 18.38 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ, ਭਾਵੇਂ ਉਸ ਨੇ 3 ਸੀਟਾਂ ਹੀ ਜਿੱਤੀਆਂ ਸਨ। ਇਸੇ ਤਰ੍ਹਾਂ ਦੋ ਸਾਲ ਪਹਿਲਾਂ ਪੰਜਾਬ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 13-ਜ਼ੀਰੋ ਦੀ ਫੜ੍ਹ ਮਾਰਦੇ ਸਨ ਪ੍ਰੰਤੂ ਨਤੀਜੇ ਸਿਰਫ 13 ਦੀ ਥਾਂ 3 'ਤੇ ਆ ਕੇ ਅਟਕ ਗਏ। ਆਮ ਆਦਮੀ ਪਾਰਟੀ ਜਿਹੜੀ ਲਤੀਫ਼ਿਆਂ ਅਤੇ ਇਸ਼ਤਿਹਾਰਾਂ ਦੇ ਪ੍ਰਚਾਰ ਨਾਲ ਸਰਕਾਰ ਦੀਆਂ ਪ੍ਰਾਪਤੀਆਂ ਦਾ ਪ੍ਰਗਟਾਵਾ ਕਰਦੀ ਸੀ, ਉਨ੍ਹਾਂ ਦੀ ਪ੍ਰਤੀਸ਼ਤ ਸਿਰਫ 26.02 ਫ਼ੀਸਦੀ ਰਹਿ ਗਈ, ਜਦੋਂਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 42.01 ਫ਼ੀਸਦੀ ਸੀ। ਭਾਰਤੀ ਜਨਤਾ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 73 ਉਮੀਦਵਾਰ ਖੜ੍ਹੇ ਕੀਤੇ ਸਨ ਤੇ ਵੋਟ ਫ਼ੀਸਦੀ 6.60 ਸੀ।

ਇਸ ਵਾਰ ਲੋਕ ਸਭਾ ਲਈ ਸਾਰੀਆਂ 13 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਤੇ ਫ਼ੀਸਦੀ 18.56 ਹੋ ਗਈ। ਪ੍ਰੰਤੂ ਉਨ੍ਹਾਂ ਦੇ ਕੁੱਝ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਕਾਂਗਰਸ ਪਾਰਟੀ ਨੇ ਵੀ 13 ਉਮੀਦਵਾਰ ਖੜ੍ਹੇ ਕੀਤੇ ਸਨ, ਜਿਨ੍ਹਾਂ ਵਿਚੋਂ 7 ਜਿੱਤ ਗਏ ਹਨ ਤੇ ਵੋਟ 26.30 ਫ਼ੀਸਦੀ ਰਹੀ। ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ 40 ਫ਼ੀਸਦੀ ਵੋਟ ਪੋਲ ਹੋਈ ਸੀ। ਕਾਂਗਰਸ ਪਾਰਟੀ ਨੂੰ ਵੋਟਾਂ ਵਧੇਰੇ ਨਹੀਂ ਪਈਆਂ ਪ੍ਰੰਤੂ ਚਾਰ ਕੋਨੇ ਮੁਕਾਬਲਿਆਂ ਕਰਕੇ ਉਨ੍ਹਾਂ ਦੇ ਉਮੀਦਵਾਰ ਚੋਣ ਜਿੱਤ ਗਏ।

ਕਿਸਾਨਾਂ ਨੇ ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਫ਼ਸਲਾਂ ਦੀ ਕਾਨੂੰਨੀ ਘੱਟੋ-ਘੱਟ ਕੀਮਤ ਨਿਸ਼ਚਿਤ ਕਰਨ ਦਾ ਐਲਾਨ ਕਰਨ ਕਰਕੇ ਵੋਟਾਂ ਪਾ ਦਿੱਤੀਆਂ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਦਲ-ਬਦਲੀਆਂ ਦਾ ਜ਼ੋਰ ਰਿਹਾ। 18 ਦਲਬਦਲੂਆਂ ਨੇ ਚੋਣ ਲੜੀ ਸੀ ਪ੍ਰੰਤੂ ਪੰਜਾਬ ਦੇ ਵੋਟਰਾਂ ਨੇ ਦਲ ਬਦਲੂਆਂ ਨੂੰ ਮੂੰਹ ਨਹੀਂ ਲਾਇਆ।

18 ਉਮੀਦਵਾਰਾਂ ਵਿਚੋਂ ਮੁੱਖ ਉਮੀਦਵਾਰ ਸ਼੍ਰੀਮਤੀ ਪਰਨੀਤ ਕੌਰ, ਰਵਨੀਤ ਸਿੰਘ ਬਿੱਟੂ, ਸੁਸ਼ੀਲ ਕੁਮਾਰ ਰਿੰਕੂ, ਪਵਨ ਕੁਮਾਰ ਟੀਨੂੰ, ਗੁਰਪ੍ਰੀਤ ਸਿੰਘ ਜੀ.ਪੀ. ਅਤੇ ਰਾਜ ਕੁਮਾਰ ਚੱਬੇਵਾਲ ਨੇ ਪਾਰਟੀਆਂ ਬਦਲਕੇ ਚੋਣ ਲੜੀ ਸੀ। ਰਾਜ ਕੁਮਾਰ ਚੱਬੇਵਾਲ ਤੋਂ ਇਲਾਵਾ ਸਾਰਿਆਂ ਨੂੰ ਵੋਟਰਾਂ ਨੇ ਹਰਾ ਦਿੱਤਾ ਹੈ। 1989 ਦੀ ਤਰ੍ਹਾਂ ਦੋ ਪੰਥਕ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਫਰੀਦਕੋਟ ਅਤੇ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਚੋਣ ਜਿੱਤ ਗਏ ਹਨ। ਪੰਥਕ ਉਮੀਦਵਾਰਾਂ ਨੇ ਇਸ ਵਾਰ ਭਾਰਤੀ ਸੰਵਿਧਾਨ ਦੇ ਰੁੱਧ ਪ੍ਰਚਾਰ ਨਹੀਂ ਕੀਤਾ ਪ੍ਰੰਤੂ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਜ਼ਰੂਰ ਭਾਰੂ ਰਿਹਾ।

# ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਕਿਸੇ ਵੀ ਸਿਆਸੀ ਧਿਰ ਦੇ ਏਜੰਡੇ 'ਤੇ ਨਹੀਂ ਸੀ ਆਮ ਲੋਕਾਂ ਦੇ ਮੁੱਦੇ

- ਪੰਜਾਬ ਅੰਦਰ ਬਹੁਤੇ ਪੁਲਾਂ ਦੀ ਹਾਲਤ ਖ਼ਸਤਾ
- ਨਸ਼ਾ ਤੇ ਬੇਰੁਜ਼ਗਾਰ ਨੌਜਵਾਨੀ ਦੀ ਕੋਈ ਨਹੀਂ ਕਰ ਰਿਹਾ ਗੱਲ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA





ਪੰਜਾਬ ਅੰਦਰ ਲੰਘੇ ਸਮੇਂ ਚੋਣ ਮਾਹੌਲ ਆਪਣੀ ਪੂਰੀ ਚਰਮ ਸੀਮਾ 'ਤੇ ਪਹੁੰਚ ਕੇ ਸਮਾਪਤ ਹੋ ਚੁੱਕਿਆ ਹੈ ਤੇ ਨਤੀਜੇ ਆ ਗਏ ਹਨ। ਸਾਰੀਆਂ ਹੀ ਸਿਆਸੀ ਧਿਰਾਂ ਵੱਲੋਂ ਵੱਡੇ ਪੱਧਰ 'ਤੇ ਚੋਣ ਪ੍ਰਚਾਰ ਕਰਕੇ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦਾ ਯਤਨ ਕੀਤਾ ਗਿਆ। ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ, ਲੋਕਾਂ ਨੇ ਆਪਣਾ ਪ੍ਰਧਾਨ ਮੰਤਰੀ ਚੁਣਨਾ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਸਰਕਾਰ ਦੇ ਕੋਲ ਜਾਂ ਕਿਸੇ ਵੀ ਸਿਆਸੀ ਧਿਰ ਦੇ ਕੋਲ ਆਮ ਲੋਕਾਂ ਦੇ ਮੁੱਦਿਆਂ ਦੀ ਕੋਈ ਗੱਲ ਵਿਖਾਈ ਨਹੀਂ ਦਿੱਤੀ, ਸਿਰਫ ਤੇ ਸਿਰਫ ਸਿਆਸੀ ਲੋਕਾਂ ਨੂੰ ਨਿੰਦ ਕੇ ਚੋਣ ਪ੍ਰਚਾਰ ਕੀਤਾ, ਜੋ ਬਹੁਤ ਹਾਸੋਹੀਣੀ ਗਲਤ ਗੱਲ ਹੈ। ਪੰਜਾਬ ਦੀ ਸਦਾ ਹੀ ਇਹ ਤ੍ਰਾਸਦੀ ਰਹੀ ਹੈ ਕਿ ਇੱਥੇ ਰਾਜ ਕਰਨ ਵਾਲੀ ਕਿਸੇ ਵੀ ਧਿਰ ਵੱਲੋਂ ਚੋਣਾਂ ਮੌਕੇ ਖੜ੍ਹੇ ਕੀਤੇ ਜਾਂਦੇ 'ਵਾਅਦਿਆਂ ਤੇ ਦਾਅਵਿਆਂ ਦੇ ਮਹਿਲ' ਬਾਅਦ ਵਿਚ ਰੇਤ ਦੇ ਢੇਰ ਵਾਂਗੂੰ ਕਿਰ ਜਾਂਦੇ ਹਨ।

ਸਿਆਸੀ ਆਗੂਆਂ ਵੱਲੋਂ ਚੋਣਾਂ ਦੌਰਾਨ ਕੀਤੇ ਜਾਂਦੇ ਧੂਆਂਧਾਰ ਭਾਸ਼ਣਾਂ ਵਿਚ ਲੋਕ ਮੁੱਦਿਆਂ ਦੀ ਗੱਲ ਕਿਤੇ ਵੀ ਵਿਖਾਈ ਨਹੀਂ ਦਿੱਤੀ, ਸਿਰਫ ਇੱਕ ਦੂਜੇ ਉੱਤੇ ਦੂਸ਼ਣਬਾਜ਼ੀ ਦਾ ਚਿੱਕੜ ਉਛਾਲ ਕੇ ਸਮਾਂ ਲੰਘਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰ ਹੈਰਾਨੀਜਨਕ ਤੱਥ ਇਹ ਹੈ ਕਿ ਸਿਆਸੀ ਆਗੂਆਂ ਵੱਲੋਂ ਕੋਈ ਵੀ ਲੋਕ ਮੁੱਦਾ ਚੁੱਕਣ ਦੀ ਬਜਾਏ ਸਿਰਫ ਇੱਕ ਦੂਜੇ ਨੂੰ ਨਿੰਦ ਕੇ ਵੋਟਾਂ ਬਟੋਰਨ ਦੀ ਰਣਨੀਤੀ ਅਪਣਾਈ ਗਈ। ਉਸ ਤੋਂ ਬਾਅਦ ਵੀ ਇੱਕ ਪੱਖ ਅਹਿਮ ਇਹ ਵਿਚਾਰਨ ਵਾਲਾ ਹੈ ਕਿ ਨਾ ਤਾਂ ਨਸ਼ੇ ਦੀ ਕੋਈ ਖਾਸ ਗੱਲ ਕੀਤੀ ਹੈ, ਨਾ ਹੀ ਭ੍ਰਿਸ਼ਟਾਚਾਰ ਸਬੰਧੀ ਲੋਕ ਮੁੱਦਿਆਂ ਉੱਤੇ ਧਿਆਨ ਖਿੱਚਿਆ ਜਾ ਰਿਹਾ ਹੈ ਅਤੇ ਨਾ ਹੀ ਪੰਜਾਬ ਦੀ ਨੌਜਵਾਨੀ ਜੋ ਬਾਹਰ ਨੂੰ ਜਾ ਰਹੀ ਹੈ, ਉਸ ਸਬੰਧੀ ਕੋਈ ਗੱਲ ਕੀਤੀ। ਉਸ ਤੋਂ ਬਾਅਦ ਵੀ ਪੰਜਾਬ ਦੇ ਪਾਣੀ ਅਤੇ ਜ਼ਹਿਰੀਲੀ ਧਰਤੀ ਸਬੰਧੀ ਵੀ ਕੋਈ ਖਾਸ ਪ੍ਰਤੀਕਰਮ ਸਾਹਮਣੇ ਨਹੀਂ ਆ ਰਿਹਾ।

ਪੰਜਾਬ ਦੇ 8 ਜ਼ਿਲ੍ਹਿਆਂ ਕਈ ਹਲਕਿਆਂ ਦਾ ਸੁਮੇਲ ਬੰਨ੍ਹੇ ਜਾਂਦੇ ਮਾਲਵੇ, ਮਾਝੇ ਤੇ ਦੁਆਬੇ ਦੇ ਇਤਿਹਾਸਕ ਜੋੜੇਪੁਲਾਂ ਦੀ ਖ਼ਸਤਾ ਹਾਲਤ ਤੋਂ ਇਲਾਵਾ ਉੱਥੇ ਲੱਗ ਰਹੇ ਜਾਮ ਦੇ ਕਾਰਨ ਰਾਹਗੀਰਾਂ ਦੀ ਜ਼ਿੰਦਗੀ ਦੁੱਭਰ ਬਣ ਚੁੱਕੀ ਨਜ਼ਰੀ ਪੈਂਦੀ ਹੈ। ਇਸ ਵਰਤਾਰੇ ਦਾ ਇੱਕ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਭਾਵੇਂ ਇਹ ਪੁਲ ਵੱਖ-ਵੱਖ ਪਿੰਡਾਂ ਸ਼ਹਿਰਾਂ ਵਿਚ ਪੈਂਦੇ ਹਨ ਪਰ ਇਨ੍ਹਾਂ ਪੁਲਾਂ ਦੇ ਨਵ-ਨਿਰਮਾਣ ਸਬੰਧੀ ਚਾਰਾਜੋਈ ਲੋਕਾਂ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾ ਰਹੀ ਹੈ, ਸਰਕਾਰ ਵੱਲੋਂ ਨਹੀਂ। ਕਈ ਵਾਰ ਰਾਤ ਨੂੰ ਲੱਗੇ ਜਾਮ ਦੇ ਕਾਰਨ ਗੱਡੀਆਂ ਵਿਚ ਮਰੀਜ਼ਾਂ ਦੀ ਜ਼ਿੰਦਗੀ ਦਾਅ 'ਤੇ ਲੱਗੀ ਰਹਿੰਦੀ ਹੈ। ਬੀਤੇ ਦਿਨੀਂ ਜਾਮ ਵਿਚ ਬਜ਼ੁਰਗ ਮਰੀਜ਼ ਤੇ ਬੱਚੇ ਤੜਫਦੇ ਰਹੇ ਤੇ ਸਰਕਾਰ ਨੂੰ ਕੋਸਦੇ ਰਹੇ। ਗੱਡੀ ਵਿਚ ਵਿਲਕ ਰਹੇ ਬਜ਼ੁਰਗਾਂ ਦੀਆਂ ਕੂਕਾਂ ਸੱਤਾਧਾਰੀ ਲੋਕਾਂ ਦੇ ਬੋਲੇ ਕੰਨਾਂ ਨੂੰ ਪਾੜ ਰਹੀਆਂ ਸਨ। ਬੇਰੁਜ਼ਗਾਰੀ ਦਾ ਮੁੱਦਾ ਬਹੁਤ ਵੱਡਾ ਹੈ, ਪੰਜਾਬ ਦਾ ਲੱਖਾਂ ਨੌਜਵਾਨ ਬੇਰੁਜ਼ਗਾਰ ਹੈ।

ਟਰੈਫਿਕ ਦੀ ਗੱਲ ਕਰੀਏ, ਤਾਂ ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ, ਕਈ ਵਾਰ ਤਾਂ ਦਿਨ ਵਿਚ ਵੀ ਜਾਮ ਲੱਗਣ ਕਾਰਨ ਸਥਿਤੀ ਬੇਹੱਦ ਗੰਭੀਰ ਹੋ ਜਾਂਦੀ ਹੈ। ਆਏ ਦਿਨ ਇਨ੍ਹਾਂ ਪੁਲਾਂ ਉੱਪਰ ਦੀ ਸੱਤਾਧਾਰੀ ਧਿਰ ਦੇ ਵਿਧਾਇਕ ਤੇ ਮੰਤਰੀ ਗੁਜ਼ਰਦੇ ਰਹਿੰਦੇ ਹਨ ਤੇ ਹੁਣ ਚੋਣਾਂ ਦੌਰਾਨ ਵੀ ਉਮੀਦਵਾਰਾਂ ਦੇ ਨਾਲ ਮੰਤਰੀਆਂ-ਸੰਤਰੀਆਂ ਦੀਆਂ ਗੱਡੀਆਂ ਦੇ ਕਾਫਲੇ ਦੀ ਗੂੰਜ ਚਿੰਤਕ ਲੋਕਾਂ ਦੇ ਸੀਨੇ ਖੰਜਰ ਵਾਂਗ ਚੁੱਭੇਗੀ ਪਰ ਸ਼ਾਇਦ ਹੀ ਕਿਸੇ ਉਮੀਦਵਾਰ ਨੂੰ ਇਨ੍ਹਾਂ ਪੁਲਾਂ 'ਤੇ ਤਰਸ ਆਵੇ। ਸਿਤਮ ਭਰੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਆਗੂ ਵੱਲੋਂ ਆਪਣੇ ਭਾਸ਼ਣ ਦੌਰਾਨ ਇਨ੍ਹਾਂ ਪੁਲਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਆਮ ਲੋਕਾਂ ਨੂੰ ਆਸ ਹੁੰਦੀ ਹੈ ਕਿ ਚਲੋ ਚੋਣਾਂ ਦੇ ਦਿਨ ਹੋਣ ਕਰਕੇ ਸਿਆਸੀ ਆਗੂ ਉਨ੍ਹਾਂ ਦੇ ਨਾਲ ਕੋਈ ਵਾਅਦਾ ਕਰਕੇ ਜਾਣਗੇ ਤੇ ਉਸ ਨੂੰ ਪੂਰ ਚੜ੍ਹਾਉਣਗੇ ਪਰ ਇੱਥੇ ਤਾਂ ਕੋਈ ਵੀ ਸਿਆਸੀ ਆਗੂ ਜੋੜੇਪੁਲਾਂ ਸਬੰਧੀ ਵਾਅਦਾ ਕਰਨ ਨੂੰ ਵੀ ਤਿਆਰ ਨਹੀਂ।

ਸਮੇਂ ਦੀ ਸਿਤਮ ਜ਼ਰੀਫ਼ੀ ਦੇਖੋ ਕਿ ਧਰਤੀ ਹੇਠਲਾ ਪਾਣੀ ਬੇਹੱਦ ਡੂੰਘਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਹੱਦਾਂ ਬੰਨ੍ਹੇ ਟੱਪ ਚੁੱਕਿਆ ਹੈ, ਨਸ਼ੇ ਨਾਲ ਪੰਜਾਬ ਦੀ ਨੌਜਵਾਨੀ ਮੌਤ ਦੇ ਮੂੰਹ ਵਿਚ ਜਾ ਰਹੀ ਹੈ। ਆਮ ਲੋਕਾਂ ਵੱਲੋਂ ਦਰਖ਼ਤ ਫੂਕੇ ਜਾ ਰਹੇ ਹਨ, ਜੀਵ ਜੰਤੂ ਮੱਚ ਰਹੇ ਹਨ, ਅੰਬਰ 'ਤੇ ਧਰਤੀ ਉੱਤੇ ਅੱਗ ਵਰ੍ਹ ਰਹੀ ਹੈ। ਪਰ ਸਰਕਾਰ ਦਾ ਕਿਸੇ ਵੱਲ ਵੀ ਕੋਈ ਧਿਆਨ ਨਹੀਂ ਹੈ। ਉਨ੍ਹਾਂ ਨੂੰ ਸਿਰਫ ਵੋਟਾਂ ਬਟੋਰ ਕੇ ਕੁਰਸੀ ਚਾਹੀਦੀ ਹੈ, ਉਸ ਤੋਂ ਇਲਾਵਾ ਕੁਝ ਵੀ। ਰਾਜਨੀਤਿਕ ਲੋਕ ਇਨ੍ਹਾਂ ਪੁਲਾਂ ਨੂੰ ਆਪਣੀ ਸੋਚ ਦੇ ਵਿਚੋਂ ਮਨਫ਼ੀ ਕਰ ਚੁੱਕੇ ਹੋਣ ਤੇ ਉਡੀਕ ਰਹੇ ਹੋਣ, ਉਨ੍ਹਾਂ 'ਗਮਗੀਨ ਪਲਾਂ' ਨੂੰ ਕਿ ਜੇਕਰ ਇਨ੍ਹਾਂ ਪੁਲਾਂ ਦੇ ਉੱਤੋਂ ਦੀ ਲੰਘਣ ਸਮੇਂ ਕਿਸੇ ਦੇ ਪਰਿਵਾਰਕ ਜੀਅ ਦਾ ਨੁਕਸਾਨ ਹੋ ਗਿਆ, ਤਾਂ ਉਹ ਉਨ੍ਹਾਂ ਦੇ ਪਰਿਵਾਰ ਕੋਲ ਅਫ਼ਸੋਸ ਕਰਨ ਜ਼ਰੂਰ ਜਾਣਗੇ ਤੇ ਮਗਰਮੱਛ ਦੇ ਹੰਝੂ ਕੇਰਨਗੇ।

# ਬੀ.ਜੇ.ਪੀ. ਨੇ ਰਵਨੀਤ ਸਿੰਘ ਬਿੱਟੂ ਵਿਚ ਆਪਣਾ ਭਵਿਖ ਵੇਖਿਆ

ਪ੍ਰਧਾਨ ਮੰਤਰੀ ਨੇ ਇਸ ਵਾਰ ਮੰਤਰੀ ਮੰਡਲ ਦਾ ਗਠਨ ਕਰਨ ਤੋਂ ਪਹਿਲਾਂ ਨਵੇਂ ਸੰਭਾਵਿਤ ਮੰਤਰੀਆਂ ਨੂੰ ਇਕ ਮੀਟਿੰਗ ਕਰਕੇ ਉਨ੍ਹਾਂ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਅੱਗੇ ਵਧਾਉਣ ਦੀ ਨਸੀਅਤ ਦਿੱਤੀ। ਉਨ੍ਹਾਂ ਨਵੇਂ ਮੰਤਰੀਆਂ ਨੂੰ ਸੰਜੀਦਗੀ ਅਤੇ ਨਿਮਰਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਨਤੀਜੇ ਵਿਖਾਉਣੇ ਪੈਣਗੇ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰਾਂ ਨੇ ਪੰਜਾਬ ਵਿਚੋਂ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਰਾਜ ਮੰਤਰੀ ਬਣਾਕੇ ਪੰਜਾਬੀਆਂ ਨੂੰ ਸੰਕੇਤ ਦਿੱਤਾ ਹੈ ਕਿ ਪਾਰਟੀ 2027 ਦੀਆਂ ਚੋਣਾਂ ਜਿੱਤਣ ਲਈ ਸੰਜੀਦਾ ਹੈ। ਭਾਰਤੀ ਜਨਤਾ ਪਾਰਟੀ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਪੰਜਾਬ ਵਿਚ ਹਿੰਦੂ ਸਿੱਖ ਏਕਤਾ ਅਤੇ ਸਦਭਾਵਨਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਸੀਨੀਅਰ ਨੇਤਾਵਾਂ ਦੇ ਨਾਲ ਨੌਜਵਾਨਾਂ ਦੀ ਸ਼ਕਤੀ ਨੂੰ ਮਹੱਤਤਾ ਦੇਣ ਲਈ ਰਵਨੀਤ ਸਿੰਘ ਬਿੱਟੂ ਨੂੰ ਅੱਗੇ ਕੀਤਾ ਹੈ। ਪੰਜਾਬ ਰਿਸ਼ੀਆਂ, ਮੁਨੀਆਂ, ਧਾਰਮਿਕ ਗੁਰੂਆਂ ਅਤੇ ਦੇਸ਼ ਭਗਤਾਂ ਦੀ ਧਰਤੀ ਹੈ। ਇਸ ਲਈ ਇਥੇ ਵਸਣ ਵਾਲੇ ਸਾਰੇ ਫਿਰਕਿਆਂ ਅਤੇ ਸਮੁਦਾਇ ਵਿਚ ਇੱਕਮੁੱਠਤਾ ਬਰਕਰਾਰ ਰੱਖਣ ਦੇ ਮੰਤਵ ਨਾਲ ਰਵਨੀਤ ਸਿੰਘ ਬਿੱਟੂ ਦੀ ਦੇਸ਼ ਭਗਤੀ ਅਤੇ ਪੰਜਾਬ ਵਿਚ ਸਦਭਾਵਨਾ ਦੀ ਵਿਚਾਰਧਾਰਾ 'ਤੇ ਮੋਹਰ ਲਗਾਈ ਗਈ ਹੈ। ਬਿੱਟੂ ਦੀ ਭਾਰਤ ਅਤੇ ਪੰਜਾਬ ਦੇ ਹਰ ਮੁੱਦੇ 'ਤੇ ਪਹਿਰਾ ਦਿੰਦਿਆਂ ਆਪਣੀ ਰਾਏ ਦੇਣ ਦੀ ਪ੍ਰਵਿਰਤੀ ਵੀ ਜਗ ਜ਼ਾਹਰ ਹੈ। ਉਹ ਹਮੇਸ਼ਾ ਪੰਜਾਬ ਵਿਚ ਸ਼ਾਂਤੀ ਬਣਾਈ ਰੱਖਣ ਦੀ ਵਕਾਲਤ ਕਰਦੇ ਰਹਿੰਦੇ ਹਨ। ਉਹ ਵੱਖਵਾਦੀ ਸ਼ਕਤੀਆਂ ਦਾ ਕੱਟੜ ਵਿਰੋਧੀ ਹੈ। ਪੰਜਾਬ ਵਰਗੇ ਸਰਹੱਦੀ ਸੂਬੇ ਲਈ ਬਿੱਟੂ ਵਰਗੇ ਸਿਆਸਤਦਾਨ ਹੀ ਵਿਦੇਸ਼ੀ ਤਾਕਤਾਂ ਦੇ ਮਨਸੂਬਿਆਂ ਨੂੰ ਠੱਲ੍ਹ ਪਾ ਸਕਦੇ ਹਨ। ਪੰਜਾਬ ਵਿਚੋਂ ਦੋ ਸੀਟਾਂ ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਤਥਾ ਕਥਿਤ ਗਰਮ ਖਿਆਲੀਆਂ ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਜੋ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਡਿਬਰੂਗੜ੍ਹ ਜੇਲ੍ਹ ਆਸਾਮ ਵਿਚ ਬੰਦ ਹਨ ਅਤੇ ਭਾਈ ਸਰਬਜੀਤ ਸਿੰਘ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦਾ ਸਪੁੱਤਰ ਦੇ ਲੋਕ ਸਭਾ ਲਈ ਚੁਣੇ ਜਾਣ ਨੂੰ ਭਾਰਤੀ ਜਨਤਾ ਪਾਰਟੀ ਗਰਮ ਖਿਆਲੀਆਂ ਦਾ ਉਭਾਰ ਸਮਝਦੀ ਹੈ। ਇਸ ਲਈ ਬਿੱਟੂ ਨੂੰ ਸੀਨੀਅਰ ਨੇਤਾਵਾਂ ਦੀ ਬਜਾਏ ਮੰਤਰੀ ਬਣਾਉਣ ਵਿਚ ਪਹਿਲ ਦਿੱਤੀ ਗਈ ਹੈ। ਨੌਜਵਾਨ ਪਾਰਟੀ ਦੀ ਨੀਤੀ ਨੂੰ ਵਧੇਰੇ ਉਤਸ਼ਾਹ ਅਤੇ ਫੁਰਤੀ ਨਾਲ ਲਾਗੂ ਕਰ ਸਕਦੇ ਹਨ। ਬਿੱਟੂ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦੇ ਹਨ। ਪੰਜਾਬ ਨੂੰ ਦ੍ਰਿੜ੍ਹ ਇਰਾਦੇ ਅਤੇ ਲੋਕਾਂ ਦੇ ਮਸਲਿਆਂ ਦੇ ਹੱਲ ਕਰਨ ਲਈ ਵਚਨਬੱਧਤਾ ਵਾਲੇ ਸਿਆਸਤਦਾਨ ਦੀ ਲੋੜ ਸੀ। ਰਵਨੀਤ ਸਿੰਘ ਬਿੱਟੂ ਵਿਚ ਭਾਰਤੀ ਜਨਤਾ ਪਾਰਟੀ ਨੇ ਆਪਣਾ ਭਵਿੱਖ ਵੇਖਿਆ ਹੈ। ਭਾਰਤੀ ਜਨਤਾ ਪਾਰਟੀ ਨੂੰ ਉਮੀਦ ਹੈ ਕਿ ਰਵਨੀਤ ਸਿੰਘ ਬਿੱਟੂ ਆਪਣੇ ਦਾਦੇ ਦੀ ਤਰ੍ਹਾਂ ਪੰਜਾਬ ਦਾ ਸੁਨਹਿਰੀ ਭਵਿੱਖ ਬਣਾਉਣ ਵਿਚ ਵਰਣਨਯੋਗ ਯੋਗਦਾਨ ਪਾ ਸਕਦੇ ਹਨ। ਉਸ ਦੀ ਅੱਤਵਾਦ ਬਾਰੇ ਸੋਚ ਬਿਲਕੁਲ ਸਪੱਸ਼ਟ ਹੈ। ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ, ਰਵਨੀਤ ਸਿੰਘ ਬਿੱਟੂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕਿਸਾਨ ਅੰਦੋਲਨ ਦੌਰਾਨ ਡੇਢ ਸਾਲ ਦਿੱਲੀ ਵਿਖੇ ਜੰਤਰ-ਮੰਤਰ ਦੇ ਫੁੱਟਪਾਥ 'ਤੇ ਬੈਠ ਕੇ ਕਿਸਾਨਾਂ ਦੀ ਹਮਾਇਤ ਕਰਦਾ ਰਿਹਾ। ਇਸ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਉਮੀਦ ਹੈ ਕਿ ਰਵਨੀਤ ਸਿੰਘ ਬਿੱਟੂ ਕਿਸਾਨਾਂ ਅਤੇ ਸਰਕਾਰ ਵਿੱਚਕਾਰ ਪੁਲ ਦਾ ਕੰਮ ਕਰਨ ਦੇ ਸਮਰੱਥ ਹੈ।



ਭਾਰਤੀ ਜਨਤਾ ਪਾਰਟੀ ਲਗਾਤਾਰ ਪੰਜਾਬ ਵਿਚ ਆਪਣੇ ਵੋਟ ਬੈਂਕ ਵਿਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਹੁਣ ਤੱਕ ਸਿਰਫ 23 ਵਿਧਾਨ ਸਭਾ ਦੀਆਂ ਸੀਟਾਂ 'ਤੇ ਚੋਣ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕਰਕੇ ਲੜਦੀ ਰਹੀ ਹੈ। ਕਿਸਾਨ ਅੰਦੋਲਨ ਸਮੇਂ ਅਕਾਲੀ ਦਲ ਨਾਲੋਂ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਟੁੱਟ ਗਿਆ ਸੀ। ਉਸ ਤੋਂ ਬਾਅਦ 2022 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ, ਜਿਸ ਵਿਚ ਭਾਰਤੀ ਜਨਤਾ ਪਾਰਟੀ ਨੇ 73 ਵਿਧਾਨ ਸਭਾ ਹਲਕਿਆਂ ਵਿਚ ਚੋਣ ਲੜੀ ਸੀ। ਉਨ੍ਹਾਂ ਨੂੰ ਸਿਰਫ 6 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ ਤੇ ਸਿਰਫ ਇੱਕ ਸੀਟ 'ਤੇ ਜਿੱਤ ਪ੍ਰਾਪਤ ਹੋਈ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਸੀਟਾਂ ਜਿੱਤੀਆਂ ਸਨ ਅਤੇ 9.63 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। 18ਵੀਂ ਲੋਕ ਸਭਾ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ 13 ਹਲਕਿਆਂ ਤੋਂ ਚੋਣ ਲੜੀ ਸੀ ਅਤੇ 18.56 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ, ਜਦੋਂਕਿ ਅਕਾਲੀ ਦਲ ਨੇ ਸਿਰਫ 12 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਇਸ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਆਸ ਹੈ ਕਿ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਕਿਸਾਨਾਂ ਅਤੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਤੋਂ ਬਿਨਾ ਸਰਕਾਰ ਨਹੀਂ ਬਣਾ ਸਕੇਗੀ। ਇਸ ਮੰਤਵ ਲਈ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ 6 ਸਿੱਖ ਉਮੀਦਵਾਰ ਖੜ੍ਹੇ ਕਰਕੇ ਇਹ ਸੰਕੇਤ ਦਿੱਤਾ ਸੀ ਕਿ ਉਹ ਸਿੱਖਾਂ ਨਾਲ ਸਦਭਾਵਨਾ ਕਾਇਮ ਕਰਨਾ ਚਾਹੁੰਦੀ ਹੈ। ਇਨ੍ਹਾਂ 6 ਉਮੀਦਵਾਰਾਂ ਵਿਚ ਪਰਨੀਤ ਕੌਰ, ਤਰਨਜੀਤ ਸਿੰਘ ਸੰਧੂ, ਗੁਰਮੀਤ ਸਿੰਘ ਰਾਣਾ ਸੋਢੀ, ਪਰਮਪਾਲ ਕੌਰ ਸਿੱਧੂ, ਰਵਨੀਤ ਸਿੰਘ ਬਿੱਟੂ ਅਤੇ ਮਨਜੀਤ ਸਿੰਘ ਮੰਨਾ ਸ਼ਾਮਲ ਹਨ। ਭਾਵੇਂ ਇਨ੍ਹਾਂ ਉਮੀਦਵਾਰਾਂ ਵਿਚੋਂ ਕੋਈ ਜਿੱਤ ਨਹੀਂ ਸਕਿਆ ਪ੍ਰੰਤੂ ਉਨ੍ਹਾਂ ਦੇ ਉਮੀਦਵਾਰ ਜਿੱਤਣ ਵਾਲਿਆਂ ਤੋਂ ਦੂਜੇ, ਤੀਜੇ ਅਤੇ ਚੌਥੇ ਨੰਬਰ 'ਤੇ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਆਏ ਹਨ। ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨੇ ਪਛਾੜ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ 'ਤੇ ਘੱਟ ਗਿਣਤੀਆਂ ਨਾਲ ਵਧੀਕੀਆਂ ਕਰਨ ਦੇ ਇਲਜ਼ਾਮ ਲੱਗਦੇ ਸਨ।

ਨਰਿੰਦਰ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਵਾਲੇ ਜਵਾਹਰ ਲਾਲ ਨਹਿਰੂ ਤੋਂ ਬਾਅਦ ਦੂਜੇ ਸਿਆਸਤਦਾਨ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤੀਜੀ ਪਾਰੀ ਦੇ ਮੰਤਰੀ ਮੰਡਲ ਗਠਨ ਵਿਚ ਬਹੁਤ ਸਾਰੀਆਂ ਨਿਵੇਕਲੀਆਂ ਗੱਲਾਂ ਵੇਖਣ ਨੂੰ ਮਿਲੀਆਂ ਹਨ। ਲੋਕ ਸਭਾ ਵਿਚ ਇਕੱਲੀ ਭਾਰਤੀ ਜਨਤਾ ਪਾਰਟੀ ਨੂੰ ਬਹੁਮੱਤ ਨਾ ਮਿਲਣ ਕਰਕੇ ਨਰਿੰਦਰ ਮੋਦੀ ਨੇ ਆਪਣੀ 72 ਮੈਂਬਰੀ ਕੇਂਦਰੀ ਵਜ਼ਾਰਤ ਵਿਚ ਤਜ਼ਰਬੇਕਾਰ ਰਾਜਨੇਤਾਵਾਂ ਨੂੰ ਸ਼ਾਮਲ ਕਰਕੇ ਇਹ ਸੰਕੇਤ ਦਿੱਤੇ ਹਨ ਕਿ ਸਰਕਾਰ ਠੋਸ ਨਤੀਜੇ ਭਾਲਦੀ ਹੈ, ਤਾਂ ਜੋ ਜਿਹੜੇ ਰਾਜਾਂ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ, ਉਥੇ ਭਾਰਤੀ ਜਨਤਾ ਪਾਰਟੀ ਸਪੱਸ਼ਟ ਬਹੁਮੱਤ ਪ੍ਰਾਪਤ ਕਰ ਸਕੇ। ਮੰਤਰੀ ਮੰਡਲ ਦੇ ਗਠਨ ਵਿਚ ਕੀਤੀਆਂ ਗਈਆਂ ਵਿਲੱਖਣਤਾਵਾਂ ਬਾਰੇ ਗੱਲ ਸ਼ੁਰੂ ਕਰਨ ਲੱਗਿਆਂ ਸਭ ਤੋਂ ਪਹਿਲਾਂ ਪੰਜਾਬ ਬਾਰੇ ਗੱਲ ਕਰਾਂਗੇ। ਪੰਜਾਬ ਦੇਸ਼ ਦਾ ਸਰਹੱਦੀ ਰਾਜ ਹੈ। ਪੰਜਾਬੀਆਂ ਨੇ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਦੇਸ਼ ਦੀਆਂ ਸਰਹੱਦਾਂ 'ਤੇ ਭਾਰਤ ਪਾਕਿ ਅਤੇ ਚੀਨ ਨਾਲ ਜੰਗ ਸਮੇਂ ਹਿੱਕ ਠੋਕ ਕੇ ਦੇਸ਼ ਦੀ ਰੱਖਿਆ ਕੀਤੀ। ਬੈਰੂਨੀ ਖ਼ਤਰਿਆਂ ਨਾਲ ਨਿਪਟਣ ਤੋਂ ਬਾਅਦ ਜਦੋਂ ਦੇਸ਼ ਵਿਚ ਅੰਦਰੂਨੀ ਖ਼ਤਰੇ ਪਹਾੜ ਦੀ ਤਰ੍ਹਾਂ ਚੱਟਾਨ ਬਣਕੇ ਖੜ੍ਹ ਗਏ ਸਨ, ਤਾਂ ਵੀ ਪੰਜਾਬ ਨੇ ਹੀ ਉਸ ਦਾ ਮੁਕਾਬਲਾ ਕੀਤਾ। ਭਾਵ ਜਦੋਂ ਸਮੁੱਚੇ ਦੇਸ਼ ਵਿਚ ਅੱਤਵਾਦ ਦਾ ਦੌਰ ਸੀ, ਜੋ ਠੱਲ੍ਹਣ ਦਾ ਨਾਮ ਨਹੀਂ ਲੈ ਰਿਹਾ ਸੀ, ਜਿਸ ਦਾ ਸਭ ਤੋਂ ਜ਼ਿਆਦਾ ਸਰਹੱਦੀ ਸੂਬਾ ਪੰਜਾਬ ਪ੍ਰਭਾਵਤ ਸੀ, ਤਾਂ ਫਿਰ ਰਵਨੀਤ ਸਿੰਘ ਬਿੱਟੂ ਦੇ ਦਾਦਾ ਸ. ਬੇਅੰਤ ਸਿੰਘ ਨੇ ਸਮੁੱਚੇ ਭਾਰਤੀਆਂ ਦੇ ਜਾਨ-ਮਾਲ ਦੀ ਰੱਖਿਆ ਲਈ ਸ਼ਾਂਤੀ ਸਥਾਪਤ ਕੀਤੀ। ਸ. ਬੇਅੰਤ ਸਿੰਘ ਦੀ ਵਿਰਾਸਤ ਦਾ ਲਾਹਾ ਲੈਣ ਲਈ ਭਾਰਤੀ ਜਨਤਾ ਪਾਰਟੀ ਨੇ ਸ. ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਲੋਕ ਸਭਾ ਹਲਕੇ ਤੋਂ ਹਾਰਨ ਦੇ ਬਾਵਜੂਦ ਕੇਂਦਰੀ ਮੰਤਰੀ ਮੰਡਲ ਵਿਚ ਬਤੌਰ ਰਾਜ ਮੰਤਰੀ ਸ਼ਾਮਲ ਕਰਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਮਾਰੇ ਹਨ। ਰਵਨੀਤ ਸਿੰਘ ਬਿੱਟੂ ਤਿੰਨ ਵਾਰ ਲੋਕ ਸਭਾ ਦਾ ਮੈਂਬਰ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਿਹਾ ਹੈ। ਉਸ ਕੋਲ ਸਿਆਸਤ ਦਾ ਵਿਸ਼ਾਲ ਤਜ਼ਰਬਾ ਹੈ। ਉਹ 2008 ਵਿਚ ਪੰਜਾਬ ਯੂਥ ਕਾਂਗਰਸ ਦਾ ਬਾਕਾਇਦਾ ਚੁਣਿਆਂ ਹੋਇਆ ਪਹਿਲਾ ਪ੍ਰਧਾਨ ਸੀ, ਜਿਸ ਕਰਕੇ ਉਸ ਕੋਲ ਆਰਗੇਨਾਈਜ਼ੇਸ਼ਨ ਦਾ ਤਜ਼ਰਬਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਉਹ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਇਆ ਹੈ। 24 ਰਾਜਾਂ ਵਿਚੋਂ 72 ਮੈਂਬਰੀ ਮੰਤਰੀ ਮੰਡਲ ਵਿਚ 30 ਕੈਬਨਿਟ ਮੰਤਰੀ, 5 ਰਾਜ ਮੰਤਰੀ ਸੁਤੰਤਰ ਚਾਰਜ, 36 ਰਾਜ ਮੰਤਰੀ ਸ਼ਾਮਲ ਹਨ, ਇਨ੍ਹਾਂ ਵਿਚ 11 ਮੰਤਰੀ ਐੱਨ.ਡੀ.ਏ. ਦੇ ਸਹਿਯੋਗੀ ਦਲਾਂ ਦੇ ਹਨ। 7 ਸਾਬਕਾ ਮੁੱਖ ਮੰਤਰੀਆਂ ਅਤੇ 7 ਇਸਤਰੀਆਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਤੋਂ ਦੋ ਸਿੱਖ ਚਿਹਰੇ ਹਰਦੀਪ ਸਿੰਘ ਪੁਰੀ ਕੈਬਨਿਟ ਮੰਤਰੀ ਅਤੇ ਰਵਨੀਤ ਸਿੰਘ ਬਿੱਟੂ ਰਾਜ ਮੰਤਰੀ ਦੇ ਤੌਰ 'ਤੇ ਲਏ ਗਏ ਹਨ। ਪ੍ਰਧਾਨ ਮੰਤਰੀ ਨੇ ਸਾਰੇ ਫਿਰਕਿਆਂ ਅਤੇ ਸਮੁਦਾਇ ਨੂੰ ਪ੍ਰਤੀਨਿਧਤਾ ਦਿੱਤੀ ਹੈ। ਇਨ੍ਹਾਂ ਵਿਚੋਂ 43 ਮੰਤਰੀ 3 ਵਾਰ ਤੋਂ ਵੱਧ ਵਾਰ ਲੋਕ ਸਭਾ ਦੇ ਮੈਂਬਰ, 39 ਪਹਿਲਾਂ ਵੀ ਮੰਤਰੀ ਰਹੇ ਹਨ, 27 ਓ.ਬੀ.ਸੀ., 10 ਐੱਸ.ਸੀ., 5 ਸਟੇਟ ਟਰਾਈਬਜ਼ ਅਤੇ 5 ਘੱਟ ਗਿਣਤੀਆਂ ਦੇ ਮੈਂਬਰ ਹਨ। 12 ਮੰਤਰੀ 70 ਤੋਂ 75 ਸਾਲ, ਇੱਕ ਮੰਤਰੀ 79 ਸਾਲ, 12 ਮੰਤਰੀ 60 ਤੋਂ 70 ਸਾਲ, 16 ਮੰਤਰੀ 50 ਤੋਂ 60 ਸਾਲ, 15 ਮੰਤਰੀ 40 ਤੋਂ 50 ਸਾਲ ਤੋਂ ਘੱਟ ਉਮਰ ਅਤੇ 2 ਮੈਂਬਰ 40 ਸਾਲ ਤੋਂ ਵੀ ਘੱਟ ਉਮਰ ਦੇ ਹਨ। ਭਾਵ ਮੰਤਰੀ ਮੰਡਲ ਵਿਚ ਬਜ਼ੁਰਗਾਂ ਦੇ ਨਾਲ ਨੌਜਵਾਨਾਂ ਨੂੰ ਵੀ ਤਰਜ਼ੀਹ ਦਿੱਤੀ ਗਈ ਹੈ, ਤਾਂ ਜੋ ਸਰਕਾਰ ਆਪਣੀ ਸੁਚੱਜੀ ਕਾਰਗੁਜ਼ਾਰੀ ਵਿਖਾ ਸਕੇ।

# ਲੋਕ ਸਭਾ ਦੇ ਨਤੀਜਿਆਂ ਤੋਂ ਕਾਂਗਰਸੀਆਂ ਨੂੰ ਖ਼ੁਸ਼ ਹੋਣ ਦੀ ਲੋੜ ਨਹੀਂ

ਪੰਜਾਬ ਕਾਂਗਰਸ ਦੇ ਨੇਤਾ ਲੋਕ ਸਭਾ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਕੇ ਫੂਲੇ ਨਹੀਂ ਸਮਾ ਰਹੇ ਪ੍ਰੰਤੂ ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਦੀ ਸਫਲਤਾ ਦੇ ਕਾਰਨਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਲੋਕ ਸਭਾ ਦੀਆਂ ਅੱਧੀਆਂ ਸੀਟਾਂ ਜਿੱਤਕੇ, ਉਨ੍ਹਾਂ ਨੇ ਕੱਦੂ ਵਿਚ ਤੀਰ ਨਹੀਂ ਮਾਰਿਆ, ਇਹ ਤਾਂ ਕੁੱਬੇ ਦੇ ਲੱਤ ਰਾਸ ਆ ਗਈ ਹੈ। 2019 ਵਿਚ ਕਾਂਗਰਸ ਨੇ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਦੀਆਂ ਇੱਛਾਵਾਂ 'ਤੇ ਖ਼ਰੀ ਨਹੀਂ ਉਤਰ ਸਕੀ। ਇਸ ਕਰਕੇ ਉਨ੍ਹਾਂ ਨੇ ਅਕਾਲੀ ਦਲ ਦੀ ਥਾਂ ਕਾਂਗਰਸ ਪਾਰਟੀ ਨੂੰ ਵੋਟਾਂ ਪਾਉਣ ਨੂੰ ਤਰਜੀਹ ਦੇ ਦਿੱਤੀ ਕਿਉਂਕਿ ਦਿੱਲੀ ਦੀ ਸਰਹੱਦ 'ਤੇ ਡੇਢ ਸਾਲ ਦੇ ਕਿਸਾਨ ਅੰਦੋਲਨ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਵਿਵਹਾਰ ਤੋਂ ਲੋਕ ਔਖੇ ਸਨ। ਕਿਸਾਨ ਕੇਂਦਰ ਸਰਕਾਰ ਵੱਲੋਂ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਸਮੇਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਾ ਕਰਨ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਪਿਛਲੇ ਸਾਲ ਖਨੌਰੀ ਵਿਖੇ ਦੂਜੇ ਕਿਸਾਨ ਅੰਦੋਲਨ ਦੌਰਾਨ ਇੱਕ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਸੀ। ਸ਼ੁਭਕਰਨ ਸਿੰਘ ਦੀ ਮੌਤ ਲਈ ਹਰਿਆਣਾ ਬੀ.ਜੇ.ਪੀ. ਦੀ ਸਰਕਾਰ ਦੀ ਪੁਲਿਸ ਦੇ ਵਿਰੁੱਧ ਕੇਸ ਦਰਜ ਕਰਨ ਦੀ ਕਿਸਾਨਾਂ ਦੀ ਮੰਗ ਪੰਜਾਬ ਸਰਕਾਰ ਨੇ ਪ੍ਰਵਾਨ ਨਹੀਂ ਕੀਤੀ। ਜ਼ੀਰੋ ਐੱਫ.ਆਈ.ਆਰ. ਦਰਜ ਕਰਕੇ ਕਿਸਾਨਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਅੰਦੋਲਨ ਦੌਰਾਨ ਪੰਜਾਬ ਸਰਕਾਰ ਦੀ ਦੋਚਿੱਤੀ ਅਤੇ ਕੇਂਦਰ ਸਰਕਾਰ ਨਾਲ ਵਿਚੋਲਗੀ ਦੇ ਰਵੱਈਏ ਤੋਂ ਅਸੰਤੁਸ਼ਟੀ ਕਰਕੇ ਕਿਸਾਨ ਔਖੇ ਸਨ। ਇਸ ਲਈ ਪੰਜਾਬ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੀ ਥਾਂ ਕਾਂਗਰਸ ਪਾਰਟੀ ਨੂੰ ਵੋਟਾਂ ਪਾ ਦਿੱਤੀਆਂ, ਜਿਸ ਕਰਕੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਪ੍ਰਾਪਤ ਹੋਈ। ਕਾਂਗਰਸ ਪਾਰਟੀ ਦੇ ਨੇਤਾ ਇਸ ਜਿੱਤ ਦੇ ਸਿਹਰੇ ਆਪੋ ਆਪਣੇ ਸਿਰ ਬੰਨ੍ਹ ਰਹੇ ਹਨ। ਪੰਜਾਬ ਕਾਂਗਰਸ ਦੇ ਨੇਤਾ ਕਿਸਾਨਾਂ ਦੀ ਮਜ਼ਬੂਰੀ ਨੂੰ ਆਪਣੀ ਜਿੱਤ ਸਮਝ ਰਹੇ ਹਨ। ਕਾਂਗਰਸ 2023 ਦੀਆਂ ਵਿਧਾਨ ਸਭਾ ਚੋਣਾਂ ਵਿਚ 23 ਫ਼ੀਸਦੀ ਵੋਟ ਲੈ ਕੇ ਗਈ ਸੀ, ਇਨ੍ਹਾਂ ਚੋਣਾਂ ਵਿਚ 3 ਫ਼ੀਸਦੀ ਦਾ ਵਾਧਾ ਕਰਕੇ ਕਾਂਗਰਸ ਪਾਰਟੀ ਕੱਛਾਂ ਵਜਾ ਰਹੀ ਹੈ। ਕਾਂਗਰਸ 117 ਵਿਧਾਨ ਸਭਾ ਹਲਕਿਆਂ ਵਿਚੋਂ ਸਿਰਫ 38 ਵਿਚ ਲੀਡ ਲੈ ਕੇ ਗਈ ਹੈ। ਫਿਰ ਇਸ ਚੋਣ ਨੂੰ ਸੈਮੀਫਾਈਨਲ ਕਹਿ ਰਹੀ ਹੈ। ਕੀ 38 ਸੀਟਾਂ ਨਾਲ ਕਾਂਗਰਸ ਮੁੱਖ ਮੰਤਰੀ ਬਣਾ ਲਵੇਗੀ? ਕਾਂਗਰਸੀ ਨੇਤਾ ਹਾਸੋਹੀਣੀਆਂ ਗੱਲਾਂ ਕਰ ਰਹੇ ਹਨ। ਇੱਕ ਗੱਲ ਤਾਂ ਸਾਫ਼ ਹੋ ਗਈ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚੋਂ ਕਾਂਗਰਸ ਦੇ ਇੱਕ ਤਾਕਤਵਰ ਨੇਤਾ ਦਿੱਗਜ਼ ਨੇਤਾਵਾਂ ਨੂੰ ਲੋਕ ਸਭਾ ਦੀਆਂ ਚੋਣਾਂ ਲੜਾਕੇ ਆਪਣੇ ਰਸਤੇ ਵਿਚੋਂ ਹਟਾਉਣ ਵਿਚ ਸਫਲ ਹੋ ਗਏ ਹਨ। ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਮੁੱਖ ਮੰਤਰੀ ਦੀ ਰੇਸ ਵਿਚੋਂ ਬਾਹਰ ਹੋ ਗਏ ਹਨ। ਲੋਕ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਚੋਣਾਂ ਜਿੱਤਣ ਵਾਲੀਆਂ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ, ਆਮ ਆਦਮੀ ਅਤੇ ਅਕਾਲੀ ਦਲ ਦੇ ਨੇਤਾਵਾਂ ਨੂੰ ਖ਼ੁਸ਼ ਹੋਣ ਦੀ ਬਹੁਤੀ ਲੋੜ ਨਹੀਂ, ਸਗੋਂ ਆਉਣ ਵਾਲੇ ਸਮੇਂ ਵਿਚ ਚੁਣੌਤੀਆਂ ਪਹਾੜ ਦੀ ਤਰ੍ਹਾਂ ਖੜ੍ਹੀਆਂ ਨਜ਼ਰ ਆ ਰਹੀਆਂ ਹਨ। ਪੰਜਾਬ ਸਿਰ 3.50 ਲੱਖ ਕਰੋੜ ਦਾ ਕਰਜ਼ਾ ਹੈ। ਨਸ਼ਾ ਰੁੱਕ ਨਹੀਂ ਰਿਹਾ। ਬੇਰੋਜ਼ਗਾਰੀ ਬਹੁਤ ਜ਼ਿਆਦਾ ਹੈ। ਪੰਜਾਬ ਦੀ ਨੌਜਵਾਨੀ ਵਿਦੇਸ਼ਾਂ ਨੂੰ ਵਹੀਰਾਂ ਘੱਤ ਕੇ ਭੱਜੀ ਜਾ ਰਹੀ ਹੈ। ਪੰਜਾਬ ਦੇ ਕਾਲਜ ਖਾਲੀ ਹੋ ਰਹੇ ਹਨ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ 7 ਸੀਟਾਂ ਤੋਂ ਜਿੱਤਾ ਕੇ ਵੋਟਰਾਂ ਨੇ ਖ਼ੁਸ਼ ਕਰ ਦਿੱਤਾ ਹੈ ਪ੍ਰੰਤੂ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਤਾਂ ਠੂੰਗੇ ਵਿਚ 3 ਅਤੇ 1 ਸੀਟ ਦੇ ਕੇ ਵਰਾਅ ਦਿੱਤਾ ਹੈ। ਇਹ ਸੋਚਣ ਵਾਲੀ ਗੱਲ ਹੈ ਕਿ ਕਾਂਗਰਸ ਪਾਰਟੀ ਨੂੰ ਵੋਟਰਾਂ ਨੇ ਕਿਸ ਆਧਾਰ 'ਤੇ ਚੁਣਿਆ ਹੈ। ਕੇਂਦਰ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਇੰਡੀਆ ਧੜੇ ਵਿਚ ਹਨ। ਇਹ



ਦੋਵੇਂ ਪਾਰਟੀਆਂ ਭਾਰਤੀ ਜਨਤਾ ਪਾਰਟੀ ਨੂੰ ਜਿੱਤਣ ਤੋਂ ਰੋਕਣ ਲਈ ਤਤਪਰ ਸਨ। ਇਸ ਲਈ ਜਿੱਥੇ ਉਨ੍ਹਾਂ ਦੀਆਂ ਪਾਰਟੀਆਂ ਦੇ ਕਮਜ਼ੋਰ ਉਮੀਦਵਾਰ ਸਨ, ਉਥੇ ਉਨ੍ਹਾਂ ਨੇ ਮਜ਼ਬੂਤ ਉਮੀਦਵਾਰ ਦੀ ਸਪੋਰਟ ਕਰ ਦਿੱਤੀ, ਜਿਸ ਕਰਕੇ ਕਾਂਗਰਸ ਪਾਰਟੀ ਨੂੰ 7 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ। ਕਾਂਗਰਸ ਪਾਰਟੀ ਪੰਜਾਬ ਵਿਚ ਵਿਰੋਧੀ ਪਾਰਟੀ ਹੈ, ਉਹ ਸਰਕਾਰ ਵਿਚ ਹਿੱਸੇਦਾਰ ਨਹੀਂ, ਇਸ ਕਰਕੇ ਉਹ ਪੰਜਾਬ ਦੇ ਲੋਕਾਂ ਦਾ ਕੁਝ ਵੀ ਸੁਆਰ ਨਹੀਂ ਸਕਦੀ। ਹਾਂ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਦੀਆਂ ਨਾਕਾਮੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾ ਸਕਦੀ ਹੈ। ਨਾਕਾਮੀਆਂ ਬਾਰੇ ਜਾਣਕਾਰੀ ਦੇਣੀ ਕੋਈ ਪ੍ਰਾਪਤੀ ਨਹੀਂ ਹੁੰਦੀ ਪ੍ਰੰਤੂ ਵਿਰੋਧੀ ਪਾਰਟੀ ਨੂੰ ਲਾਭ ਮਿਲ ਜਾਂਦਾ ਹੈ। ਜਿਸ ਤਰ੍ਹਾਂ ਕੇਂਦਰ ਵਿਚ ਇੰਡੀਆ ਧੜੇ ਨੂੰ ਮਿਲਿਆ ਹੈ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਦਾ 7 ਸੀਟਾਂ 'ਤੇ ਜਿੱਤ ਪ੍ਰਾਪਤ ਕਰਨਾ ਵੀ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਦਾ ਸਿੱਟਾ ਨਹੀਂ, ਸਗੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੰਜਾਬ ਦੇ ਵੋਟਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰ ਸਕਣ ਦਾ ਨਤੀਜਾ ਹੈ। ਕਾਂਗਰਸ ਪਾਰਟੀ ਦੇ ਪੱਖ ਵਿਚ ਆਮ ਵੋਟਰਾਂ ਦਾ ਰੁਝਾਨ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਬਣਨਾ ਵੀ ਪੰਜਾਬ ਸਰਕਾਰ ਵੱਲੋਂ ਫੋਕੀਆਂ ਗਰੰਟੀਆਂ ਦੀ ਕੁੱਤੇ ਝਾਕ ਪੂਰੀ ਨਾ ਹੋਣੀ ਹੈ। ਇਸਤਰੀਆਂ ਨੂੰ 1000-1000 ਰੁਪਏ ਦਾ ਤੋਹਫ਼ਾ ਦੇਣ ਦਾ ਵਾਅਦਾ ਨਾ ਪੂਰਾ ਹੋਣ ਕਰਕੇ ਕਾਂਗਰਸ ਦੀ ਝੋਲੀ ਵਿਚ ਵੋਟਾਂ ਪਾ ਗਈਆਂ ਹਨ। ਪੰਜਾਬ ਦੇ ਵੋਟਰਾਂ ਕੋਲ ਕਾਂਗਰਸ ਤੋਂ ਬਿਨਾ ਹੋਰ ਕੋਈ ਵਿਕਲਪ ਨਹੀਂ ਸੀ। ਅਕਾਲੀ ਦਲ ਬੇਅਦਬੀਆਂ, ਨਸ਼ਾਖ਼ੋਰੀ, ਸਿਰਸਾ ਵਾਲੇ ਡੇਰਾ ਮੁੱਖੀ ਨੂੰ ਸਿੱਖ ਪੰਥ ਵਿਚ ਸ਼ਾਮਲ ਕਰਨਾ ਅਤੇ ਬੰਦੀ ਸਿੰਘਾਂ ਲਈ ਆਪਣੇ 10 ਸਾਲ ਦੇ ਰਾਜ ਵਿਚ ਭਾਰਤੀ ਜਨਤਾ ਪਾਰਟੀ ਤੋਂ ਫ਼ੈਸਲਾ ਨਾ ਕਰਵਾ ਸਕਣ ਕਰਕੇ ਹਾਸ਼ੀਏ 'ਤੇ ਸੀ। ਭਾਰਤੀ ਜਨਤਾ ਪਾਰਟੀ ਅਤੇ ਅਕਾਲੀਆਂ ਤੋਂ ਨਿਰਾਸ਼ ਹੋਣ ਕਰਕੇ ਪੰਜਾਬ ਦੇ ਵੋਟਰਾਂ ਨੇ ਕਾਂਗਰਸ ਨੂੰ ਵੋਟ ਪਾ ਦਿੱਤੀ। ਕਾਂਗਰਸ ਵੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਰਾਜ ਭਾਗ ਚਲਾਉਂਦੀ ਰਹੀ ਪ੍ਰੰਤੂ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਵਾ ਸਕੀ। ਅਕਾਲੀ ਦਲ ਵੱਲੋਂ ਦੋ ਪੰਥਕ ਉਮੀਦਵਾਰਾਂ ਦੀ ਸਪੋਰਟ ਨਾ ਕਰਨ ਕਰਕੇ ਪੰਜਾਬ ਦੇ ਵੋਟਰ ਅਕਾਲੀ ਦਲ ਨਾਲੋਂ ਟੁੱਟਕੇ ਉਨ੍ਹਾਂ ਦੋ ਸੀਟਾਂ ਨੂੰ ਛੱਡਕੇ ਬਾਕੀ ਸਾਰੀਆਂ ਸੀਟਾਂ 'ਤੇ ਕਾਂਗਰਸ ਦੀ ਸਪੋਰਟ ਕਰਦੇ ਰਹੇ।

ਪੰਜਾਬ ਦੇ ਲੋਕ ਹਰ ਸਰਕਾਰ ਤੋਂ ਤੁਰੰਤ ਨਤੀਜੇ ਭਾਲਦੇ ਹਨ। ਇਸ ਲਈ ਉਨ੍ਹਾਂ ਨੇ ਦੋ ਸਾਲ ਪਹਿਲਾਂ ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਤੋਂ ਅੱਕ ਕੇ ਪ੍ਰੰਪਰਾਵਾਦੀ ਸਰਕਾਰਾਂ ਤੋਂ ਖਹਿੜਾ ਛੁਡਵਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਕੇ ਬਦਲਾਓ ਲੈ ਕੇ ਆਏ ਸੀ। ਦੋ ਸਾਲ ਦੇ ਸਮੇਂ ਵਿਚ ਅਕਾਲੀ ਦਲ 11 ਹਲਕਿਆਂ ਵਿਚ ਚੌਥੇ ਸਥਾਨ ਅਤੇ ਸੰਗਰੂਰ ਤੋਂ ਪੰਜਵੇਂ ਸਥਾਨ 'ਤੇ ਰਿਹਾ ਹੈ। ਉਨ੍ਹਾਂ ਦੇ 85 ਫ਼ੀਸਦੀ ਅਰਥਾਤ 10 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਅਕਾਲੀ ਦਲ ਨੂੰ ਸਿਰਫ 13.42 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਅੱਧੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਵਿਚੋਂ 66 ਵਿਧਾਇਕਾਂ ਅਤੇ 5 ਮੰਤਰੀਆਂ ਦੇ ਵਿਧਾਨ ਸਭਾ ਹਲਕਿਆਂ ਵਿਚੋਂ ਆਮ ਆਦਮੀ ਪਾਰਟੀ ਹਾਰ ਗਈ ਹੈ। ਆਮ ਆਦਮੀ ਪਾਰਟੀ ਨੂੰ 2022 ਦੀ ਵਿਧਾਨ ਸਭਾ ਚੋਣ ਵਿਚ 42 ਫ਼ੀਸਦੀ ਅਤੇ ਕਾਂਗਰਸ ਨੂੰ 23 ਫ਼ੀਸਦੀ ਵੋਟਾਂ ਪਈਆਂ ਸਨ ਪ੍ਰੰਤੂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਨੂੰ ਸਿਰਫ 26 ਫ਼ੀਸਦੀ ਅਤੇ ਕਾਂਗਰਸ ਨੂੰ 26.40 ਫ਼ੀਸਦੀ ਵੋਟਾਂ ਪਈਆਂ ਹਨ। ਭਾਵ ਆਮ ਆਦਮੀ ਪਾਰਟੀ ਨੂੰ ਲਗਪਗ ਅੱਧੀਆਂ ਵੋਟਾਂ ਪਈਆਂ ਹਨ। ਭਾਰਤੀ ਜਨਤਾ ਪਾਰਟੀ ਨੇ 73 ਵਿਧਾਨ ਸਭਾ ਦੇ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ 6.60 ਫ਼ੀਸਦੀ ਵੋਟਾਂ ਪਈਆਂ ਸਨ। ਇਸ ਵਾਰ ਉਨ੍ਹਾਂ ਨੂੰ 18.56 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਭਾਰਤੀ ਜਨਤਾ ਪਾਰਟੀ ਪਹਿਲੀ ਵਾਰੀ ਹੀ ਇਕੱਲਿਆਂ ਚੋਣ ਲੜਕੇ ਪੰਜਾਬ ਦੀ ਖੇਤਰੀ ਪਾਰਟੀਆਂ ਬਰਾਬਰ ਆ ਕੇ ਖੜ੍ਹ ਗਈ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਲਈ ਭਾਰਤੀ ਜਨਤਾ ਪਾਰਟੀ ਦਾ ਉਭਾਰ ਚਿੰਤਾ ਦਾ ਵਿਸ਼ਾ ਹੈ। 2027 ਦੀਆਂ ਵਿਧਾਨ ਸਭਾ ਚੋਣਾ ਵਿਚ ਜੇਕਰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦਾ ਗਠਜੋੜ ਬਣ ਗਿਆ, ਜਿਸ ਦੀ ਪੂਰੀ ਸੰਭਾਵਨਾ ਹੈ, ਤਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਲਈ ਵੱਡੀ ਚੁਣੌਤੀ ਹੋਵੇਗੀ। ਇਸ ਲਈ ਕਿਸੇ ਵੀ ਪਾਰਟੀ ਨੂੰ ਆਪਣੀ ਕਾਰਗੁਜ਼ਾਰੀ 'ਤੇ ਦਮਗਜ਼ੇ ਨਹੀਂ ਮਾਰਨੇ ਚਾਹੀਦੇ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿੱਤਰ ਕੇ ਸਾਹਮਣੇ ਆ ਜਾਵੇਗਾ।

# ਚੋਣ ਨਤੀਜੇ ਪੰਜਾਬ ਦੀ ਸਿਆਸੀ ਫਿਜ਼ਾ 'ਚ ਤਬਦੀਲੀ ਦੇ ਸੰਕੇਤ

## ਚੋਣਾਂ ਨੇ ਫਿਰਕਾਪ੍ਰਸਤੀ ਨੂੰ ਸੱਟ ਮਾਰੀ ਤੇ ਧਰਮ ਨਿਰਪੱਖਤਾ ਦੇ ਹੱਕ 'ਚ ਫਤਵਾ






-ਬਲਵਿੰਦਰ ਸਿੰਘ ਭੁੱਲਰ

ਮੋਬ: 098882-75913

ਪੰਜਾਬ ਮੇਲ USA


ਲੋਕ ਸਭਾ ਲਈ ਬੀਤੇ ਦਿਨੀਂ ਹੋਈਆਂ ਚੋਣਾਂ ਦੇ ਨਤੀਜੇ ਪੰਜਾਬ ਦੀ ਸਿਆਸੀ ਫਿਜ਼ਾ ਵਿਚ ਤਬਦੀਲੀ ਦੇ ਸੰਕੇਤ ਦੇ ਰਹੇ ਹਨ। ਸਮੁੱਚੇ ਦੇਸ਼ ਭਰ ਦੇ ਲੋਕਾਂ ਨੇ ਵੀ ਇਸ ਵਾਰ ਪਾਰਟੀਆਂ ਦੀ ਸੋਚ ਤੇ ਵਿਚਾਰਧਾਰਾ ਨੂੰ ਗਹੁ ਨਾਲ ਵਾਚਣ ਉਪਰੰਤ ਦੇਸ਼ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਹੈ। ਪਿਛਲੇ ਦਸ ਸਾਲਾਂ ਤੋਂ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵ ਸੋਚ ਤੇ ਫਿਰਕਾਪ੍ਰਸਤੀ ਨੂੰ ਵੋਟਰਾਂ ਨੇ ਸੱਟ ਮਾਰੀ ਹੈ ਅਤੇ ਧਰਮ ਨਿਰਪੱਖਤਾ ਦੇ ਹੱਕ ਵਿਚ ਫਤਵਾ ਦੇਣ ਦਾ ਯਤਨ ਕੀਤਾ ਹੈ। ਕੇਂਦਰ ਵਿਚ ਕਿਸੇ ਵੀ ਪਾਰਟੀ ਦੀ ਸਰਕਾਰ ਬਣਾਈ ਜਾਵੇ, ਇਸ ਦੀ ਬਜਾਏ ਲੋਕਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ, ਘੱਟ ਗਿਣਤੀਆਂ ਦੀ ਸੁਰੱਖਿਆ, ਗੁਆਂਢੀ ਦੇਸ਼ਾਂ ਨਾਲ ਸਬੰਧਾਂ 'ਚ ਨੇੜਤਾ, ਪ੍ਰੈੱਸ ਦੀ ਆਜ਼ਾਦੀ ਦੀ ਮਜ਼ਬੂਤੀ ਅਤੇ ਔਰਤਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਆਪਣੀ ਰਾਇ ਵੋਟਾਂ ਰਾਹੀਂ ਪ੍ਰਤੱਖ ਕੀਤੀ ਹੈ।

ਇਨ੍ਹਾਂ ਚੋਣਾਂ ਦੇ ਨਤੀਜਿਆਂ ਨਾਲ ਭਾਵੇਂ ਸਮੁੱਚੇ ਦੇਸ਼ ਦੀ ਸਿਆਸਤ ਵਿਚ ਚਰਚਾ ਛਿੜੀ ਹੈ, ਪਰ ਪੰਜਾਬ ਦੀ ਸਿਆਸਤ ਵਿਚ ਤਾਂ ਕਾਫ਼ੀ ਉਥਲ-ਪੁਥਲ ਹੋਣ ਦੀਆਂ ਸੰਭਾਵਨਾਵਾਂ ਉਜਾਗਰ ਹੋ ਗਈਆਂ ਹਨ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਸੱਤ, ਆਮ ਆਦਮੀ ਪਾਰਟੀ ਨੇ ਤਿੰਨ, ਸ਼੍ਰੋਮਣੀ ਅਕਾਲੀ ਦਲ ਨੇ ਇੱਕ ਅਤੇ ਆਜ਼ਾਦ ਉਮੀਦਵਾਰਾਂ ਨੇ ਦੋ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ, ਜਦੋਂਕਿ ਭਾਜਪਾ, ਅਕਾਲੀ ਦਲ ਅੰਮ੍ਰਿਤਸਰ ਤੇ ਬਸਪਾ ਆਪਣਾ ਖਾਤਾ ਖੋਲ੍ਹਣ ਵਿਚ ਸਫ਼ਲ ਨਹੀਂ ਹੋ ਸਕੇ। ਇਹ ਨਤੀਜੇ ਬਹੁਤ ਹੈਰਾਨੀਜਨਕ ਹਨ, ਪੰਜਾਬ ਦੀ ਪ੍ਰਮੁੱਖ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿਰਫ਼ ਇੱਕ ਬਠਿੰਡਾ ਸੀਟ ਤੋਂ ਜਿੱਤ ਹਾਸਲ ਕਰ ਸਕੀ ਹੈ, ਜਿੱਥੋਂ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਚੌਥੀ ਵਾਰ ਸੰਸਦ ਮੈਂਬਰ ਬਣੀ ਹੈ। ਇਹ ਪਾਰਟੀ ਲੰਬਾ ਸਮਾਂ ਪੰਜਾਬ 'ਤੇ ਰਾਜ ਕਰਦੀ ਰਹੀ ਹੈ ਅਤੇ ਪੰਜਾਬ ਦੇ ਲੋਕ ਇਸ ਪਾਰਟੀ 'ਤੇ ਬਹੁਤ ਮਾਣ ਤੇ ਵਿਸ਼ਵਾਸ ਕਰਦੇ ਰਹੇ ਹਨ। ਇਸ ਵਾਰ ਰਾਜ ਦੀਆਂ 13 ਸੀਟਾਂ 'ਚੋਂ ਸਿਰਫ਼ 13.42 ਫੀਸਦੀ ਵੋਟਾਂ ਹੀ ਮਸਾਂ ਹਾਸਲ ਕਰ ਸਕੀ, ਦਸ ਹਲਕਿਆਂ ਵਿਚ ਤਾਂ ਇਸ ਪਾਰਟੀ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜਬਤ ਹੋ ਗਈਆਂ। ਕਈ ਹਲਕਿਆਂ ਵਿਚ ਉਸਦੇ ਉਮੀਦਵਾਰ ਭਾਜਪਾ ਤੋਂ ਵੀ ਪਛੜ ਗਏ। ਜਿਹੜੀ ਇੱਕ ਸੀਟ 'ਤੇ ਜਿੱਤ ਹਾਸਲ ਹੋਈ ਹੈ, ਇਹ ਕਿਵੇਂ ਹੋਈ ਹੈ, ਇਹ ਵੀ ਹਲਕੇ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਅੰਦਰ ਦੀ ਖਿਚੜੀ ਕਿਵੇਂ ਰਿਝਦੀ ਪੱਕਦੀ ਰਹੀ ਹੈ। ਅਕਾਲੀ ਦਲ ਲਈ ਇਹ ਏਨੀ ਮਾੜੀ ਹਾਲਤ ਕਾਫ਼ੀ ਚਿੰਤਾਜਨਕ ਹੈ। ਇੱਕ ਵਾਰ ਅਕਾਲੀ ਦਲ ਦੇ ਪੈਰ ਪੰਜਾਬ ਦੀ ਰਾਜਨੀਤੀ 'ਚੋਂ ਉੱਖੜ ਗਏ ਵਿਖਾਈ ਦਿੰਦੇ ਹਨ, ਦੁਬਾਰਾ ਪੈਰਾਂ 'ਤੇ ਖੜ੍ਹੇ ਹੋਣ ਲਈ ਅਕਾਲੀ ਦਲ ਨੂੰ ਕਾਫ਼ੀ ਮਿਹਨਤ ਕਰਨੀ ਪਵੇਗੀ। ਅਕਾਲੀ ਦਲ ਦੇ ਅੰਦਰ ਵੀ ਬਾਗੀ ਸੁਰਾਂ ਪੈਦਾ ਹੋਣ ਦੇ ਆਸਰ ਹਨ, ਪਰ ਬਾਦਲ ਪਰਿਵਾਰ ਦੀ ਇਸ ਗੱਲੋਂ ਹੀ ਬਚਤ ਹੈ ਕਿ ਦਲ ਦਾ ਕੋਈ ਵੀ ਆਗੂ ਚੋਣਾਂ 'ਚ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕਿਆ। ਜਿਹੜੇ ਆਪਣੀਆਂ ਜ਼ਮਾਨਤਾਂ ਵੀ ਨਹੀਂ ਬਚਾ ਸਕੇ, ਉਹ ਪਾਰਟੀ ਪ੍ਰਧਾਨ ਵਿਰੁੱਧ ਕੀ ਬੋਲਣਗੇ? ਜਦਕਿ ਬਾਦਲ ਪਰਿਵਾਰ ਆਪਣੀ ਪਰਿਵਾਰਕ ਸੀਟ ਦੀ ਜਿੱਤ ਦੀ ਉਦਾਹਰਣ ਦੇਣ ਦੇ ਕਾਬਲ ਹੈ। ਇਨ੍ਹਾਂ ਚੋਣਾਂ ਦਾ ਇੱਕ ਖੂਬਸੂਰਤ ਪਹਿਲੂ ਇਹ ਵੀ ਰਿਹਾ ਕਿ ਪੰਜਾਬ ਵਾਸੀਆਂ ਨੇ ਦਲਬਦਲੂਆਂ ਨੂੰ ਚੰਗਾ ਸਬਕ ਸਿਖਾਇਆ ਹੈ। ਅਜਿਹੇ ਆਗੂ ਸਮੇਂ-ਸਮੇਂ ਕੁਰਸੀ ਦੀ ਭੁੱਖ ਦੂਰ ਕਰਨ ਲਈ ਪਾਰਟੀਆਂ ਬਦਲ ਕੇ ਲੋਕਾਂ ਨੂੰ ਬੁੱਧੂ ਬਣਾਉਣ ਦੇ ਯਤਨ ਕਰਦੇ ਰਹੇ ਹਨ। ਅਜਿਹੇ ਨੇਤਾਵਾਂ ਨੂੰ ਹਰਾ ਕੇ ਲੋਕਾਂ ਨੇ ਸ਼ੁਭ ਕੰਮ ਦੀ ਸ਼ੁਰੂਆਤ ਕੀਤੀ ਹੈ।

ਸੂਬੇ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਕਾਫ਼ੀ ਤਸੱਲੀਬਖ਼ਸ ਦਿਸਦੀ ਹੈ। ਜਿੱਤੇ ਸੱਤ ਸੰਸਦ ਮੈਂਬਰਾਂ ਵਿਚ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਸੁਘੜ ਸਿਆਸਤਦਾਨ, ਅਮਰਿੰਦਰ ਸਿੰਘ ਰਾਜਾ ਵੜਿੰਗ ਵਰਗੇ ਬੁਲਾਰੇ, ਚਰਨਜੀਤ ਸਿੰਘ ਚੰਨੀ ਵਰਗੇ ਗਰੀਬਾਂ ਦੇ ਹਮਦਰਦ, ਅਮਰ ਸਿੰਘ ਵਰਗੇ ਸੂਝਵਾਨ, ਧਰਮਵੀਰ ਗਾਂਧੀ ਵਰਗੇ ਲੋਕ ਆਗੂ, ਗੁਰਜੀਤ ਸਿੰਘ ਔਜਲਾ, ਸ਼ੇਰ ਸਿੰਘ ਘੁਬਾਇਆ ਵਰਗੇ ਤਜ਼ਰਬੇਕਾਰ ਨੇਤਾ ਸ਼ਾਮਲ ਹਨ। ਇਨ੍ਹਾਂ ਸੰਸਦ ਮੈਂਬਰਾਂ ਦੀ ਟੀਮ ਲੋਕ ਸਭਾ ਵਿਚ ਪੰਜਾਬ ਦੇ ਹਿਤਾਂ ਦੀ ਪ੍ਰਾਪਤੀ ਅਤੇ ਸੂਬੇ ਦੇ ਪੱਖ ਨੂੰ ਪੇਸ਼ ਕਰਨ ਦੇ ਪੂਰੀ ਤਰ੍ਹਾਂ ਕਾਬਲ ਤੇ ਸਮਰੱਥ ਹੈ। ਪੰਜਾਬ ਵਾਸੀਆਂ ਨੂੰ ਇਨ੍ਹਾਂ ਤੋਂ ਵੱਡੀਆਂ ਆਸਾਂ ਤੇ ਯਕੀਨ ਹੈ। ਆਮ ਆਦਮੀ ਪਾਰਟੀ ਪੰਜਾਬ ਵਿਚ ਸਰਕਾਰ ਹੋਣ ਦੇ ਬਾਵਜੂਦ ਸਿਰਫ਼ ਤਿੰਨ ਸੀਟਾਂ 'ਤੇ ਸਿਮਟ ਕੇ ਰਹਿ ਗਈ ਹੈ, ਮੁੱਖ ਮੰਤਰੀ ਭਗਵੰਤ ਮਾਨ ਸਾਰੀਆਂ ਤੇਰਾਂ ਸੀਟਾਂ 'ਤੇ ਜਿੱਤ ਹਾਸਲ ਕਰਨ ਦੇ ਦਾਅਵੇ ਕਰਦੇ ਨਹੀਂ ਸਨ ਥੱਕਦੇ, ਪਰ ਹਲਕਾ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ, ਸ੍ਰੀ ਅਨੰਦਪੁਰ ਸਾਹਿਬ ਤੋਂ ਮਲਵਿੰਦਰ ਸਿੰਘ ਕੰਗ ਤੇ ਹੁਸ਼ਿਆਰਪੁਰ ਤੋਂ ਰਾਜ ਕੁਮਾਰ ਚੱਬੇਵਾਲ ਹੀ ਜਿੱਤ ਪ੍ਰਾਪਤ ਕਰ ਸਕੇ ਹਨ। ਇਸ ਪਾਰਟੀ ਦੀ ਕਾਰਗੁਜ਼ਾਰੀ ਤੋਂ ਜਾਪਦਾ ਹੈ ਕਿ ਲੋਕਾਂ ਦਾ ਰਾਜ ਸਰਕਾਰ ਪ੍ਰਤੀ ਗੁੱਸਾ ਹੈ, ਉਹ ਆਪਣੇ ਕੀਤੇ ਵਾਅਦਿਆਂ ਨੂੰ ਨਿਭਾ ਨਹੀਂ ਸਕੀ। ਟਿਊਬਵੈਲਾਂ ਨੂੰ ਚੌਵੀ ਘੰਟੇ ਬਿਜਲੀ ਤੇ ਘਰਾਂ ਨੂੰ ਮੁਫ਼ਤ ਬਿਜਲੀ ਦਾ ਪਾਰਟੀ ਉਮੀਦਵਾਰਾਂ ਨੂੰ ਕਾਫ਼ੀ ਲਾਭ ਹਾਸਲ ਹੋਇਆ ਹੈ, ਪਰੰਤੂ ਮੁੱਖ ਮੰਤਰੀ ਦੇ ਗੁੰਮਰਾਹਕੁੰਨ ਵਾਅਦਿਆਂ ਤੇ ਦਾਅਵਿਆਂ ਨੂੰ ਲੋਕਾਂ ਨੇ ਚੰਗਾ ਨਹੀਂ ਸਮਝਿਆ। ਇਸ ਤੋਂ ਇਲਾਵਾ ਕੁੱਝ ਕੁ ਵਿਧਾਇਕਾਂ ਨੂੰ ਛੱਡ ਕੇ ਬਹੁਤਿਆਂ ਦਾ ਕੰਮ ਕਾਰ ਲੋਕਾਂ ਨੂੰ ਰਾਸ ਨਹੀਂ ਆ ਰਿਹਾ।

ਭਾਜਪਾ ਸੂਬੇ ਵਿਚ ਭਾਵੇਂ ਇੱਕ ਵੀ ਸੀਟ ਹਾਸਲ ਨਹੀਂ ਕਰ ਸਕੀ, ਬਲਕਿ ਬਹੁਤੇ ਉਮੀਦਵਾਰ ਜ਼ਮਾਨਤਾਂ ਵੀ ਨਹੀਂ ਬਚਾਅ ਸਕੇ। ਪਰ ਫੇਰ ਵੀ ਭਾਜਪਾ ਜਿਸਨੂੰ ਲੋਕ ਪਿੰਡਾਂ ਵਿਚ ਵੜ੍ਹਣ ਤੋਂ ਵੀ ਰੋਕਦੇ ਸਨ ਅਤੇ ਖੇਤੀ ਕਾਲੇ ਕਾਨੂੰਨਾਂ ਦੇ ਆਧਾਰ 'ਤੇ ਦੁਸ਼ਮਣਾਂ ਵਾਂਗ ਵੇਖਦੇ ਸਨ, ਉਹ ਪੰਜਾਬ ਦੇ ਹਰ ਸ਼ਹਿਰ ਪਿੰਡ ਤੱਕ ਪਹੁੰਚਣ ਵਿਚ ਸਫ਼ਲ ਦਿਖਾਈ ਦਿੰਦੀ ਹੈ। ਉਸਨੇ ਹਰ ਪਿੰਡ ਵਿਚੋਂ ਵੋਟ ਹਾਸਲ ਕੀਤੀ ਹੈ ਅਤੇ ਆਪਣੇ ਪੈਰ ਜਮਾਉਣ ਦਾ ਆਧਾਰ ਬਣਾ ਲਿਆ ਹੈ। ਇਸ ਪਾਰਟੀ ਦੀ ਕਾਰਗੁਜ਼ਾਰੀ ਨੂੰ ਮਾੜੀ ਨਹੀਂ ਕਿਹਾ ਜਾ ਸਕਦਾ, ਇਹ ਆਪਣੇ ਮਿਸ਼ਨ ਵੱਲ ਤੁਰਦਿਆਂ ਅੱਗੇ ਵਧਦੀ ਵਿਖਾਈ ਦੇ ਰਹੀ ਹੈ। ਦੋ ਆਜ਼ਾਦ ਜਿੱਤੇ ਸੰਸਦ ਮੈਂਬਰਾਂ 'ਚੋਂ ਖਡੂਰ ਸਾਹਿਬ ਤੋਂ ਜਿੱਤਿਆ ਅੰਮ੍ਰਿਤਪਾਲ ਸਿੰਘ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ, ਉਸਨੇ ਰਿਕਾਰਡਤੋੜ ਵੋਟਾਂ ਨਾਲ ਜਿੱਤ ਹਾਸਲ ਕੀਤੀ ਹੈ। ਉਸਦੇ ਵੱਡੀ ਜਿੱਤ ਹਾਸਲ ਕਰਨ ਦਾ ਅਸਲ ਕਾਰਨ ਕੇਂਦਰ ਸਰਕਾਰਾਂ ਵੱਲੋਂ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖ ਭਾਈਚਾਰੇ ਨਾਲ ਕੀਤਾ ਜਾ ਰਿਹਾ ਵਿਤਕਰਾ ਹੈ। ਦੂਜਾ ਸਰਬਜੀਤ ਸਿੰਘ ਖਾਲਸਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦਾ ਪੁੱਤਰ ਹੈ, ਇਸ ਨੇ ਲੋਕਾਂ ਦੀ ਜ਼ਮੀਰ ਨੂੰ ਟੁੰਬ ਕੇ ਅਤੇ ਆਪਣੇ ਪਿਤਾ ਵੱਲੋਂ ਹੇਠਾਂ ਡਿੱਗੀ ਪੱਗ ਨੂੰ ਚੁੱਕ ਕੇ ਮੁੜ ਸਿਰ 'ਤੇ ਰੱਖਣ ਦੇ ਨਾਅਰੇ ਹੇਠ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਹੈ। ਕੇਂਦਰ ਵਿਚ ਇਹ ਦੋਵੇਂ ਸੰਸਦ ਮੈਂਬਰ ਨਾ ਕਾਂਗਰਸ ਦਾ ਸਮਰਥਨ ਕਰ ਸਕਦੇ ਹਨ ਅਤੇ ਨਾ ਹੀ ਭਾਜਪਾ ਦਾ।

ਇਨ੍ਹਾਂ ਚੋਣਾਂ ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਪੈਦਾ ਕਰ ਦਿੱਤੀ ਹੈ, ਕਿਉਂਕਿ ਇਸ ਦੇ ਨਤੀਜਿਆਂ ਨੂੰ ਅਗਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿਚ ਵੇਖਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਹਮੇਸ਼ਾਂ ਗੱਠਜੋੜ ਕਰਕੇ ਚੋਣਾਂ ਲੜਦੀਆਂ ਸਨ, ਇਸ ਵਾਰ ਵੱਖ-ਵੱਖ ਹੋ ਕੇ ਚੋਣਾਂ ਲੜੀਆਂ ਅਤੇ ਸਿਰਫ਼ ਇੱਕ ਹੀ ਸੀਟ ਹਾਸਲ ਹੋਈ ਅਤੇ ਬਹੁਤੇ ਜ਼ਮਾਨਤਾਂ ਵੀ ਨਾ ਬਚਾਅ ਸਕੇ। ਇਸ ਲਈ ਦੋਵੇਂ ਬੁਰੀ ਤਰ੍ਹਾਂ ਨਿਰਾਸ਼ਾਂ ਦੇ ਆਲਮ ਵਿਚ ਹਨ, ਹੁਣ ਦੋਵੇਂ ਇਸ ਸਬੰਧੀ ਪਛਤਾਵਾ ਕਰਨਗੇ? ਅੱਗੇ ਲਈ ਫੇਰ ਗੱਠਜੋੜ ਕਰਨਗੇ? ਇਹ ਸੁਆਲ ਅੱਜ ਹਰ ਸੂਝਵਾਨ ਦੀ ਜ਼ੁਬਾਨ 'ਤੇ ਹੈ। ਭਾਜਪਾ ਸ਼ਾਇਦ ਇਕੱਲੇ ਤੌਰ 'ਤੇ ਪੰਜਾਬ ਵਿਚ ਪੈਰ ਜਮਾਉਣ 'ਤੇ ਜ਼ੋਰ ਦੇਵੇਗੀ, ਪਰ ਅਕਾਲੀ ਦਲ ਲਈ ਸਮਝੌਤਾ ਕਰਨਾ ਮਜਬੂਰੀ ਹੋ ਸਕਦੀ ਹੈ। ਜੇ ਗੱਠਜੋੜ ਹੋ ਜਾਵੇ, ਤਾਂ ਭਾਜਪਾ ਦੀ ਪੰਜਾਬ ਵਿਚ ਚੜ੍ਹਤ ਹੋਣ 'ਚ ਰੁਕਾਵਟ ਵੀ ਪੈਦਾ ਹੋ ਸਕਦੀ ਹੈ।

ਅਕਾਲੀ ਦਲ ਵਿਚ ਆਈ ਗਿਰਾਵਟ ਤੇ ਆਮ ਆਦਮੀ ਪਾਰਟੀ ਵਿਚ ਪੈਦਾ ਹੋਈ ਖੜੋਤ ਦਾ ਕਾਂਗਰਸ ਲਾਭ ਉਠਾ ਸਕਦੀ ਦਿਖਾਈ ਦਿੰਦੀ ਹੈ ਅਤੇ ਅਜਿਹੇ ਯਤਨ ਵੀ ਕਰ ਰਹੀ ਹੈ। ਕਾਂਗਰਸ ਵਿਚ ਚਲਦੀ ਅੰਦਰੂਨੀ ਲੜਾਈ ਵੀ ਇਨ੍ਹਾਂ ਚੋਣਾਂ ਤੋਂ ਬਾਅਦ ਖਤਮ ਹੁੰਦੀ ਨਜ਼ਰ ਆ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਕਾਰਨ ਉਸਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਗਲੀਆਂ ਚੋਣਾਂ ਮੌਕੇ ਉਸਨੂੰ ਪਹਿਲਾਂ ਵਰਗਾ ਸਹਿਯੋਗ ਮਿਲਦਾ ਨਜ਼ਰ ਨਹੀਂ ਆ ਰਿਹਾ। ਦੇਸ਼ ਪੱਧਰ 'ਤੇ ਵੇਖਿਆ ਜਾਵੇ, ਤਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਦੋਵੇਂ ਹੀ 'ਇੰਡੀਆ' ਦੀਆਂ ਹਿੱਸੇਦਾਰ ਹਨ। ਅਗਲੀਆਂ ਚੋਣਾਂ ਵਿਚ ਜੇ ਇਨ੍ਹਾਂ ਦਾ ਗੱਠਜੋੜ ਨਹੀਂ ਹੋ ਸਕਦਾ ਅਤੇ ਅਕਾਲੀ ਦਲ ਤੇ ਭਾਜਪਾ ਦਾ ਗੱਠਜੋੜ ਹੋ ਜਾਂਦਾ ਹੈ, ਤਾਂ ਇਹ ਕੋਈ ਅਡਜਸਟਮੈਂਟ ਵੀ ਕਰ ਸਕਦੀਆਂ ਹਨ। ਸੂਬੇ ਵਿਚ ਖੱਬੀਆਂ ਪਾਰਟੀਆਂ ਨੇ ਵੀ ਆਪਣੀ ਵਿਚਾਰਧਾਰਾ ਲੋਕਾਂ ਦੇ ਰੂਬਰੂ ਕਰਨ ਲਈ ਚਾਰ ਹਲਕਿਆਂ ਵਿਚ ਚੋਣਾਂ ਲੜੀਆਂ ਹਨ ਅਤੇ ਪੰਜਾਬ ਵਾਸੀਆਂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆ ਹੈ। ਅੱਗੇ ਲਈ ਪੰਜਾਬ ਦੀ ਰਾਜਨੀਤੀ ਵਿਚ ਇਨ੍ਹਾਂ ਪਾਰਟੀਆਂ ਦੀ ਭੂਮਿਕਾ ਵੀ ਦਿਖਾਈ ਦੇਵੇਗੀ।

ਇਹ ਸਪੱਸ਼ਟ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਪੰਜਾਬ ਦੀ ਰਾਜਨੀਤੀ ਵਿਚ ਹਿੱਲਜੁੱਲ ਪੈਦਾ ਕਰਨਗੇ, ਜਿਸਦਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਸਰ ਵਿਖਾਈ ਦੇਵੇਗਾ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil




Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮੈਂ ਜਿੱਤਿਆ, ਕੈਂਸਰ ਹਾਰ ਗਈ : ਇਕਬਾਲ ਰਾਮੂਵਾਲੀਆ

-ਇਕਬਾਲ ਰਾਮੂਵਾਲੀਆ
(ਕੈਨੇਡਾ)
ਫੋਨ : 905-792-7357 (ਕੈਨਡਾ)
ਪੰਜਾਬ ਮੇਲ USA



ਕੈਂਸਰ ਖ਼ਤਰਨਾਕ ਬੀਮਾਰੀ ਹੈ; ਏਨੀ ਖ਼ਤਰਨਾਕ ਕਿ ਡਾਕਟਰ ਦੇ ਕਲੀਨਿਕ 'ਚ ਬੈਠਾ ਆਦਮੀ, ਡਾਕਟਰ ਦੇ ਮੂੰਹੋਂ ਕੈਂਸਰ ਦਾ ਨਾਮ ਸੁਣਦਿਆਂ ਹੀ ਆਪਣੇ-ਆਪ ਨੂੰ ਚਿਤਾ 'ਚ ਬਲਦਾ ਦੇਖਣ ਲੱਗ ਜਾਂਦਾ ਹੈ। ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਕਿ ਕਈ ਮਰੀਜ਼ ਡਾਕਟਰ ਮੂੰਹੋਂ ਕੈਂਸਰ ਹੋਣ ਦੀ ਖ਼ਬਰ ਸੁਣਦਿਆਂ ਹੀ, ਹਾਰਟ ਅਟੈਕ ਨਾਲ ਪੂਰੇ ਹੋ ਗਏ। ਮੈਂ ਸਾਰੀ ਜ਼ਿੰਦਗੀ ਰਿਸ਼ਟ-ਪੁਸ਼ਟ ਰਿਹਾ ਹਾਂ; ਕੋਈ ਵੱਡੀ ਬੀਮਾਰੀ ਸਾਰੀ ਜ਼ਿੰਦਗੀ ਮੇਰੇ ਲਾਗਿਓਂ ਵੀ ਨਹੀਂ ਲੰਘੀ। ਹਾਂ, ਸੰਨ 2000 ਵਿਚ ਮੇਰੀ ਕਿਡਨੀ 'ਚ ਉੱਗ ਆਈ ਪੱਥਰੀ ਨੇ ਮੇਰੀ ਜ਼ਿੰਦਗੀ ਨੂੰ ਹਲੂਣ ਕੇ ਰੱਖ ਦਿੱਤਾ ਸੀ। ਪੱਥਰੀ ਨੂੰ ਆਪਰੇਸ਼ਨ ਰਾਹੀਂ ਕੱਢਣ ਵੇਲੇ ਡਾਕਟਰ ਦੀ ਅਣਗਹਿਲੀ ਕਾਰਨ ਮੇਰੀ ਸੱਜੀ ਕਿਡਨੀ ਨਾਕਾਰਾ ਹੋ ਗਈ ਸੀ; ਫਿਰ ਸਾਲ ਕੁ ਬਾਅਦ ਡਾਕਟਰ ਨੇ ਮੈਨੂੰ ਦੱਸਿਆ ਕਿ ਮੇਰਾ ਪੈਨਕਰੀਆਜ਼ ਵੀ ਨਿਢਾਲ ਹੋ ਗਿਆ ਸੀ, ਇਸ ਲਈ ਲੋੜੀਂਦੀ ਐਨਸੁਲੀਨ ਪੈਦਾ ਕਰਨ ਤੋਂ ਅਸਮਰੱਥ ਹੋਣ ਕਾਰਨ, ਮੇਰੇ ਖ਼ੂਨ ਵਿਚ ਸ਼ੂਗਰ ਦੀ ਮਾਤਰਾ ਲੋੜ ਤੋਂ ਜ਼ਿਆਦਾ ਹੋ ਰਹੀ ਸੀ। ਬਲੱਡ ਸ਼ੂਗਰ ਨੂੰ ਕਾਬੂ 'ਚ ਰੱਖਣ ਲਈ 2001 'ਚ ਡਾਕਟਰ ਵੱਲੋਂ ਮੈਨੂੰ ਹਰ ਰੋਜ਼ ਇੱਕ ਗੋਲੀ ਖਾਣ ਦਾ ਆਦੇਸ਼ ਦੇ ਦਿੱਤਾ ਗਿਆ। ਵੀਹ ਸੌ ਦਸ ਦੀ ਜਨਵਰੀ ਤੱਕ ਸਭ ਕੁਝ ਠੀਕ-ਠਾਕ ਚੱਲਦਾ ਰਿਹਾ; ਲੇਕਿਨ ਫਰਵਰੀ 2010 ਦੇ ਅੰਗੜਾਈ ਭਰਦਿਆਂ ਹੀ ਮੇਰੇ ਡਾਕਟਰਾਂ ਨੇ ਮੈਨੂੰ ਖ਼ਬਰ ਦਿੱਤੀ ਕਿ ਮੇਰੇ ਪਰਾਸਟੇਟ ਵਿਚ ਕੈਂਸਰ ਜਨਮ ਲੈ ਚੁੱਕੀ ਹੈ।

ਕੈਂਸਰ ਦਾ ਨਾਮ ਸੁਣਦਿਆਂ ਹੀ ਮੇਰੀ ਬੀਵੀ ਤੇ ਦੋ ਜੌੜੀਆਂ ਧੀਆਂ ਦੇ ਚੇਹਰੇ ਉੱਤਰ ਗਏ, ਤੇ ਉਨ੍ਹਾਂ ਦੀਆਂ ਅੱਖਾਂ 'ਚ ਗਹਿਰੇ ਸਹਿਮ ਨੇ ਛਤਰੀਆਂ ਗੱਡ ਲਈਆਂ। ਲੇਕਿਨ ਕੈਂਸਰ ਦੇ ਡਾਇਗਨੋਜ਼ ਨੂੰ ਮੈਂ ਬਿਲਕੁਲ ਹੀ ਵੱਖਰੇ ਅੰਦਾਜ਼ ਵਿਚ ਲਿਆ: ਮੈਂ ਆਪਣੇ-ਆਪ ਨੂੰ ਪਹਿਲੀ ਗੱਲ ਇਹ ਆਖੀ ਕਿ ਦੁਨੀਆਂ ਦੀ ਕੋਈ ਗ਼ੈਬੀ ਸ਼ਕਤੀ ਤੇ ਕੋਈ ਰੱਬ-ਪ੍ਰਮਾਤਮਾ ਮੇਰੇ ਕੈਂਸਰ ਦਾ ਇਲਾਜ ਨਹੀਂ ਕਰ ਸਕਦੇ; ਕੋਈ ਪੂਜਾ-ਪਾਠ, ਕੋਈ ਅਰਦਾਸ ਤੇ ਕੋਈ ਨਾਮ ਸਿਮਰਣ ਮੇਰੇ ਮਾਸ 'ਚ ਜੜ੍ਹਾਂ ਲਾ ਚੁੱਕੀ ਕੈਂਸਰ ਨੂੰ ਮੇਰੇ ਸਰੀਰ ਵਿਚੋਂ ਪੁੱਟਣ ਦੇ ਸਮਰੱਥ ਨਹੀਂ! ਦੂਸਰਾ ਆਪਣੇ ਮਨੋਬਲ ਨੂੰ ਉੱਚਾ ਰੱਖਣ ਲਈ, ਮੈਂ ਆਪਣੇ-ਆਪ ਨੂੰ ਕਹਿਣਾ ਸ਼ੁਰੂ ਕੀਤਾ ਕਿ ਕੈਂਸਰ ਬਾਕੀ ਦੁਨੀਆਂ ਨੂੰ ਤਾਂ ਮਾਰ ਸਕਦੀ ਹੈ, ਪਰ ਮੇਰਾ ਇਹ ਵਾਲ ਵੀ ਵਿੰਗਾ ਨਹੀਂ ਕਰ ਸਕਦੀ! ਕੈਂਸਰੇ, ਤੂੰ ਮੈਨੂੰ ਮਾਰਨ ਨੂੰ ਫਿਰਦੀ ਐਂ? ਲੈ ਸੁਣ ਲੈ ਕੰਨ ਖੋਲ੍ਹ ਕੇ: ਹੁਣ ਮੈਂ ਤੈਨੂੰ ਮਾਰਾਂਗਾ! ਤੀਸਰਾ ਮੈਂ ਆਪਣੇ ਬੀਵੀ-ਬੱਚਿਆਂ ਨੂੰ ਇਹ ਤਰਕ ਦਿੱਤਾ ਕਿ ਅਗਰ ਕੱਲ੍ਹ ਨੂੰ ਐਕਸੀਡੈਂਟ ਹੋ ਕੇ ਇਸ ਸੰਸਾਰ ਤੋਂ ਕੂਚ ਕਰ ਜਾਵਾਂ, ਤਦ ਵੀ ਤਾਂ ਸਬਰ ਕਰੋਗੇ ਹੀ; ਇਸ ਲਈ ਉਦਾਸ ਤੇ ਪ੍ਰੇਸ਼ਾਨ ਹੋਣ ਦੀ ਥਾਂ ਕੈਂਸਰ ਨਾਲ ਲੜਨ ਦੇ ਉਪਰਾਲੇ ਕਰੀਏ। ਇਸ ਤਰ੍ਹਾਂ ਪ੍ਰਵਾਰ ਵਿਚੋਂ ਉਦਾਸੀ ਤੇ ਚਿੰਤਾ ਦੇ ਪਹਾੜ ਖੁਰਨ ਲੱਗੇ। ਜੋਤਸ਼ੀਆਂ, ਬਾਬਿਆਂ, ਤੇ ਗੁਰ-ਚਾਲਾਂ ਦੇ ਜਾਲਾਂ ਵਿਚ ਫਸਣ ਦੀ ਥਾਂ, ਮੇਰੀਆਂ ਦੋਵੇਂ ਧੀਆਂ, ਕੰਪਿਊਟਰਾਂ ਨੂੰ ਗੋਦ ਵਿਚ ਬਿਠਾਅ ਕੇ, ਮੇਰੇ ਲਾਗੇ ਬੈਠ ਗਈਆਂ ਤੇ ਕੈਂਸਰ ਦੇ ਉਪਾਵਾਂ ਦੀ ਖੋਜ ਲਈ ਇੰਟਰਨੈੱਟ ਉੱਪਰ ਵੈੱਬਸਾਈਟਸ ਨੂੰ ਫਰੋਲਣ ਲੱਗੀਆਂ। ਉਧਰੋਂ ਮੇਰੇ ਸਰਜਨ ਨੇ 6 ਅਪ੍ਰੈਲ 2010 ਦੀ ਤਾਰੀਖ਼ ਮੇਰੇ ਵੱਡੇ ਆਪਰੇਸ਼ਨ ਲਈ ਨਿਸ਼ਚਿਤ ਕਰ ਦਿੱਤੀ।

ਆਪਰੇਸ਼ਨ ਦੀ ਤਾਰੀਖ਼ ਤੋਂ ਹਫ਼ਤਾ ਕੁ ਪਹਿਲਾਂ, ਮੇਰੀਆਂ ਧੀਆਂ ਨੇ ਇੱਕ ਜਰਮਨ ਡਾਕਟਰ, ਡਾਕਟਰ ਜੋਹਾਨਾ ਬੁਡਵਿੱਗ (Johanna Budwig) ਵੱਲੋਂ ਕਰੜੀ ਖੋਜ ਉਪਰੰਤ ਲੱਭਿਆ ਫਾਰਮੂਲਾ ਤਲਾਸ਼ ਲਿਆ। ਮੇਰੇ ਪਰਿਵਾਰ ਨੂੰ ਮੇਰੇ ਸਰਜਨ ਨੇ ਮਨਾ ਲਿਆ ਕਿ ਕੈਂਸਰ ਕਾਫ਼ੀ ਡੂੰਘਾ ਹੋ ਜਾਣ ਕਾਰਨ, ਸਰਜਰੀ ਕਰਕੇ ਪਰਾਸਟੇਟ ਨੂੰ ਜਿਸਮ ਤੋਂ ਅਲਹਿਦਾ ਕਰਨਾ ਜ਼ਰੂਰੀ ਹੈ, ਤਾਂ ਕਿ ਕੈਂਸਰ ਕਿਧਰੇ ਬਾਕੀ ਸਰੀਰ ਵੱਲ ਮੁਹਾਰਾਂ ਨਾ ਮੋੜ ਲਵੇ।

ਆਪਰੇਸ਼ਨ ਤੋਂ ਬਾਅਦ ਮੇਰੀਆਂ ਧੀਆਂ ਨੇ ਡਾਕਟਰ ਨੂੰ ਪੁੱਛਿਆ ਕਿ ਪਰਾਸਟੇਟ ਤਾਂ ਨਿਕਲ ਗਿਆ ਪਰ ਕੀ ਇਸ ਦਾ ਮਤਲਬ ਹੈ ਕਿ ਕੈਂਸਰ ਦੁਬਾਰਾ ਫੇਰਾ ਨਹੀਂ ਆਵੇਗੀ? ਡਾਕਟਰ ਨੇ ਕਿਹਾ ਕਿ ਕੈਂਸਰ ਦਾ ਕੋਈ ਇਤਬਾਰ ਨਹੀਂ; ਇਹ ਦੁਬਾਰਾ ਵੀ ਆ ਸਕਦੀ ਹੈ। ਇਸ ਲਈ ਅਸੀਂ ਫਟਾਫਟ ਡਾਕਟਰ ਬਡਵਿੱਗ ਦਾ ਫਾਰਮੂਲਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਨਾਲ ਦੀ ਨਾਲ ਰੇਡੀਏਸ਼ਨ ਦੇ 32 ਟਰੀਟਮੈਂਟ ਵੀ ਲੱਗੇ ਤੇ ਹੁਣ ਹਰ ਤੀਸਰੇ ਮਹੀਨੇ ਹਾਰਮੋਨਲ ਥੈਰਪੀ ਦਾ ਇੱਕ ਟੀਕਾ ਵੀ ਲੱਗਦਾ ਹੈ। ਹਾਰਮੋਨਲ ਥੈਰਪੀ ਅਤੇ ਰੇਡੀਏਸ਼ਨ ਤੋਂ ਘਬਰਾਉਣ ਜਾਂ ਤ੍ਰਭਕਣ ਦੀ ਉੱਕਾ ਹੀ ਜ਼ਰੂਰਤ ਨਹੀਂ ਕਿਉਂਕਿ ਇਨ੍ਹਾਂ ਦੇ ਸਾਈਡ-ਅਫ਼ੈਕਟਸ ਬਹੁਤ ਹੀ ਮਾਮੂਲੀ ਹੁੰਦੇ ਨੇ।

ਹੁਣ ਗੱਲ ਏਥੇ ਖਲੋਤੀ ਹੈ ਕਿ ਮੈਂ 90 ਫੀਸਦੀ ਤੰਦਰੁਸਤ ਹਾਂ। 'ਬੁਡਵਿਗ ਫਾਰਮੂਲਾ' ਮੈਂ ਦੋ ਵਾਰ ਸੇਵਨ ਕਰਦਾ ਹਾਂ ਤੇ ਹਰ ਰੋਜ਼ ਸਵੇਰੇ ਢਾਈ ਪਾਊਂਡ ਗਾਜਰਾਂ ਦਾ ਜੂਸ ਘਰੇ ਰੱਖੀ ਮਸ਼ੀਨ ਰਾਹੀਂ ਕੱਢ ਕੇ ਪੀਂਦਾ ਹਾਂ: ਹਲਦੀ ਦਾ ਛੋਟਾ ਚਮਚਾ ਤੇ ਅਨਾਰਾਂ ਦਾ ਖ਼ਾਲਸ ਜੂਸ- ਛੋਟਾ ਅੱਧਾ ਗਲਾਸ- (ਜਾਂ ਇੱਕ ਅਨਾਰ) ਅੰਦਰ ਲੰਘਾਅ ਲੈਂਦਾ ਹਾਂ। ਇਹ ਵਸਤੂਆਂ, ਮੇਰੇ ਕੈਂਸਰ ਦੇ ਬਚਦੇ-ਖੁਚਦੇ ਸੈੱਲਾਂ ਦਾ ਹੌਲੀ-ਹੌਲੀ ਸਫ਼ਾਇਆ ਕਰੀ ਜਾ ਰਹੀਆਂ ਹਨ।

ਇਸ ਦੇ ਨਾਲ ਹੀ ਇਸ ਫਾਰਮੂਲੇ ਨੇ ਮੇਰੀ 9 ਸਾਲ ਪੁਰਾਣੀ ਸ਼ੂਗਰ ਨੂੰ ਕਾਬੂ ਵਿਚ ਕਰ ਲਿਆ ਹੈ। ਮਈ 2010 ਤੋਂ ਬਾਅਦ ਮੈਂ ਸ਼ੂਗਰ ਦੀਆਂ ਗੋਲੀਆਂ ਨੂੰ ਕੂੜੇ ਵਾਲੀ ਬਾਲਟੀ 'ਚ ਝਾੜ ਦਿੱਤਾ; ਤੇ ਫਾਰਮੇਸੀ ਵਾਲੇ ਮੇਰੀ ਸ਼ੂਗਰ ਵਾਲੀ ਪਰਚੀ ਦੀ ਉਡੀਕ ਵਿਚ ਮੇਰੇ 'ਤੇ ਦੰਦੀਆਂ ਕਿਰਚ ਰਹੇ ਨੇ। ਮੈਂ ਦੇਖਦਾ ਹਾਂ ਕਿ ਸਵੇਰ ਵੇਲੇ ਖਾਲੀ ਪੇਟ 7-8 'ਤੇ ਰਹਿਣ ਵਾਲਾ ਮੇਰਾ ਬਲੱਡ-ਸ਼ੂਗਰ ਲੈਵਲ ਲਗਾਤਾਰ 5 ਤੋਂ 6.5 ਚੱਲਦਾ ਆ ਰਿਹਾ ਹੈ, ਜਿਹੜਾ ਕਿ ਬਿਲਕੁਲ ਉਚਿੱਤ ਹੈ। ਇਸੇ ਫਾਰਮੂਲੇ ਨੇ ਮੇਰਾ ਬਲੱਡ ਪ੍ਰੈਸ਼ਰ ਨੀਚੇ ਲੈ ਆਂਦਾ ਹੈ ਤੇ ਨਾਲ ਹੀ ਮੇਰੇ ਕੋਲੈਸਟ੍ਰਾਲ ਨੂੰ ਵੀ ਟਿਕਾਣੇ ਸਿਰ ਲਿਆ ਖਲ੍ਹਿਆਰਿਆ ਹੈ। ਇਹ ਫਾਰਮੂਲਾ ਏਡਾ ਕਾਮਯਾਬ ਹੈ ਕਿ ਮੇਰੇ 67 ਸਾਲਾ ਜੀਜੇ ਦੀ 12-13 ਵਰ੍ਹੇ ਪੁਰਾਣੀ ਪਾਰਕਿਨਸਨ (ਝੋਲੇ ਦੀ ਬੀਮਾਰੀ) 20-22 ਦਿਨਾਂ 'ਚ ਹੀ 75 ਫੀਸਦੀ ਠੀਕ ਹੋ ਗਈ ਹੈ। ਉਸ ਨੂੰ ਰੋਜ਼ਾਨਾ ਪੈਣ ਵਾਲੇ ਤਿੰਨ ਜ਼ਬਰਦਸਤ ਦੌਰੇ ਉਸ ਦੇ ਸਰੀਰ ਨੂੰ ਅਲਵਿਦਾ ਆਖ ਗਏ ਨੇ। ਮੇਰਾ ਪਰਿਵਾਰ ਹੈਰਾਨ ਹੈ ਕਿ ਮੇਰੇ ਟੋਟਣ ਦਾ ਗੰਜ ਵੀ ਅੱਠ ਮਹੀਨੇ ਬਾਅਦ ਹਲਕੀ-ਹਲਕੀ ਰੌਣਕ ਫੜਨ ਲੱਗ ਪਿਆ ਹੈ। ਇਹ ਫਾਰਮੂਲਾ ਹਰ ਕਿਸਮ ਦੀ ਕੈਂਸਰ ਲਈ ਮੁਫ਼ੀਦ ਹੈ; ਅਜਿਹੀਆਂ ਚਿੱਠੀਆਂ ਵੀ ਇੰਟਰਨੈੱਟ 'ਤੇ ਛਪੀਆਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਚੌਥੇ ਸਟੇਜ 'ਚ ਪਹੁੰਚੇ ਬਰੇਨ ਕੈਂਸਰ, ਗਲੇ ਦੇ ਕੈਂਸਰ, ਤੇ ਕੋਲਨ ਕੈਂਸਰ ਵਾਲੇ ਲੋਕ ਪੰਜ-ਛੇ ਮਹੀਨਿਆਂ 'ਚ ਬਡਵਿਗ ਫਾਰਮੂਲਾ ਖਾਣ ਤੇ ਗਾਜਰਾਂ ਦਾ ਤਾਜ਼ਾ ਜੂਸ ਪੀਣ ਨਾਲ ਤੰਦਰੁਸਤ ਹੋ ਗਏ।

ਕੈਂਸਰ ਦੀ ਦੋਬਾਰਾ ਆਮਦ ਨੂੰ ਰੋਕਣ ਲਈ ਮੈਂ ਆਪਣੀ ਤਰਜ਼ੇ-ਜ਼ਿੰਦਗੀ ਵਿਚ ਇਨਕਲਾਬੀ ਤਬਦੀਲੀਆਂ ਲੈ ਆਂਦੀਆਂ ਨੇ। ਮੇਰੀਆਂ ਧੀਆਂ ਦੀ ਖੋਜ ਅਨੁਸਾਰ, ਛੇ ਚੀਜ਼ਾਂ ਕੈਂਸਰ ਲਈ ਖਾਦ ਦਾ ਕੰਮ ਕਰਦੀਆਂ ਨੇ: ਮੀਟ, ਸ਼ਰਾਬ, ਆਂਡਾ, ਦੁੱਧ-ਉਤਪਾਦ, ਮਿੱਠਾ (ਹਰ ਕਿਸਮ ਦਾ) ਤੇ ਰੀਫਾਇਨਡ ਤੇਲ (ਜਿਹੜੇ ਆਪਾਂ ਸਟੋਰਾਂ ਤੋਂ ਖਰੀਦਦੇ ਹਾਂ); ਇਸ ਲਈ ਇਹ ਸਾਰੇ ਪਦਾਰਥ, ਕਾਲੀ ਚਾਹ ਤੇ ਕਾਫ਼ੀ ਮੈਂ ਆਪਣੀ ਜ਼ਿੰਦਗੀ 'ਚੋਂ ਉੱਕਾ ਹੀ ਮਨਫ਼ੀ ਕਰ ਮਾਰੇ ਨੇ। ਗਰੀਨ ਟੀਅ ਕਿਉਂਕਿ ਕੈਂਸਰ-ਵਿਰੋਧੀ ਹੈ, ਇਸ ਲਈ ਇਸ ਦੇ ਚਾਰ-ਪੰਜ ਕੱਪ ਮੈਂ ਪੂਰੀ ਦਿਹਾੜੀ 'ਚ ਪੀ ਜਾਂਦਾ ਹਾਂ। ਏਸ ਤੋਂ ਇਲਾਵਾ ਮੈਂ ਬਰਾਕਲੀ, ਗੋਭੀ ਤੇ ਟਮਾਟਰਾਂ ਨੂੰ ਆਪਣੇ ਭੋਜਨ ਵਿਚ ਵਿਸ਼ੇਸ਼ ਦਰਜਾ ਦਿੱਤਾ ਹੋਇਆ ਹੈ। ਅਨਾਰਾਂ ਦੇ ਖ਼ਾਲਸ ਜੂਸ ਦਾ ਛੋਟਾ ਅੱਧਾ ਗਲਾਸ ਕੈਂਸਰ ਨੂੰ ਮਾਰਨ 'ਚ ਸਹਾਇਕ ਹੁੰਦਾ ਹੈ। ਅਗਰ ਉਪਲਬਧ ਹੋਣ ਤਾਂ ਅਨਾਰ ਖਾਣੇ, ਜੂਸ ਨਾਲੋਂ ਵੀ ਬਿਹਤਰ ਹਨ। ਹਲਦੀ ਤਾਂ ਕੈਂਸਰ ਦੀਆਂ ਜੜ੍ਹਾਂ 'ਚ ਦਾਤੀ ਦਾ ਕੰਮ ਕਰਦੀ ਹੈ।

## ਕੈਂਸਰ ਤੋਂ ਬਚਣ ਲਈ ਹੁਣੇ ਤਿਆਰ ਹੋਵੋ!

ਡਾਕਟਰੀ ਖੋਜ ਮੁਤਾਬਿਕ ਕੈਂਸਰ ਦੇ ਸੈੱਲ ਹਰ ਵਿਅਕਤੀ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੇ ਹਨ, ਲੇਕਿਨ ਜਿੰਨੀ ਦੇਰ ਇਹ ਸੈੱਲ ਕਮਜ਼ੋਰ ਰਹਿੰਦੇ ਹਨ, ਇਹ ਸਰੀਰ ਵਿਚ ਡੂੰਘੇ ਪੈਰ ਨਹੀਂ ਜਮਾਅ ਸਕਦੇ, ਪ੍ਰੰਤੂ ਇਨ੍ਹਾਂ ਵਿਚ ਤਕੜੇ ਹੋ ਜਾਣ ਦੀ ਸਮਰੱਥਾ ਹਮੇਸ਼ਾ ਰਹਿੰਦੀ ਹੈ। ਇਸ ਲਈ ਪਾਠਕਾਂ ਨੂੰ ਮੇਰੀ ਚੇਤਾਵਨੀ ਹੈ ਕਿ ਉਸ ਦਿਨ ਦੀ ਉਡੀਕ ਨਾ ਕਰੋ, ਜਦੋਂ ਡਾਕਟਰ ਤੁਹਾਨੂੰ ਇਹ ਆਖ ਦੇਵੇ ਕਿ ਤੁਹਾਡੇ ਅੰਦਰ ਕੈਂਸਰ ਨੇ ਆਲ੍ਹਣਾ ਪਾ ਲਿਆ ਹੈ। ਕੈਂਸਰ ਅਗਰ ਇੱਕ ਵਾਰ ਤੁਹਾਡੇ ਜਿਸਮ 'ਚ ਖੁੱਡ ਬਣਾ ਲਵੇ, ਤਾਂ ਪੰਜਾਬ ਦੇ ਭੂ-ਮਾਫ਼ੀਆ ਵਾਂਗ, ਇਸ ਦਾ ਕਬਜ਼ਾ ਹਟਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਹਰ ਵਿਅਕਤੀ ਨੂੰ ਇਹ ਭੁਲੇਖਾ ਹੈ ਕਿ ਬਾਕੀ ਸੰਸਾਰ ਵਿਚ ਹਰ ਵਿਅਕਤੀ ਨੂੰ ਕੈਂਸਰ ਹੋ ਸਕਦੀ ਹੈ, ਮਗਰ ਇਹ ਮੇਰੇ ਸਰੀਰ ਵਿਚ ਦਾਖ਼ਲ ਨਹੀਂ ਹੋ ਸਕਦੀ, ਪ੍ਰੰਤੂ ਹਕੀਕਤ ਇਹ ਹੈ ਕਿ ਕੈਂਸਰ ਹਰ ਵਿਅਕਤੀ ਦੇ ਸਰੀਰ ਵਿਚ ਕਿਸੇ ਸਮੇਂ ਵੀ ਆਪਣੀਆਂ ਸੂਲਾਂ ਉਗਾਅ ਸਕਦੀ ਹੈ, ਇਸ ਲਈ ਕੈਂਸਰ ਦੀਆਂ ਸੂਲਾਂ ਨੂੰ ਉੱਗਣ ਦਾ ਮੌਕਾ ਹੀ ਨਾ ਦਿਓ!

ਯਾਦ ਰੱਖੋ ਕਿ ਤੁਹਾਡਾ ਜਿਸਮ ਉਹ ਹੈ, ਜੋ ਤੁਸੀਂ ਮੂੰਹ ਰਾਹੀਂ, ਸਾਹ ਰਾਹੀਂ, ਜਾਂ ਟੀਕਿਆਂ ਰਾਹੀਂ ਆਪਣੇ ਜਿਸਮ 'ਚ ਭੇਜਦੇ ਹੋ; ਦੂਸਰੇ ਅਰਥਾਂ ਵਿਚ ਅਗਰ ਤੁਸੀਂ ਜੀਭ ਦੇ ਸੁਆਦ ਦੇ ਮਾਰੇ ਅਵਲਾ-ਸਵਲਾ ਖਾਂਦੇ ਹੋ, ਤਾਂ ਤੁਸੀਂ ਆਪਣੇ ਸਰੀਰ ਦੀਆਂ ਖਿੜਕੀਆਂ ਨੂੰ ਰੋਗਾਂ ਵਾਸਤੇ ਖੁੱਲ੍ਹਾ ਕਰ ਰਹੇ ਹੁੰਦੇ ਹੋ! ਕੈਂਸਰ ਦੀ ਨਾਮੁਰਾਦ ਬੀਮਾਰੀ ਕਿਸੇ ਵੀ ਔਰਤ ਅਤੇ ਮਰਦ ਨੂੰ ਕਦੇ ਵੀ ਹੋ ਸਕਦੀ ਹੈ। ਔਰਤਾਂ ਨੂੰ ਛਾਤੀਆਂ ਦੇ ਕੈਂਸਰ ਦੀਆਂ ਸ਼ਿਕਾਇਤਾਂ ਲਗਾਤਾਰ ਵਧ ਰਹੀਆਂ ਨੇ। ਇਸ ਲਈ ਕੈਂਸਰ ਤੋਂ ਬਚਣ ਲਈ ਡਾਕਟਰਾਂ, ਸਿਹਤ ਵਿਗਿਆਨੀਆਂ ਤੇ ਖੋਜਕਾਰਾਂ ਦੀ ਸਲਾਹ ਮੰਨ ਕੇ, ਮੀਟ, ਸ਼ਰਾਬ, ਆਂਡੇ, ਦੁੱਧ-ਉਤਪਾਦ, ਮਿੱਠੇ, ਰੀਫਾਈਂਡ ਤੇਲਾਂ ਅਤੇ ਤਲੀਆਂ ਵਸਤੂਆਂ ਨੂੰ ਆਪਣੀ ਤੇ ਆਪਣੇ ਪਰਿਵਾਰਾਂ ਦੀ ਜ਼ਿੰਦਗੀ 'ਚੋਂ ਦੇਸ਼-ਨਿਕਾਲਾ ਦੇ ਦਿਓ। ਤੰਦੂਰੀ ਮੱਛੀ ਦਾ ਸੇਵਨ ਹਫ਼ਤੇ 'ਚ ਤਿੰਨ-ਚਾਰ ਵਾਰ ਕਰਨਾ, ਕੈਂਸਰ ਨੂੰ ਦਬਾਉਣ ਲਈ ਅਤੀ ਲਾਭਦਾਇਕ ਹੈ। ਕੱਚੀ ਗੋਭੀ, ਬਰਾਕਲੀ, ਟਮਾਟਰ ਤੇ ਗਾਜਰਾਂ ਦਾ ਘਰ ਕੱਢਿਆ ਜੂਸ ਕੈਂਸਰ ਰੋਗ ਨੂੰ ਢੁੱਡਾਂ ਮਾਰ ਕੇ, ਸਰੀਰ ਦੇ ਨੇੜੇ ਨਹੀਂ ਫੜਕਣ ਦੇਂਦੇ। ਹਰੀਆਂ ਤੇ ਲਾਲ ਸਬਜ਼ੀਆਂ/ਫਲ ਕੈਂਸਰ ਤੋਂ ਇਲਾਵਾ ਹੋਰ ਅਨੇਕਾਂ ਰੋਗਾਂ ਦਾ ਟਾਕਰਾ ਕਰਨ ਲਈ ਸਰੀਰ ਦੀ ਕਿਲ੍ਹੇਬੰਦੀ ਕਰਦੇ ਨੇ। ਇਸ ਤੋਂ ਇਲਾਵਾ ਡਾਕਟਰ ਬੁਡਵਿਗ ਦੇ ਫਾਰਮੂਲੇ ਦਾ ਇਸਤੇਮਾਲ ਬਾਕਾਇਦਗੀ ਨਾਲ ਕਰੋ: ਇਸ ਨਾਲ ਜ਼ਿੰਦਗੀ ਵਿਚ ਸ਼ੂਗਰ, ਕੈਂਸਰ, ਪਾਰਕਿਸਨ, ਤੇ ਕੋਲੈਸਟਰਾਲ ਤੁਹਾਨੂੰ ਪ੍ਰੇਸ਼ਾਨ ਨਹੀਂ ਕਰ ਸਕਦੇ।

ਇਹ ਫਾਰਮੂਲਾ ਦਵਾਈ ਨਹੀਂ, ਸਗੋਂ ਤੁਹਾਡੇ ਬ੍ਰੇਕਫਾਸਟ ਦਾ ਬਦਲ ਹੈ: ਪਰਾਉਠਿਆਂ, ਆਮਲੇਟਾਂ ਤੇ ਸੀਰੀਅਲਾਂ ਦਾ ਖਹਿੜਾ ਛੱਡ ਕੇ ਬੁਡਵਿਗ ਖੁਰਾਕ ਨੂੰ ਅਪਣਾਵੋ! ਇਸ ਨਾਲ ਅਨੇਕਾਂ ਬੀਮਾਰੀਆਂ ਤੋਂ ਖਹਿੜਾ ਛੁੱਟਣ ਦੇ ਨਾਲ-ਨਾਲ ਸਰੀਰ ਵਿਚ ਥੱਕੀ ਹੋਈ ਤਾਕਤ ਅੰਗੜਾਈਆਂ ਲੈਣ ਲੱਗਦੀ ਹੈ।

## ਬੁਡਵਿਗ ਫਾਰਮੂਲੇ ਨੂੰ ਤਿਆਰ ਕਰਨ ਦਾ ਢੰਗ:

ਜਰਮਨ ਡਾਕਟਰ ਜੋਹਾਨਾ ਬੁਡਵਿਗ (ਸਤੰਬਰ 30, 1908-ਮਈ 19, 2003)

ਇੱਕ ਵੱਡਾ ਕੌਲਾ (ਬੋਅਲ) ਤੇ ਇੱਕ ਬਿਜਲੀ ਦਾ ਘੋਟਣਾ ਜਿਸ ਦੀ ਸ਼ਕਲ ਫੂਕਾਂ ਮਾਰਨ ਵਾਲੇ ਭੁਖਣੇ ਵਰਗੀ ਹੁੰਦੀ ਹੈ ਅਤੇ ਇਸ ਨੂੰ ਅੰਗਰੇਜ਼ੀ ਵਿਚ 'ਹੈਂਡ ਬਲੈਂਡਰ' ਆਖਦੇ ਹਨ, ਖ਼ਰੀਦੋ। ਕਿਸੇ ਵੀ ਸਟੋਰ ਤੋਂ 'ਕੋਲਡ ਪਰੈੱਸਡ ਫਲੈਕਸ ਆਇਲ' (ਅਲਸੀ ਦਾ ਤੇਲ) ਖ਼ਰੀਦੋ: ਸਟੋਰਾਂ ਤੋਂ ਮਿਲਦਾ ਆਮ ਅਲਸੀ-ਤੇਲ, ਕੋਲਡ-ਪ੍ਰੈੱਸਡ ਨਹੀਂ ਹੁੰਦਾ, ਇਸ ਲਈ ਯਕੀਨੀ ਬਣਾਓ ਕਿ ਖ਼ਰੀਦਿਆ ਜਾਣ ਵਾਲਾ ਤੇਲ ਕੋਲਡ-ਪ੍ਰੈੱਸਡ (ਯਾਨੀ ਕੱਚੀ ਘਾਣੀ ਦਾ) ਹੋਵੇ। ਭਾਰਤ ਵਿਚ ਇਹ ਤੇਲ ਕੋਹਲੂ ਤੋਂ ਕਢਵਾਇਆ ਜਾ ਸਕਦਾ ਹੈ। ਕਿਸੇ ਵੀ ਗਰੋਸਰੀ ਸਟੋਰ ਤੋਂ ਫ਼ੈਟ-ਫਰੀ 'ਕਾਟਿਜ ਚੀਜ਼' (ਇੰਡੀਆ ਵਿਚ ਸਪਰੇਟੇ ਦੁੱਧ ਦਾ ਦਾਣੇਦਾਰ ਪਨੀਰ) ਲਵੋ। ਬਦਾਮ, ਅਖ਼ਰੋਟ, ਪਿਸਤਾ, ਤੇ ਕਾਜੂ ਆਦਿਕ ਬਰਾਬਰ ਮਾਤਰਾ 'ਚ ਲੈ ਕੇ ਗਰਾਈਂਡਰ ਵਿਚ ਮੋਟੇ-ਮੋਟੇ ਦਲੋ ਤੇ ਕਿਸੇ ਡੱਬੇ 'ਚ ਸਾਂਭ ਲਵੋ ਤਾਂ ਕਿ ਤੁਸੀਂ ਇਸ ਨੂੰ ਦੋ ਕੁ ਚਮਚੇ ਮਾਤਰਾ ਵਿਚ ਹਰ ਰੋਜ਼ ਵਰਤ ਸਕੋਂ।

ਹਰ ਰੋਜ਼ ਸਵੇਰੇ ਤਿੰਨ ਵੱਡੇ ਚਮਚੇ ਤੇਲ ਤੇ ਛੇ ਚਮਚੇ ਕਾਟਿਜ ਚੀਜ਼ (ਪਨੀਰ), ਕੌਲੇ 'ਚ ਪਾਵੋ: ਚਮਚੇ ਟੀਸੀ-ਕੱਢਵੇਂ ਨਹੀਂ ਸਗੋਂ ਪੱਧਰੇ ਰੱਖਣੇ ਹਨ। ਇਨ੍ਹਾਂ ਦੋਹਾਂ ਪਦਾਰਥਾਂ ਨੂੰ ਹੈਂਡ ਬਲੈਂਡਰ ਨਾਲ ਤਕਰੀਬਨ 45-50 ਸਕਿੰਟ ਘੋਟੋ, ਤਾਂ ਇਹ ਗਾੜ੍ਹਾ ਪੇਸਟ ਬਣ ਜਾਵੇਗਾ, ਜਿਸ ਵਿਚ ਤੇਲ ਦਾ ਨਾਮੋ-ਨਿਸ਼ਾਨ ਨਹੀਂ ਦਿੱਸਣਾ ਚਾਹੀਦਾ; ਅਗਰ ਪੇਸਟ ਬਹੁਤਾ ਹੀ ਸੰਘਣਾ ਹੋਵੇ ਤਾਂ ਇਸ ਵਿਚ ਸੋਇਆ ਦਾ ਦੁੱਧ ਜਾਂ ਗਾਜਰ ਦਾ ਜੂਸ ਪਾਇਆ ਜਾ ਸਕਦਾ ਹੈ। ਤੁਹਾਡਾ ਕੈਂਸਰ ਦਾ ਫਾਰਮੂਲਾ ਤਿਆਰ ਹੈ। ਹੁਣ ਇਸ ਵਿਚ ਮਰਜ਼ੀ ਅਨੁਸਾਰ ਬਦਾਮ, ਅਖ਼ਰੋਟ, ਕਾਜੂ ਆਦਿਕ ਦੇ ਚੂਰੇ ਦਾ ਇੱਕ-ਡੇਢ ਚਮਚਾ ਮਿਲਾਵੋ; ਸੇਬ, ਨਾਸ਼ਪਾਤੀ, ਬਲਿਊ ਬੈਰੀ, ਆੜੂ, ਅਲੂਚਾ (ਪਲੱਮ) ਜਾਂ ਆਪਣੀ ਪਸੰਦ ਦੇ ਕੋਈ ਵੀ ਹੋਰ ਫਰੂਟ ਥੋੜ੍ਹੀ-ਥੋੜ੍ਹੀ ਮਾਤਰਾ 'ਚ ਬਰੀਕ-ਬਰੀਕ ਕੱਟ ਕੇ ਸੁੱਟ ਲਵੋ। ਜਿਨ੍ਹਾਂ ਲੋਕਾਂ ਨੂੰ ਸ਼ੂਗਰ/ਕੈਂਸਰ ਦੀ ਸ਼ਿਕਾਇਤ ਹੈ, ਉਹ ਦਿਹਾੜੀ 'ਚ ਦੋ ਵਾਰੀ; ਤੇ ਜਿਨ੍ਹਾਂ ਨੇ ਇਨ੍ਹਾਂ ਬੀਮਾਰੀਆਂ ਤੋਂ ਬਚਣ ਦਾ ਅਗਾਊਂ ਇੰਤਜ਼ਾਮ ਕਰਨਾ ਹੈ, ਉਹ ਸਵੇਰੇ ਇੱਕ ਵਾਰੀ ਖਾਣ। ਇਹ ਫਾਰਮੂਲਾ ਬਣਾਉਣ ਵੇਲੇ ਯਾਦ ਰੱਖੋ ਕਿ ਫ਼ਰੂਟ ਤਾਂ ਰਾਤ ਨੂੰ ਕੱਟ ਕੇ ਰੱਖੇ ਜਾ ਸਕਦੇ ਨੇ, ਮਗਰ ਤੇਲ ਤੇ ਚੀਜ਼ (ਪਨੀਰ) ਨੂੰ ਹਰ ਰੋਜ਼ ਤਾਜ਼ਾ ਇੱਕ-ਜਾਨ ਕਰਨਾ ਹੈ ਅਤੇ ਵੀਹ-ਪੰਝੀ ਮਿੰਟਾਂ ਦੇ ਅੰਦਰ-ਅੰਦਰ ਸੇਵਨ ਕਰ ਲੈਣਾ ਹੈ।

ਮੈਨੂੰ ਫ਼ੋਨ ਸਿਰਫ਼ ਉਸੇ ਹਾਲਤ 'ਚ ਕਰਨਾ ਹੈ, ਅਗਰ ਕਿਸੇ ਗੱਲ ਦੀ ਸਮਝ ਨਾ ਲੱਗੇ ਕਿਉਂਕਿ ਮੈਂ ਆਪਣੀ ਜ਼ਿੰਦਗੀ ਦੇ ਰੁਝੇਵਿਆਂ 'ਚ ਬਹੁਤ ਖੁੱਭਿਆ ਹੋਇਆ ਹਾਂ।

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲUSA





ਸ੍ਰੀ ਹਰਿਮੰਦਰ ਸਾਹਿਬ

ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ 1563 ਈ: ਨੂੰ ਚੌਥੇ ਗੁਰੂ ਸ੍ਰੀ ਗੁਰੂ ਸ੍ਰੀ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਭਾਨੀ ਸੀ। ਇਹ ਸਥਾਨ ਬਿਆਸ ਦਰਿਆ ਦੇ ਕੰਢੇ ਹੈ। ਆਪ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ। ਆਪ ਬਹੁਤ ਹੀ ਸੂਝਵਾਨ ਸਨ, ਇਹੋ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਸੌਂਪੀ।

ਗੁਰਗੱਦੀ ਧਾਰਨ ਤੋਂ ਪਹਿਲਾਂ ਆਪ ਬਤੌਰ ਇੱਕ ਸਫ਼ਲ ਪ੍ਰਚਾਰਕ ਦਾ ਕੰਮ ਕਰ ਚੁੱਕੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਜਨਮ ਅਸਥਾਨ ਲਾਹੌਰ ਵਿਖੇ ਬਹੁਤਾ ਸਮਾਂ ਨਾ ਰਹਿ ਸਕੇ ਪਰ ਉਨ੍ਹਾਂ ਨੇ ਆਪ ਨੂੰ ਇੱਥੇ ਪ੍ਰਚਾਰ ਕਰਨ ਲਈ ਭੇਜਿਆ। ਲਾਹੌਰ ਉਸ ਸਮੇਂ ਸੂਬਾਈ ਰਾਜਧਾਨੀ ਹੋਣ ਕਰਕੇ ਬਹੁਤ ਪ੍ਰਸਿੱਧੀ ਵਾਲਾ ਸ਼ਹਿਰ ਸੀ। ਇੱਥੇ ਹੀ ਆਪ ਜੀ ਨੇ ਸ਼ਬਦ ਹਜ਼ਾਰੇ ਆਪਣੇ ਪਿਤਾ ਜੀ ਨੂੰ ਚਿੱਠੀਆਂ ਦੇ ਰੂਪ ਵਿਚ ਭੇਜੇ, ਜੋ ਕਿ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ।

ਆਪ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ। ਮਸੰਦਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਸੰਗਤਾਂ ਪਾਸ ਦਸਵੰਧ ਉਗਰਾਹ ਕੇ ਆਪ ਪਾਸ ਜਮਾਂ ਕਰਾਉਣ ਤਾਂ ਜੋ ਲੰਗਰ ਅਤੇ ਇਮਾਰਤਾਂ ਦੀ ਉਸਾਰੀ ਦਾ ਕੰਮ ਨਿਰਵਿਘਨ ਚੱਲਦਾ ਰਹੇ। ਆਦਿ ਗ੍ਰੰਥ ਜਿਸ ਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਸੰਪਾਦਨਾ ਆਪ ਜੀ ਦੀ ਇੱਕ ਮਹਾਨ ਦੇਣ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਨੇ ਇਹ ਕੰਮ 1604 ਈ: ਵਿਚ ਮੁਕੰਮਲ ਕਰਕੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ। ਇਹ ਇੱਕ ਐਸਾ ਗ੍ਰੰਥ ਹੈ, ਜੋ ਕਿ ਸਭ ਧਰਮਾਂ ਦਾ ਸਾਂਝਾ ਹੈ। ਇਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਦੀ ਬਾਣੀ ਦਰਜ਼ ਹੈ। ਇਸ ਦਾ ਉਦੇਸ਼ ਚੌਂਹ ਵਰਣਾਂ ਲਈ ਸਾਂਝਾ ਹੈ।

ਬਾਣੀ ਰਾਗਾਂ ਵਿਚ ਹੈ। ਕੁੱਲ 30 ਰਾਗ ਹਨ। ਆਰੰਭ ਵਿਚ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਹੈ। ਹਰ ਰਾਗ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੌਵੀਂ ਪਾਤਸ਼ਹੀ ਦੀ ਬਾਣੀ ਬਾਦ ਵਿਚ ਦਰਜ ਕੀਤੀ। ਗੁਰੂਆਂ ਦੇ ਬਾਦ ਭਗਤਾਂ ਦੀ ਬਾਣੀ ਹੈ, ਜੋ ਕਿ ਸਮੇਂ ਅਨੁਸਾਰ ਦਰਜ਼ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿਚ ਫ਼ਰੀਦ ਜੀ, ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੈਣੀ ਜੀ ਸ਼ਾਮਿਲ ਹਨ। ਭਾਈ ਮਰਦਾਨਾ ਦੇ 3 ਸਲੋਕ ਦਿੱਤੇ ਗਏ ਹਨ।



ਗੁਰਦੁਆਰਾ ਤਰਨ ਤਾਰਨ ਸਾਹਿਬ



ਗੁਰਦੁਆਰਾ ਛੇਹਰਟਾ ਸਾਹਿਬ

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਵੱਲ ਆਪ ਨੇ ਧਿਆਨ ਦਿੱਤਾ। ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕਰਵਾਇਆ। ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ, ਜਿਨ੍ਹਾਂ ਦਾ ਗੁਰੂ ਘਰ ਨਾਲ ਮੇਲ ਮਿਲਾਪ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸੀ। ਇਹ ਸਥਾਨ ਸਿੱਖ ਕੌਮ ਲਈ ਇੱਕ ਅਜੂਬਾ ਬਣ ਗਿਆ। ਇਹ ਪਹਿਲਾ ਗੁਰਦੁਆਰਾ ਸੀ, ਜਿਸ ਦੀ ਉਸਾਰੀ ਗੁਰੂ ਸਾਹਿਬ ਦੀ ਦੇਖ-ਰੇਖ ਵਿਚ ਹੋਈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਲਈ ਆਲੀਸ਼ਾਨ ਦਰਸ਼ਨੀ ਡਿਊਢੀ ਬਣਾਈ। ਸ੍ਰੀ ਦਰਬਾਰ ਸਾਹਿਬ ਅੰਦਰ ਗੁਰਬਾਣੀ ਦਾ ਮਨੋਹਰ ਕੀਰਤਨ ਹੁੰਦਾ ਹੈ, ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੀ ਆਨੰਦ ਮਾਣ ਰਹੇ ਹਨ।

ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ 1590 ਈ. ਵਿਚ ਤਰਨਤਾਰਨ ਦਾ ਗੁਰਦੁਆਰਾ ਉਸਾਰਿਆ। ਇਸ ਵਿਚ ਗੁਰਦੁਆਰੇ ਦੀ ਇਮਾਰਤ ਸਰੋਵਰ ਦੇ ਇੱਕ ਪਾਸੇ ਹੈ। ਇਹ ਤਰਨਤਾਰਨ ਦੇ ਆਲੇ-ਦੁਆਲੇ ਦੀਆਂ ਸੰਗਤਾਂ ਲਈ ਇਹ ਕੇਂਦਰ ਬਣ ਗਿਆ। ਜਦ ਆਪ ਬਿਆਸ ਦਰਿਆ ਪਾਰ ਕਰਕੇ ਦੁਆਬੇ ਗਏ, ਤਾਂ ਆਪ ਨੇ ਇੱਕ ਨਵਾਂ ਕੇਂਦਰ ਕਰਤਾਰਪੁਰ 1594 ਈ. ਦੇ ਆਸ-ਪਾਸ ਵਸਾਇਆ ਤੇ ਗੁਰਦੁਆਰੇ ਦੀ ਸਥਾਪਨਾ ਕੀਤੀ।

ਗੁਰੂ ਜੀ ਵਡਾਲੀ ਵਿਖੇ ਕੁਝ ਜ਼ਮੀਨ ਲੈ ਕੇ ਆਪ ਨੇ ਖੇਤੀ ਕਰਵਾਈ। ਇੱਥੇ ਹੀ 1595 ਈ: ਵਿਚ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਦੀ ਖੁਸ਼ੀ ਵਿਚ ਆਪ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ। ਅਜਿਹੇ ਖੂਹ ਵਿਚ ਪੰਜਾਬ ਵਿਚ ਕੇਵਲ ਬਾਦਸ਼ਾਹ ਹੀ ਲਵਾਉਂਦੇ ਸਨ ਤੇ ਉਹ ਵੀ ਇੱਕ ਹਰਟ ਜਾਂ ਦੋ ਹਰਟਾਂ ਵਾਲਾ। ਇੱਕ ਹਰਟ ਨੂੰ ਗੇੜਨ ਲਈ ਇੱਕ ਬਲਦਾਂ ਦੀ ਜੋੜੀ ਹੁੰਦੀ ਸੀ ਜਾਂ ਇੱਕ ਊਠ ਨਾਲ ਉਸ ਨੂੰ ਗੇੜਿਆ ਜਾਂਦਾ ਸੀ। ਅੱਜਕੱਲ੍ਹ ਇੱਥੇ ਗੁਰਦੁਆਰਾ ਛੇਹਰਟਾ ਸਾਹਿਬ ਸਥਿਤ ਹੈ।

ਜ਼ਿਲ੍ਹਾ ਗੁਰਦਾਸਪੁਰ ਵਿਚ ਬਿਆਸ ਦਰਿਆ ਕੰਢੇ ਤਹਿਸੀਲ ਬਟਾਲਾ ਘੁਮਾਣ ਪਿੰਡ ਲਾਗੇ ਆਪਣੇ ਸਪੁੱਤਰ ਦੇ ਨਾਂ 'ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ। ਇਸ ਲਈ ਇੱਕ ਮੁਰੱਬਾ ਜ਼ਮੀਨ ਖਰੀਦੀ। ਲਾਹੌਰ ਵਿਚ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਬਾਉਲੀ ਲਗਵਾਈ।

ਆਪ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਅਰਬ ਮੁਲਕਾਂ ਵਿਚ ਭੇਜਿਆ, ਜਿਸ ਤੋਂ ਆਪ ਦੀ ਦੀਰਘ ਦ੍ਰਿਸ਼ਟੀ ਦਾ ਪਤਾ ਚੱਲਦਾ ਹੈ। ਆਪ ਵੱਲੋਂ ਬਾਦਸ਼ਾਹ ਅਕਬਰ ਪਾਸੋਂ ਕਿਸਾਨਾਂ ਦੇ ਲਗਾਨ ਮੁਆਫ਼ ਕਰਾਉਣ ਦਾ ਹਵਾਲਾ ਸਮਕਾਲੀ ਲੇਖਕ ਸੁਜਾਨ ਰਾਏ ਭੰਡਾਰੀ ਦੀ ਲਿਖਤ ਤੋਂ ਮਿਲਦਾ ਹੈ ਕਿ ਜਦ ਅਕਬਰ ਲਾਹੌਰ ਤੋਂ ਦੱਖਣ ਬਟਾਲੇ ਗਏ, ਜਿੱਥੇ ਕਿ ਮੁਸਲਮਾਨ ਫ਼ਕੀਰ ਤੇ ਹਿੰਦੂ ਸਨਿਆਸੀ ਦੀ ਲੜਾਈ ਕਰਕੇ ਮੰਦਰ ਢਾਹ ਦਿੱਤਾ ਗਿਆ। ਅਕਬਰ ਨੇ ਇਹ ਮੰਦਰ ਦੁਬਾਰਾ ਬਣਵਾਇਆ ਤੇ ਵਧੀਕੀ ਕਰਨ ਵਾਲਿਆਂ ਵਿਚੋਂ ਕਈ ਕੈਦ ਕਰ ਦਿੱਤੇ। ਫਿਰ ਅਕਬਰ ਗੁਰੂ ਅਰਜਨ ਦੇਵ ਜੀ ਦੇ ਸਥਾਨ ਪੁੱਜਾ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਨੇ ਗੁਰੂ ਜੀ ਦੇ ਕਹਿਣ 'ਤੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਕਿਉਂਕਿ ਅਨਾਜ ਸਸਤਾ ਹੋਣ ਕਰਕੇ ਕਿਸਾਨ ਏਨਾਂ ਲਗਾਨ ਨਹੀਂ ਦੇ ਸਕਦੇ ਸਨ।

ਆਪ ਨੇ ਗੁਰੂ ਨਾਨਕ ਰਾਹੀਂ ਸਥਾਪਤ ਕੀਤੇ ਗਏ ਸਿਧਾਂਤਾਂ ਨੂੰ ਸਿੱਖਾਂ ਦੇ ਮਨ ਵਿਚ ਵਸਾਇਆ। ਆਪ ਜੀ ਗੁਰਿਆਈ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਮਾਲਵੇ ਦੇ ਜੰਗਜੂ ਜੱਟ ਕਬੀਲਿਆਂ ਨੂੰ ਆਪ ਨੇ ਸਿੱਖ ਧਰਮ ਦੀ ਮੁੱਖ ਧਾਰਾ ਵਿਚ ਲਿਆਂਦਾ ਤੇ ਸਿੱਖਾਂ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਤੋਰਿਆ।

ਜਿੱਥੋਂ ਤੀਕ ਗੁਰੂ ਜੀ ਦੀ ਸ਼ਹਾਦਤ ਦਾ ਸੰਬੰਧ ਹੈ, ਉਸ ਬਾਰੇ ਵੱਖ-ਵੱਖ ਰਾਵਾਂ ਹਨ। ਸ਼ਾਂਤੀ ਦੇ ਪੁੰਜ ਤੇ ਸਬਰ-ਸੰਤੋਖ ਵਾਲੀ ਸ਼ਖਸੀਅਤ ਦੇ ਮਾਲਕ ਗੁਰੂ ਜੀ ਦਾ ਅੰਤ ਬਹੁਤ ਦੁੱਖਾਂਤਿਕ ਸੀ। ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਜੋ ਕਿ ਤੁਜ਼ਕੇ ਜਹਾਂਗੀਰੀ ਵਿਚ ਦਰਜ਼ ਹੈ, ਗੋਇੰਦਵਾਲ ਵਿਖੇ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਸਥਿਤ ਹੈ ਪੀਰ ਅਤੇ ਸ਼ੇਖ ਦੇ ਬੁਰਕੇ ਵਿਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਿਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਸਿੱਧੇ ਸਾਦੇ ਦਿਲ ਵਾਲੇ ਹਿੰਦੂ ਇੱਥੋਂ ਤੀਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿਚ ਚੱਲਦਾ ਆ ਰਿਹਾ ਹੈ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ ਚਾਹੀਦਾ ਹੈ॥

ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਾਂ ਹਿੰਦੂਆਂ ਨੇ ਬਾਦਸ਼ਾਹ ਨੂੰ ਛੱਡਣ ਲਈ ਅਪੀਲ ਕੀਤੀ। ਅਖ਼ੀਰ ਵਿਚ ਇਹ ਤਹਿ ਹੋਇਆ ਕਿ ਉਸ ਨੂੰ ਇੱਕ ਲੱਖ ਰੁਪਏ ਜੁਰਮਾਨੇ ਦੇ ਤੌਰ 'ਤੇ ਅਦਾ ਕਰਨੇ ਚਾਹੀਦੇ ਹਨ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜ਼ਮਾਨਤ ਦੇਣ ਪਿੱਛੋਂ ਕੀਤਾ ਗਿਆ। ਇਸ ਅਮੀਰ ਹਿੰਦੂ ਨਹੀਂ ਸੀ ਪਤਾ ਕਿ ਗੁਰੂ ਜੀ ਪਾਸ ਏਨੀ ਵੱਡੀ ਰਕਮ ਨਹੀਂ ਹੋ ਸਕਦੀ। ਇਸ ਅਮੀਰ ਹਿੰਦੂ ਦਾ ਨਾਂ ਚੰਦੂ ਸੀ। ਚੰਦੂ ਨੇ ਗੁਰੂ ਜੀ ਨੂੰ ਇਹ ਰਕਮ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਗੁਰੂ ਜੀ ਜੁਰਮਾਨਾ ਦੇਣਾ ਨਾ ਮੰਨੇ। ਗੁਰੂ ਜੀ ਨੂੰ ਕੜਕਦੀ ਧੁੱਪ ਵਿਚ ਕਿੱਲ੍ਹੇ ਦੇ ਇੱਕ ਬੁਰਜ਼ ਦੀ ਛੱਤ ਉੱਪਰ ਬਿਠਾਇਆ ਗਿਆ। ਉਨ੍ਹਾਂ ਦੇ ਹੇਠਾਂ ਅੱਗ ਵਾਂਗ ਤੱਪਦੀ ਤੱਤੀ ਰੇਤ ਰੱਖੀ ਗਈ। ਇਹ ਰੇਤ ਉਨ੍ਹਾਂ ਦੇ ਸਰੀਰ ਉੱਪਰ ਵੀ ਪਾਈ ਗਈ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਉਨ੍ਹਾਂ ਨੂੰ ਹੋਰ ਤੜਪਾਉਣ ਲਈ ਉਨ੍ਹਾਂ ਨੂੰ ਦਰਿਆ ਦੇ ਪਾਣੀ ਵਿਚ ਲਮਕਾਇਆ ਜਾਂਦਾ ਸੀ। ਰਾਵੀ ਦਰਿਆ ਉਸ ਸਮੇਂ ਲਾਹੌਰ ਕਿੱਲ੍ਹੇ ਦੀ ਕੰਧ ਨਾਲ ਹੀ ਵੱਗਦਾ ਸੀ, ਇੰਜ ਕਰਨ ਨਾਲ ਗੁਰੂ ਜੀ 30 ਮਈ 1606 ਈ: ਨੂੰ ਸ਼ਹੀਦ ਹੋ ਗਏ।

ਸਿੱਖ ਇਤਿਹਾਸ ਵਿਚ ਇਹ ਪਹਿਲੀ ਸ਼ਹਾਦਤ ਸੀ। ਇਸ ਪਿੱਛੋਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਝੜੀ ਲੱਗ ਗਈ। ਸ੍ਰੀ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਹਥਿਆਰਬੰਦ ਕਰਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਵਿਰੁਧ ਲੜਾਈਆਂ ਲੜੀਆਂ। ਸ. ਬੰਦਾ ਸਿੰਘ ਬਹਾਦਰ ਨੇ ਇਸ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਤੇ ਕਈ ਇਲਾਕੇ ਆਪਣੇ ਕਬਲੇ ਵਿਚ ਲਏ। ਸ. ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਦੁਨੀਆਂ ਦਾ ਨਕਸ਼ਾ ਬਦਲ ਦਿੱਤਾ। ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ ਵਿਚ ਇਹ ਸ਼ਹਾਦਤ ਵਿਸ਼ੇਸ਼ ਸਥਾਨ ਰੱਖਦੀ ਹੈ।

*-ਤ੍ਰ ਲੰ ਫ਼ : ਸ੍ਰੀ ਗੁਰੂ ਅਰਜਨ ਦੇਵ ਵਿਸ਼ੇਸ਼ ਅੰਕ (ਸੰਪਾ: ਸਰਬਜਿੰਦਰ ਸਿੰਘ), ਨਾਨਕ ਪ੍ਰਕਾਸ਼ ਪੱਤ੍ਰਿਕਾ ਜੂਨ 2006 ਅੰਕ ਪਹਿਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 2006*

## 19 ਜੂਨ ਨੂੰ ਸਥਾਪਨਾ ਦਿਵਸ ’ਤੇ ਵਿਸ਼ੇਸ਼


# ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਤੇ ਇਤਿਹਾਸਿਕ ਮਹੱਤਤਾ




-ਦਿਲਜੀਤ ਸਿੰਘ ਬੇਦੀ

ਮੋ: 76579-68570

ਪੰਜਾਬ ਮੇਲUSA

‘ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ’ ਅਨੁਸਾਰ ਜਿੱਥੇ-ਜਿੱਥੇ ਵੀ ਗੁਰੂ ਸਾਹਿਬਾਨ ਦੇ ਮੁਬਾਰਕ ਚਰਨ ਪਏ, ਉਹ ਥਾਵਾਂ ਪੂਜਣਯੋਗ ਹੋ ਗਈਆਂ। ਮਨੁੱਖਤਾ ਦੇ ਕਲਿਆਣ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾਉਣ ਦੀ ਪਰੰਪਰਾ ਤੋਰੀ। ਇਸ ਪਰੰਪਰਾ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ, ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਆਦਿ ਨਵੇਂ ਨਗਰਾਂ ਦਾ ਨਿਰਮਾਣ ਕਰਵਾਇਆ। ਇਸੇ ਪਰੰਪਰਾ ਨੂੰ ਕਾਇਮ ਰੱਖਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਿਵਾਲਿਕ ਦੀਆਂ ਰਮਣੀਕ ਵਾਦੀਆਂ ਵਿਚ ਨਵੇਂ ਨਗਰ ਚੱਕ ਨਾਨਕੀ ਦੀ ਨੀਂਹ ਰੱਖੀ, ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ੍ਰੀ ਅਨੰਦਪੁਰ ਸਾਹਿਬ ਦੀ ਇਹ ਸਰਜ਼ਮੀਂ ਧਰਤੀ ਦਾ ਉਹ ਟੁਕੜਾ ਹੈ, ਜਿਸ ਨੂੰ ਪੰਜ ਗੁਰੂ ਸਾਹਿਬਾਨ, ਪੰਜ ਗੁਰੂ-ਮਹਿਲਾਂ, ਪੰਜ ਪਿਆਰਿਆਂ ਅਤੇ ਚਾਰ ਸਾਹਿਬਜ਼ਾਦਿਆਂ ਦੀ ਚਰਨ ਛੋਹ ਪ੍ਰਾਪਤ ਹੋਈ।

ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਰਤੀ ਪੰਜਾਬ ਦੀ ਪਵਿੱਤਰ ਭੂਮੀ ’ਤੇ ਸੁਭਾਇਮਾਨ ਹੈ। ਸ਼ਿਵਾਲਕ ਪਹਾੜਾਂ ਦੇ ਮੁੱਢ ਵਿਚ ਹੋਣ ਕਰਕੇ ਅਤੇ ਸਤਲੁਜ ਦਰਿਆ ਦੇ ਐਨ ਕੰਢੇ ਉਪਰ ਦੀ ਸਥਿਤੀ ਨੇ ਇਸ ਦੇ ਬਾਹਰੀ ਦ੍ਰਿਸ਼ ਨੂੰ ਬਹੁਤ ਹੀ ਰੌਚਿਕ ਅਤੇ ਦਿਲ ਖਿੱਚਵਾਂ ਬਣਾਇਆ ਹੋਇਆ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਉਪਰਲੀ ਇਮਾਰਤ ’ਤੇ ਖੜ੍ਹੋ ਕੇ ਆਲੇ-ਦੁਆਲੇ ਵੱਲ ਨਜ਼ਰ ਮਾਰਨ ਤੋਂ ਇਸ ਦੇ ਇਰਦ-ਗਿਰਦ ਇਕ ਐਸੀ ਪਹਾੜੀ-ਨੁਮਾ ਦੀਵਾਰ ਦੀ ਉੱਚਾਈ ਨਜ਼ਰ ਆਉਂਦੀ ਹੈ, ਜੋ ਇਸਨੂੰ ਸਾਰੇ ਇਲਾਕੇ ਨਾਲੋਂ ਕੱਟ ਕੇ ਇਕ ਖਾਸ ਕਿਸਮ ਦੀ ਭੂਗੋਲਿਕ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ। ਅਨੰਦਪੁਰ ਸਾਹਿਬ ਦੇ ਪਿੱਛੇ ਹਿਮਾਚਲ ਪ੍ਰਦੇਸ਼ ਦਾ ਪਹਾੜੀ ਇਲਾਕਾ ਅਤੇ ਇਸ ਦੇ ਸਾਹਮਣੇ ਪੰਜਾਬ ਦਾ ਮੈਦਾਨੀ ਇਲਾਕਾ ਇਸਦੀ ਕੁਦਰਤੀ ਸੁੰਦਰਤਾ ਨੂੰ ਹੋਰ ਵੀ ਜ਼ਿਆਦਾ ਵਧਾ ਰਿਹਾ ਹੈ। ਇਸ ਵਾਦੀ ਵਿਚਕਾਰ ਘਿਰਿਆ ਸੈਂਕੜੇ ਵਰਗ ਕਿਲੋਮੀਟਰਾਂ ਦਾ ਇਲਾਕਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨ-ਛੋਹ ਨਾਲ ਵਰੋਸਾਇਆ ਹੋਇਆ ਹੈ।

ਇਸ ਦੇ ਪੱਛਮ ਵੱਲ ਨੰਗਲ ਸ਼ਹਿਰ ਸਥਿਤ ਹੈ ਜਿਥੇ ਕਿ ਸਤਲੁਜ ਦਰਿਆ ਦੇ ਕੰਢੇ ’ਤੇ ਗੁਰਦੁਆਰਾ ਬਿਭੌਰ ਸਾਹਿਬ ਸੁਸ਼ੋਭਿਤ ਹੈ। ਇਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਰਚਨਾ ਕੀਤੀ ਸੀ। ਅਨੰਦਪੁਰ ਸਾਹਿਬ ਦੇ ਦੱਖਣ-ਪੂਰਬ ਵੱਲ ਅੱਠ ਕੁ ਕਿਲੋਮੀਟਰ ਦੀ ਵਿੱਥ ’ਤੇ ਸ੍ਰੀ ਕੀਰਤਪੁਰ ਸਾਹਿਬ ਦਾ ਪਵਿੱਤਰ ਅਸਥਾਨ ਸਥਿਤ ਹੈ। ਇਸ ਧਰਤ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਏ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਇਸ ਸੈਂਕੜੇ ਕਿਲੋਮੀਟਰਾਂ ਦੀ ਧਰਤੀ ਦਾ ਚੱਪਾ-ਚੱਪਾ ਖਾਲਸੇ ਦੇ ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਹੈ। ਇਸ ਧਰਤੀ ਨੇ ਅਨੇਕਾਂ ਉਤਰਾਅ-ਚੜ੍ਹਾਅ ਵੇਖੇ, ਅਨੇਕਾਂ ਭਿਆਨਕ ਲੜਾਈਆਂ ਵੇਖੀਆਂ ਅਤੇ ਦੁਸ਼ਮਣਾਂ ਹੱਥੋਂ ਸਮੇਂ-ਸਮੇਂ ’ਤੇ ਹੋਈਆਂ ਤਬਾਹੀਆਂ ਵੀ ਵੇਖੀਆਂ। ਪਰ ਇਥੇ ਸਦਾ ਕੇਸਰੀ ਨਿਸ਼ਾਨ ਸਾਹਿਬ ਅਸਮਾਨਾਂ ਦੇ ਖੁੱਲ੍ਹੇ ਅੰਬਰਾਂ ਵਿਚ ਝੂਲਦਾ ਰਿਹਾ ਹੈ। ਸਮੁੱਚਾ ਖਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੈ ਕਿਉਂਕਿ ਖਾਲਸਾ ਪੰਥ ਦਾ ਜਨਮ ਇਥੇ ਹੀ ਹੋਇਆ। ਇਹ ਪਵਿੱਤਰ ਅਸਥਾਨ ਖਾਲਸੇ ਦੀ ਜਨਮ-ਭੂਮੀ ਹੈ। ਖਾਲਸਾ ਪੰਥ ਦਾ ਹਰ ਮੈਂਬਰ ਗੁਰੂ ਗੋਬਿੰਦ ਸਿੰਘ ਨੂੰ ਪਿਤਾ, ਮਾਤਾ ਸਾਹਿਬ ਕੌਰ ਨੂੰ ਮਾਤਾ, ਜਨਮ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਦਾ ਮੰਨਦਾ ਹੈ।

ਇਸ ਮਹਾਨ ਅਤੇ ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਪਵਿੱਤਰ ਭੂਮੀ ਦੇ ਇਤਿਹਾਸ ’ਤੇ ਨਜ਼ਰ ਮਾਰਦੇ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ 1633-34 ਵਿਚ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਆ ਗਏ ਸਨ। ਉਹ ਇਥੇ ਆਪਣੇ ਅੰਤਿਮ ਸਮੇਂ (1644 ਈ.) ਤੱਕ ਰਹੇ। ਕੀਰਤਪੁਰ ਸਾਹਿਬ ਸਤਵੇਂ ਤੇ ਅੱਠਵੇਂ ਪਾਤਸ਼ਾਹ ਜੀ ਦਾ ਜਨਮ ਅਸਥਾਨ ਵੀ ਹੈ। ਇਥੇ ਹੀ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ। ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਵੀ 1664 ਈ. ਤੱਕ ਲਗਭਗ ਇਥੇ ਹੀ ਰਹੇ। 1664 ਈ. ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵੀ ਇਥੇ ਹੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਵਾਰਸ ਬਣੇ। ਬਾਬਾ ਗੁਰਦਿੱਤਾ ਜੀ ਤੇ ਬਾਬਾ ਸੂਰਜ ਮੱਲ ਜੀ ਦੇ ਪਰਿਵਾਰ ਵੀ ਇਥੇ ਹੀ ਵਸਦੇ ਰਹੇ।

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾ ਜਾਣ ਪਿੱਛੋਂ ਅਤੇ ਸ੍ਰੀ ਗੁਰੂ ਹਰਿਰਾਇ ਜੀ ਦੇ ਸੱਤਵੇਂ ਗੁਰੂ ਬਣਨ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਅਤੇ ਸੁਪਤਨੀ ਮਾਤਾ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਾਬਾ ਬਕਾਲਾ ਵਿਖੇ ਆ ਕੇ ਰਹਿਣ ਲੱਗ ਪਏ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 30 ਮਾਰਚ, 1664 ਨੂੰ ਜੋਤੀ ਜੋਤਿ ਸਮਾ ਗਏ ਸਨ। ਅਗਸਤ 1664 ਈ. ਨੂੰ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੰਭਾਲੀ ਗਈ। ਗੁਰਗੱਦੀ ਸੰਭਾਲਣ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਝੇ ਵਿਚਲੇ ਪਿੰਡਾਂ ਦੇ ਪ੍ਰਚਾਰ ਦੌਰਿਆਂ ਨੂੰ ਗਏ। ਇਨ੍ਹਾਂ ਦੌਰਿਆਂ ਉਪਰੰਤ ਆਪਣੇ ਪਰਿਵਾਰ ਸਮੇਤ ਮਈ 1665 ਈ. ਵਿਚ ਕੀਰਤਪੁਰ ਸਾਹਿਬ ਪਹੁੰਚ ਗਏ। ਅਜੇ ਗੁਰੂ ਸਾਹਿਬ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਪਹੁੰਚੇ ਹੀ ਸਨ ਕਿ ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਦਾ ਸੁਨੇਹਾ ਆ ਗਿਆ ਕਿ ਬਿਲਾਸਪੁਰ ਦੇ ਰਾਜਾ ਦੀਪ ਚੰਦ ਦਾ ਚਲਾਣਾ ਹੋ ਗਿਆ ਹੈ, ਤੁਸੀਂ ਪਰਿਵਾਰ ਸਮੇਤ ਭੋਗ ਦੀ ਰਸਮ ਸਮੇਂ ਉਚੇਚੇ ਤੌਰ ’ਤੇ ਜ਼ਰੂਰ ਪੁੱਜੋ। ਗੁਰੂ ਜੀ ਪਰਿਵਾਰ ਸਮੇਤ 13 ਮਈ 1665 ਈ. ਨੂੰ ਬਿਲਾਸਪੁਰ ਪਹੁੰਚੇ। ਰਾਣੀ ਚੰਪਾ ਨੇ ਉਨ੍ਹਾਂ ਦਾ ਬਹੁਤ ਆਦਰ-ਸਤਿਕਾਰ ਕੀਤਾ। ਇਥੇ ਹੀ ਗੱਲਾਂ-ਗੱਲਾਂ ਵਿਚ ਰਾਣੀ ਨੂੰ ਪਤਾ ਲੱਗਿਆ ਕਿ ਗੁਰੂ ਜੀ ਕੀਰਤਪੁਰ ਛੱਡ ਕੇ ਬਾਂਗਰ ਦੇ ਇਲਾਕੇ ਵਿਚ ਜਾ ਕੇ ਵਸਣਾ ਚਾਹੁੰਦੇ ਹਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਿਲਾਸਪੁਰ ਦੇ ਰਾਜ ਮਹਲ ਤੋਂ ਤੁਰਨ ਲੱਗੇ, ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਰੋਕ ਲਿਆ। ਰਾਣੀ ਚੰਪਾ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਾਤਾ ਨਾਨਕੀ ਜੀ ਦੇ ਪੈਰ ਫੜ ਲਏ ਅਤੇ ਅਰਜ਼ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਧਮਤਾਨ (ਬਾਂਗਰ ਦੇਸ਼) ਜਾਣ ਦੀ ਜਗ੍ਹਾ ਕਹਿਲੂਰ (ਬਿਲਾਸਪੁਰ) ਰਿਆਸਤ ਵਿਚ ਰਹਿਣ ਵਾਸਤੇ ਮਨਾਉਣ। ਰਾਣੀ ਚੰਪਾ ਨੇ ਆਖਿਆ ਕਿ ਉਹ ਗੁਰੂ ਸਾਹਿਬ ਦੀ ਨਿਗਰਾਨੀ ਵਿਚ ਹੀ ਰਹਿਣਾ ਚਾਹੁੰਦੀ ਹੈ ਅਤੇ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਸਾਹਿਬ ਦੀ ਜਗ੍ਹਾ ਕਿਤੇ ਹੋਰ ਨਵਾਂ ਨਗਰ ਵਸਾਉਣਾ ਚਾਹੁਣ, ਤਾਂ ਉਹ ਹੋਰ ਜਗ੍ਹਾ ਅਰਦਾਸ ਕਰਵਾਉਣ ਵਾਸਤੇ ਵੀ ਤਿਆਰ ਹੈ। ਰਾਣੀ ਚੰਪਾ ਦੇ ਜਜ਼ਬਾਤ ਅਤੇ ਪਿਆਰ ਨੂੰ ਵੇਖਦਿਆਂ ਮਾਤਾ ਨਾਨਕੀ ਜੀ ਨੇ ਗੁਰੂ ਸਾਹਿਬ ਨੂੰ ਕਹਿਲੂਰ ਰਿਆਸਤ ਤੋਂ ਦੂਰ ਨਾ ਜਾਣ ਲਈ ਮਨਾ ਲਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ ਪਰ ਉਨ੍ਹਾਂ ਨੇ ਰਾਣੀ ਚੰਪਾ ਤੋਂ ਨਵੇਂ ਨਗਰ ਵਾਸਤੇ ਮੁਫਤ ਜ਼ਮੀਨ ਲੈਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਲੋਦੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡਾਂ ਦੀ ਜ਼ਮੀਨ ਦਾ ਇਕ ਰਮਣੀਕ ਹਿੱਸਾ ਚੁਣਿਆ ਅਤੇ ਉਸ ਜ਼ਮੀਨ ਦੀ ਰਕਮ ਅਦਾ ਕੀਤੀ। ਰਾਣੀ ਚੰਪਾ ਨੇ ਉਸ ਰਕਮ ਨੂੰ ਬਖਸ਼ਿਸ਼ ਸਮਝ ਕੇ ਮਨਜ਼ੂਰ ਕਰ ਲਿਆ।

ਇਸ ਤਰ੍ਹਾਂ ਇਕ ਨਵਾਂ ਨਗਰ ਸਥਾਪਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਤੋਂ ਆ ਕੇ ਇਥੇ ਰਹਿਣ ਲੱਗ ਪਏ। ਭਾਈ ਸੰਤੋਖ ਸਿੰਘ ਨੇ ਚੱਕ ਨਾਨਕੀ ਨਗਰ ਵਿਚ ਵੱਖ-ਵੱਖ ਇਮਾਰਤਾਂ ਦੀ ਉਸਾਰੀ ਬਾਰੇ ਕਾਫੀ ਵੇਰਵੇ ਸਹਿਤ ਲਿਖਿਆ ਹੈ। ਇਸ ਨਗਰ ਦੀ ਸਥਾਪਨਾ ਕਰਕੇ ਇਥੇ ਭਾਂਤ-ਭਾਂਤ ਦੇ ਕਾਰੀਗਰ ਅਤੇ ਵਿਦਵਾਨ ਲੋਕਾਂ ਨੂੰ ਲਿਆ ਕੇ ਵਸਾਇਆ ਗਿਆ। ਸੰਗਤਾਂ ਦੇ ਠਹਿਰਨ ਲਈ ਇਕ ਸੁੰਦਰ ਧਰਮਸ਼ਾਲਾ ਬਣਾਈ ਗਈ।

ਇਸ ਧਰਮਸ਼ਾਲਾ ਦੀ ਅੰਦਰੋਂ ਸੁੰਦਰ ਚਿਤਰਕਾਰੀ ਕਰਨ ਲਈ ਨਿਪੁੰਨ ਕਾਰੀਗਰ ਬੁਲਾਏ ਗਏ। ਇਨ੍ਹਾਂ ਕਾਰੀਗਰਾਂ ਨੇ ਪੂਰੇ ਸ਼ੌਂਕ ਨਾਲ ਸ਼ਿਲਪ-ਕਲਾ ਨਾਲ ਇਸ ਦੀ ਬਾਹਰੀ ਦਿੱਖ ਨੂੰ ਬਹੁਤ ਦਿਲਖਿੱਚਵੀਂ ਬਣਾ ਦਿੱਤਾ ਸੀ। ਦਿਆਰ ਦੀ ਉਚ ਕੋਟੀ ਦੀ ਅਤੇ ਸੁਗੰਧੀਆਂ ਦੇਣ ਵਾਲੀ ਲੱਕੜ ਵਰਤੀ ਗਈ ਸੀ।

ਖ਼ੂਬਸੂਰਤ ਮਕਾਨ ਬਣਵਾਏ ਗਏ। ਲੋਕਾਂ ਦੀਆ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੁਕਾਨਾਂ ਖੁੱਲ੍ਹਵਾਈਆਂ ਗਈਆਂ। ਹਰ ਕਿਸਮ ਦੇ ਲੋਕ ਇਥੇ ਵੱਸਣ ਲੱਗੇ। ਸਹਿਜੇ-ਸਹਿਜੇ ਇਥੇ ਇਕ ਸੁੰਦਰ ਨਗਰ ਵੱਸ ਗਿਆ। ਪਰ ਇਥੇ ਗੁਰੂ ਸਾਹਿਬ ਜ਼ਿਆਦਾ ਸਮਾਂ ਨਾ ਰਹੇ। ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਬਹੁਤ ਲੰਮੇ ਸਮੇਂ ਤੋਂ ਗੁਰੂ ਸਾਹਿਬਾਨ ਦੇ ਦਰਸ਼ਨਾਂ ਤੋਂ ਵਾਂਝੀਆਂ ਰਹਿ ਰਹੀਆਂ ਸਨ। ਜਿਸ ਸਮੇਂ ਗੁਰੂ ਜੀ ਕੀਰਤਪੁਰ ਸਾਹਿਬ ਹੀ ਰਹਿ ਰਹੇ ਸਨ ਤਾਂ ਪੂਰਬ ਤੋਂ ਸਿੱਖ ਸੰਗਤਾਂ ਦਾ ਦਸਵੰਧ ਲੈ ਕੇ ਆਏ ਕੁਝ ਮੁਖੀ ਸਿੱਖਾਂ ਨੇ ਗੁਰੂ ਜੀ ਨੂੰ ਪੂਰਬੀ ਭਾਰਤ ਦੀ ਯਾਤਰਾ ’ਤੇ ਆਉਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਯਾਤਰਾ ਕਾਫੀ ਲੰਮੇਰੀ ਸੀ। ਗੁਰੂ ਜੀ ਨਵੰਬਰ 1665 ਈ. ਨੂੰ ਚੱਕ ਨਾਨਕੀ ਤੋਂ ਰਵਾਨਾ ਹੋਏ ਅਤੇ ਸਾਰੀ ਯਾਤਰਾ ਸੰਪੂਰਨ ਕਰਕੇ 29 ਮਾਰਚ 1672 ਈ. ਨੂੰ ਵਾਪਸ ਚੱਕ ਨਾਨਕੀ ਪਹੁੰਚੇ।

ਗੁਰੂ ਸਾਹਿਬ ਥੋੜ੍ਹਾ ਸਮਾਂ ਚੱਕ ਨਾਨਕੀ ਰੁਕਣ ਤੋਂ ਬਾਅਦ ਮੁੜ ਬਾਂਗਰ ਅਤੇ ਮਾਲਵਾ ਦੇਸ਼ ਦੇ ਇਲਾਕਿਆਂ ਦੇ ਦੌਰੇ ’ਤੇ ਰਵਾਨਾ ਹੋ ਗਏ। ਇਹ ਯਾਤਰਾ ਤਕਰੀਬਨ 1675 ਈ. ਦੇ ਮੱਧ ਵਿਚ ਖਤਮ ਹੋਈ ਅਤੇ ਗੁਰੂ ਸਾਹਿਬ ਵਾਪਸ ਚੱਕ ਨਾਨਕੀ ਪਹੁੰਚੇ। ਇਸ ਸਮੇਂ ਦੀ ਹਕੂਮਤ ਨੇ ਬੜੀ ਸਖਤ ਕਿਸਮ ਦਾ ਦੌਰ ਚਲਾਇਆ ਹੋਇਆ ਸੀ। ਕਸ਼ਮੀਰ ਵਿਚ ਜਿੰਨੀਂ ਵੀ ਹਿੰਦੂ ਆਬਾਦੀ ਸੀ, ਉਹ ਜ਼ਿਆਦਾ ਬ੍ਰਾਹਮਣ ਜਾਤੀ ਦੇ ਲੋਕਾਂ ਦੀ ਹੀ ਸੀ। ਇਨ੍ਹਾਂ ਬ੍ਰਾਹਮਣਾਂ ਨੂੰ ਤਿਲਕ, ਜੰਞੂ ਆਦਿ ਕੋਈ ਵੀ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਆਜ਼ਾਦੀ ਨਹੀਂ ਸੀ। ਕਸ਼ਮੀਰ ਦੇ ਗਵਰਨਰ ਨੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਅਨੁਸਾਰ ਇਨ੍ਹਾਂ ਪੰਡਿਤਾਂ ਨੂੰ ਕਤਲ ਕਰਾਉਣਾ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਹਕੂਮਤ ਇਸ ਗੱਲੋਂ ਖਫਾ ਸੀ ਕਿ ਇਹ ਬ੍ਰਾਹਮਣ ਇਸਲਾਮ ਦੀ ਬਜਾਏ ਸਿੱਖ ਧਰਮ ਵੱਲ ਕਿਉਂ ਰੁਚਿਤ ਹੋ ਰਹੇ ਹਨ। ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਇਨ੍ਹਾਂ ਬ੍ਰਾਹਮਣਾਂ ਨੇ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਅੱਗੇ ਧਰਮ ਦੀ ਰੱਖਿਆ ਲਈ ਫਰਿਆਦ ਕੀਤੀ। ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ, ਦਰਬਾਰ ਵਿਚ ਗੁਰੂ ਜੀ ਬ੍ਰਾਹਮਣ ਵਫਦ ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ ਤਾਂ ਬਾਲ ਗੋਬਿੰਦ ਜੀ ਵੀ ਉਥੇ ਆ ਗਏ। ਸਾਰੇ ਦਰਬਾਰ ਵਿਚ ਗੰਭੀਰ ਕਿਸਮ ਦੀ ਖਾਮੋਸ਼ੀ ਵੇਖ ਕੇ ਬਾਲ ਗੋਬਿੰਦ ਜੀ ਨੇ ਗੁਰੂ ਪਿਤਾ ਪਾਸੋਂ ਇਸਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਇਹ ਸਭ ਕੁਝ ਦੇਸ਼ ਵਿਚ ਹੋ ਰਹੇ ਜ਼ੁਲਮ ਕਰਕੇ ਹੈ। ਇਹ ਜ਼ੁਲਮ ਉਦੋਂ ਤੀਕ ਖਤਮ ਨਹੀਂ ਹੋਵੇਗਾ, ਜਦੋਂ ਤੀਕ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਨਹੀਂ ਦੇਵੇਗਾ। ਬਾਲ ਗੋਬਿੰਦ ਜੀ ਨੇ ਝੱਟ ਹੀ ਕਹਿ ਦਿੱਤਾ ਕਿ ਆਪ ਜੀ ਤੋਂ ਵੱਡਾ ਮਹਾਂਪੁਰਸ਼ ਕੌਣ ਹੈ? ਗੁਰੂ ਜੀ ਲਈ ਬਾਲ ਗੋਬਿੰਦ ਦਾ ਇਹ ਸੰਕੇਤ ਕਾਫੀ ਸੀ। ਸਿੱਟੇ ਵਜੋਂ ਗੁਰੂ ਜੀ ਹਿੰਦੋਸਤਾਨ ਦੇ ਬ੍ਰਾਹਮਣਾਂ ਦੀ ਸੁਤੰਤਰਤਾ ਲਈ ਮੱਘਰ ਸੁਦੀ ਪੰਚਮੀ ਸੰਮਤ 1732 ਬਿਕ੍ਰਮੀ ਨੂੰ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕਰ ਗਏ।

ਦਿੱਲੀ ਨੂੰ ਸ਼ਹਾਦਤ ਦੇਣ ਜਾਣ ਤੋਂ ਪਹਿਲਾਂ ਭਟ ਵਹੀ ਤਲੋਂਡਾ ਪਰਗਣਾ ਜੀਂਦ ਅਨੁਸਾਰ ‘ਸਾਵਨ ਪਰਬਿਸਟਾਂ ਅਠਵੇਂ ਕੇ ਦਿਹੁੰ ਗੁਰੂ ਗੋਬਿੰਦ ਦਾਸ ਜੀ ਕੋ ਗੁਰਗਦੀ ਕਾ ਟਿਕਾ ਦੇ ਕੇ ਦਿਲੀ ਦੀ ਤਰਫ ਜਾਣੇ ਕੀ ਤਿਆਰੀ ਕੀ ਸਾਥ ਦੀਵਾਨ ਸਤੀ ਦਾਸ ਮਤੀ ਦਾਸ ਰਸੋਈਆ ਬੇਟੇ ਹੀਰਾ ਨੰਦ ਛਿਬਰ ਕੇ ਦਿਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲੌਤ ਆਇਆ।’ ਗੁਰੂ ਕੀਆਂ ਸਾਖੀਆਂ ਵਿਚ ਲਿਖਿਆ ਹੈ, ‘ਸੰਮਤ ਸਤਰਾਂ ਸੈ ਬਤੀਸ ਸਾਵਨ ਪਰਬਿਸਟੇ ਅਠੀਕੇ ਦਿਹੁੰ ਗੁਰੂ ਜੀ ਕਥਾ ਦਰਬਾਰ ਹੋਆ ਦੀਵਾਨ ਦਰਗਾ ਮਲ ਸੇ ਬਚਨ ਕੀਆ ਤਿਆਰੀ ਕੀਜੀਏ ਹਮੇ ਗੋਬਿੰਦ ਦਾਸ ਕੋ ਗੁਰਿਆਈ ਦੇਨੀ ਹੈ। ਸਤਿਗੁਰੂ ਸਾਹਿਬਜ਼ਾਦੇ ਕੋ ਸ਼ਸਤਰ ਬਸਤਰ ਸਜਾਈ ਅਪਨੇ ਆਸਨ ’ਤੇ ਲਿਆਈ ਬਿਠਾਇਆ ਦੀਵਾਨ ਦਰਗਾਹ ਮਲ ਨੇ ਗੁਰਿਆਈ ਕੀ ਸਮੱਗਰੀ ਲਿਆਈ ਸਾਹਿਬਜ਼ਾਦੇ ਕੇ ਆਗੇ ਰਾਖ ਕੇ ਮੱਥਾ ਟੇਕਾ। ਬਾਬੇ ਬੁੱਢੇ ਕੇ ਸ੍ਰੀ ਰਾਮਕੋਇਰ ਨੇ ਨੰਨ੍ਹੀ ਅਵਸਥਾ ਮੇਂ ਸ੍ਰੀ ਗੋਬਿੰਦ ਦਾਸ ਭਾਲ ਮੈਂ ਚੰਦਨ ਕਾ ਟਿਕਾ ਕੀਤਾ। ਬਚਨ ਹੋਆ ਸਿਖੋਂ ਆਗੇ ਸੇ ਅਸਾਂ ਕੀ ਥਾਏ ਸ੍ਰੀ ਗੋਬਿੰਦ ਦਾਸ ਜੀ ਕੋ ਗੁਰੂ ਜਾਣਨਾ ਜੋ ਜਾਣੇਗਾ ਤਿਸ ਕੀ ਘਾਲ ਥਾਏ ਪਏਗੀ।’

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1675 ਈ. ਤੋਂ ਲੈ ਕੇ 1684-85 ਈ. ਤੱਕ ਦੇ ਤਕਰੀਬਨ 9-10 ਸਾਲ ਚੱਕ ਨਾਨਕੀ ਵਿਖੇ ਰਹੇ ਸਨ। ਇਥੇ ਹੀ ਗੁਰੂ ਦਸਮ ਪਾਤਸ਼ਾਹ ਨੇ ਸੁਤੰਤਰਤਾ ਦਾ ਪ੍ਰਤੀਕ ਰਣਜੀਤ ਨਗਾਰਾ ਤਿਆਰ ਕਰਵਾਇਆ। ਸਵੇਰੇ-ਸ਼ਾਮ ਹਰ ਰੋਜ਼ ਵਜਾਇਆ ਜਾਣ ਲੱਗਿਆ। ਨਗਰੀ ਵਿਚ ਖ਼ੂਬ ਰੌਣਕਾਂ ਹੋਣ ਲੱਗੀਆਂ। ਚੜ੍ਹਦੇ ਸਾਲ 1737 ਬਿਕ੍ਰਮੀ ਵਿਚ ਸਭ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਲਿਖ ਕੇ ਭੇਜੇ ਗਏ ਕਿ ਜੋ ਵੀ ਗੁਰੂ ਕਾ ਸਿੱਖ ਚੰਗੀ ਪੋਥੀ, ਵਧੀਆ ਘੋੜੇ ਅਤੇ ਸ਼ਸਤਰ ਲੈ ਕੇ ਦਰਬਾਰ ਵਿਚ ਹਾਜ਼ਰ ਹੋਵੇਗਾ, ਉਸ ਸਿੱਖ ’ਤੇ ਗੁਰੂ ਜੀ ਦੀ ਬੜੀ ਮਿਹਰ ਹੋਵੇਗੀ। ਸੰਮਤ 1739 ਵਿਸਾਖੀ ਕਾ ਮੇਲਾ ਲੱਗਿਆ। ਸੰਗਤਾਂ ਸਭ ਪਾਸੋਂ ਹੁੰਮ-ਹੁਮਾ ਕੇ ਪਹੁੰਚੀਆਂ। ਇਸੀ ਸਮੇਂ ਚੱਕ ਨਾਨਕੀ ਵਿਖੇ ਅਰਬੀ ਤੇ ਫਾਰਸੀ ਦੇ ਪ੍ਰਸਿੱਧ ਵਿਦਵਾਨ ਭਾਈ ਨੰਦ ਲਾਲ ਜੀ ਗੋਆ ਆਏ। ਇਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣੀਆਂ ਲਿਖਤਾਂ ਰੱਖੀਆਂ। ਗੁਰੂ ਜੀ ਨੂੰ ਬੰਦਗੀਨਾਮਾ ਸਭ ਤੋਂ ਚੰਗੀ ਲੱਗੀ ਤੇ ਇਸਦਾ ਨਾਮ ਜ਼ਿੰਦਗੀਨਾਮਾ ਰੱਖ ਦਿੱਤਾ ਅਤੇ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਸਿੱਖ ਬਣ ਗੁਰੂ ਜੀ ਪਾਸ ਹੀ ਰਹਿਣ ਲੱਗ ਪਏ। ਸੰਮਤ 1742 ਬਿਕ੍ਰਮੀ ਦੀ ਵਿਸਾਖੀ ’ਤੇ ਗੁਰੂ ਜੀ ਨੂੰ ਨਾਹਨ ਦੇ ਰਾਜੇ ਦਾ ਸੱਦਾ ਆਇਆ। ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਗੁਰੂ ਜੀ ਨੇ ਬਿਲਾਸਪੁਰ ਰਿਆਸਤ ਨੂੰ ਛੱਡ ਕੇ ਨਾਹਨ ਰਿਆਸਤ ਵਿਚ ਰਹਿਣ ਦਾ ਫੈਸਲਾ ਕੀਤਾ। ਨਾਹਨ ਦਾ ਇਲਾਕਾ ਕਹਿਲੂਰ ਰਿਆਸਤ ਨਾਲੋਂ ਜ਼ਿਆਦਾ ਸੁਰੱਖਿਅਤ ਸੀ। ਇਸ ਲਈ ਗੁਰੂ ਸਾਹਿਬ 1684 ਈ. ਵਿਚ ਚੱਕ ਨਾਨਕੀ ਤੋਂ ਨਾਹਨ ਲਈ ਰਵਾਨਾ ਹੋਏ ਅਤੇ ਪਾਉਂਟਾ ਸਾਹਿਬ ਰਹਿਣ ਲੱਗ ਪਏ। 1688 ਈ. ਨੂੰ ਭੰਗਾਣੀ ਦੀ ਜੰਗ ਹੋਈ, ਜਿਸ ਵਿਚ ਗੁਰੂ ਸਾਹਿਬ ਦੀ ਸ਼ਾਨਦਾਰ ਜਿੱਤ ਹੋਈ। ਇਸ ਜਿੱਤ ਤੋਂ ਤੁਰੰਤ ਪਿੱਛੋਂ ਹੀ ਗੁਰੂ ਸਾਹਿਬ ਚੱਕ ਨਾਨਕੀ ਆ ਗਏ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਪਰਤ ਆਉਣ ’ਤੇ ਇਸ ਨਗਰ ਦੀ ਨਵੇਂ ਸਿਰੇ ਤੋਂ ਸਥਾਪਨਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਸਾਲ ਗੁਰੂ ਸਾਹਿਬ ਨੇ ਚੰਗੇ-ਚੰਗੇ ਕਾਰੀਗਰ ਬੁਲਾ ਕੇ ਸ਼ਸਤਰਾਂ ਦਾ ਕਾਰਖਾਨਾ ਸਥਾਪਿਤ ਕੀਤਾ। ਬੰਦੂਕਾ, ਜੰਮੂਰੇ ਬਹੁਤ ਢਲਵਾਏ। ਅਨੇਕਾਂ ਪ੍ਰਕਾਰ ਦੇ ਤੀਰ ਜਮ੍ਹਾਂ ਕਰ ਲਏ। ਸੰਜੋਏ ਫੌਲਾਦੀ, ਚਿਰਾਨੇ, ਸ਼ੇਰ ਪੰਜੇ, ਤਲਵਾਰਾਂ, ਕਟਾਰ ਆਦਿ ਬਹੁਤ ਬਣਵਾਏ। 7 ਤੋਪਾਂ ਢਲਵਾਈਆਂ, ਜਿਨ੍ਹਾਂ ਵਿਚੋਂ ਹੁਣ ਵੀ 2 ਤੋਪਾਂ ਲਾਹੌਰ ਦੇ ਅਜਾਇਬ ਘਰ ਵਿਚ ਹਨ। ਅਨੰਦਗੜ੍ਹ ਨਾਮੀ ਜੰਗੀ ਕਿਲ੍ਹਾ ਬਣਵਾਇਆ। ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਬਾਉਲੀ ਬਣਵਾਈ ਗਈ। ਇਹ ਬਾਉਲੀ ਅਨੰਦਗੜ੍ਹ ਕਿਲ੍ਹੇ ਦੇ ਨਾਲ ਲਗਵੀਂ ਹੈ। ਜੰਗ ਦੇ ਮੌਕੇ ’ਤੇ ਇਸ ਬਾਉਲੀ ਵਿਚੋਂ ਹੀ ਪਾਣੀ ਦੀ ਵਰਤੋਂ ਹੁੰਦੀ ਸੀ। ਇਸਦੇ ਨਾਲ ਹੀ ਚਾਰ ਕਿਲ੍ਹੇ ਹੋਰ ਸਥਾਪਤ ਕੀਤੇ ਗਏ। ਇਹ ਸਨ ਕਿਲ੍ਹਾ ਲੋਹਗੜ੍ਹ ਸਾਹਿਬ, ਕਿਲ੍ਹਾ ਫਤਹਿਗੜ੍ਹ ਸਾਹਿਬ, ਕਿਲ੍ਹਾ ਹੋਲਗੜ੍ਹ ਸਾਹਿਬ ਅਗੰਮਪੁਰ ਅਤੇ ਕਿਲ੍ਹਾ ਤਾਰਾਗੜ੍ਹ ਸਾਹਿਬ ਤਾਰਾਪੁਰ।


1699 ਈ. ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ ਗਈ। ਜਿਸ ਅਸਥਾਨ ’ਤੇ ਇਸ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ਼ੋਭਾ ਦੇ ਰਿਹਾ ਹੈ। ਇਥੇ ਸਿੱਖ ਸੰਗਤਾਂ ਦਾ ਇਕ ਵਿਸ਼ਾਲ ਇਕੱਠ ਕੀਤਾ ਗਿਆ। ਇਸ ਇਕੱਠ ਵਿਚੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਅੰਮ੍ਰਿਤ ਤਿਆਰ ਕਰਕੇ ਪਹਿਲਾਂ ਪੰਜ ਪਿਆਰਿਆਂ ਨੂੰ ਛਕਾਇਆ ਗਿਆ ਸੀ, ਫਿਰ ਪੰਜ ਪਿਆਰਿਆਂ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਪਾਸੋਂ ਗੁਰੂ ਸਾਹਿਬ ਨੇ ਖੁਦ ਅੰਮ੍ਰਿਤ ਛਕਿਆ। ਪਿੱਛੋਂ ਸਭ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਗਿਆ ਅਤੇ ਮਸੰਦਾਂ ਦੀ ਪ੍ਰਥਾ ਅਤੇ ਸੰਸਥਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ।

ਅਗਸਤ 1700 ਈ. ਵਿਚ ਕਹਿਲੂਰ ਦੇ ਰਾਜੇ ਨੇ ਹੋਰ ਰਾਜਿਆਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਨੂੰ ਆ ਘੇਰਿਆ। ਅਗੋਂ ਗੁਰੂ ਸਾਹਿਬ ਦੀ ਅਗਵਾਈ ਹੇਠ ਖਾਲਸੇ ਨੇ ਪੂਰਾ ਡੱਟ ਕੇ ਮੁਕਾਬਲਾ ਕੀਤਾ। ਇਸ ਤਰ੍ਹਾਂ ਪੂਰੀ ਬਹਾਦਰੀ ਨਾਲ ਮੁਕਾਬਲਾ ਹੋਣ ਕਰਕੇ ਪਹਾੜੀ ਰਾਜੇ ਇਕ ਅਜੀਬ ਸ਼ਸ਼ੋਪੰਜ ਵਿਚ ਪੈ ਗਏ ਸਨ। ਉਹ ਨਾ ਤਾਂ ਘੇਰਾ ਚੁੱਕ ਸਕਦੇ ਸਨ ਅਤੇ ਨਾ ਹੀ ਘੇਰਾ ਹੋਰ ਲੰਮਾ ਕਰ ਸਕਦੇ ਸਨ। ਅਖੀਰ ਉਨ੍ਹਾਂ ਨੇ ਆਪਣੇ ਧਰਮ ਦੀਆਂ ਸਹੁੰਆਂ ਖਾ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇਕਰ ਉਹ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਦੇਣ, ਤਾਂ ਉਹ ਕੋਈ ਲੜਾਈ ਨਹੀਂ ਕਰਨਗੇ। ਗੁਰੂ ਸਾਹਿਬ ਪਹਾੜੀ ਰਾਜਿਆਂ ਦੀਆਂ ਕਸਮਾਂ ’ਤੇ ਯਕੀਨ ਕਰਕੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ 8 ਅਕਤੂਬਰ 1700 ਈ. ਨੂੰ ਨਿਰਮੋਹ ਗੜ੍ਹ ਚਲੇ ਗਏ। ਪਰ ਦੁਸ਼ਮਣ ਨੇ ਆਪਣੀਆਂ ਕਸਮਾਂ ਤੋੜ ਕੇ ਗੁਰੂ ਜੀ ’ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਇਸ ਹਮਲੇ ਨੂੰ ਪੂਰੀ ਤਰ੍ਹਾਂ ਪਛਾੜ ਦਿੱਤਾ। ਕਹਿਲੂਰ ਦੇ ਰਾਜੇ ਵਲੋਂ ਸਰਹਿੰਦ ਦੇ ਨਵਾਬ ਤੋਂ ਸਹਾਇਤਾ ਲੈ ਕੇ ਗੁਰੂ ਜੀ ’ਤੇ ਕੀਤਾ ਹਮਲਾ ਵੀ ਸਿੰਘਾਂ ਵੱਲੋਂ ਪਛਾੜ ਦਿੱਤਾ ਗਿਆ। ਇਸ ਤਰ੍ਹਾਂ ਨਿਰਮੋਹਗੜ੍ਹ ਅਤੇ ਇਸ ਦੇ ਇਰਦ-ਗਿਰਦ ਹੋਏ ਯੁੱਧਾਂ ਨੂੰ ਪਛਾੜ ਕੇ ਗੁਰੂ ਜੀ ਬਿਭੌਰ ਚਲੇ ਗਏ।

5-6 ਦਸੰਬਰ 1704 ਈ. ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਮਾਲਵੇ ਵੱਲ ਜਾਣ ਦੀ ਤਿਆਰੀ ਕਰ ਲਈ। ਖਾਲਸਾਈ ਲਸ਼ਕਰ ਗੁਰੂ ਜੀ ਦੀ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਕਮਾਂਡ ਹੇਠ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋ ਗਿਆ। ਇਸ ਰਵਾਨਗੀ ਵਿਚ ਦੁਸ਼ਮਣ ਨਾਲ ਖ਼ੂਨ-ਡੋਲਵੀਂ ਲੜਾਈ ਹੁੰਦੀ ਰਹੀ। ਸਰਸਾ ਨਦੀ ਦੇ ਕੰਢੇ ’ਤੇ ਦੁਸ਼ਮਣ ਅਤੇ ਸਿੰਘਾਂ ਵਿਚਕਾਰ ਅਸਾਵੀਂ ਤੇ ਘਮਸਾਨ ਦੀ ਜੰਗ ਹੋਈ। ਇਥੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਕਮਾਂਡ ਹੇਠ ਸਿੰਘਾਂ ਨੇ ਉਦੋਂ ਤਕ ਦੁਸ਼ਮਣ ਨੂੰ ਰੋਕੀ ਰੱਖਿਆ ਜਦੋਂ ਤੱਕ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਤੇ ਸਿੰਘ ਸਰਸਾ ਨੂੰ ਪਾਰ ਨਾ ਕਰ ਗਏ। ਸਰਸਾ ਨਦੀ ਪਾਰ ਕਰਨ ਸਮੇਂ ਗੁਰੂ ਜੀ ਦਾ ਸਾਰਾ ਪਰਿਵਾਰ ਮੁੱਖ ਲਸ਼ਕਰ ਨਾਲੋਂ ਵਿਛੜ ਗਿਆ।

# ਕਰੁਣਾਮਈ ਹਾਲਾਤਾਂ ਦੀ ਦਾਸਤਾਂ ਹੈ ਨਾਵਲ 'ਕਸਕ'

**ਪੁਸਤਕ ਪੜਚੋਲ**




ਤੇਜਿੰਦਰ ਚੰਡਿਹੋਕ
ਸਾਬਕਾ ਏ.ਐੱਸ.ਪੀ.- ਨੈਸ਼ਨਲ ਐਵਾਰਡੀ-
ਸੰਪਰਕ : 95010-00224
ਪੰਜਾਬ ਮੇਲ USA



ਡਾ. ਧਰਮਪਾਲ ਸਾਹਿਲ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ ਹੈ। ਸਾਹਿਤ ਜਗਤ ਵਿਚ ਨਾਮਣਾ ਖੱਟਣ ਵਾਲ਼ੇ ਇਸ ਲੇਖਕ ਦੀਆਂ ਹਿੰਦੀ ਅਤੇ ਪੰਜਾਬੀ ਸਾਹਿਤ ਵਿਚ ਅਨੇਕਾਂ ਪੁਸਤਕਾਂ ਵੱਖ-ਵੱਖ ਵਿਧਾਵਾਂ ਵਿਚ ਜਿਵੇਂ ਨਾਵਲ ਕਹਾਣੀ ਕਵਿਤਾ ਸਫਰਨਾਮੇ ਖੋਜ ਪੁਸਤਕਾਂ ਬਾਲ ਸਾਹਿਤ ਆਦਿ ਆਪਣਾ ਸਥਾਨ ਬਣਾ ਚੁੱਕੀਆਂ ਹਨ। ਕੰਢੀ ਏਰੀਏ ਦਾ ਵਸਨੀਕ ਲੇਖਕ ਪ੍ਰਿੰਸੀਪਲ ਦੇ ਜ਼ਿੰਮੇਵਾਰ ਅਹੁਦੇ ਤੋਂ ਸੇਵਾਮੁਕਤ ਹੋਇਆ ਹੈ।

ਹੱਥਲਾ ਨਾਵਲ 'ਕਸਕ' ਉਸ ਦਾ ਪੰਜਾਬੀ ਵਿਚ ਛੇਵਾਂ ਨਾਵਲ ਹੈ। ਇਹ ਨਾਵਲ 'ਤੜਪ ਦਰ ਤੜਪ' ਤੋਂ 'ਨੀਂ ਅੱਜ ਕੋਈ ਆਇਆ ਤੱਕ' ਦੇ ਵੱਖ-ਵੱਖ ਉਨੀਂ ਭਾਗਾਂ 'ਚ ਸਿਰਲੇਖਾਂ ਹੇਠ ਅੱਜ ਤੋਂ ਪੰਝਤਰ ਸਾਲ ਪਹਿਲਾਂ ਦੀ ਕਸਕ ਨੂੰ ਮਹਿਸੂਸ ਕਰਕੇ ਲਿਖਿਆ ਗਿਆ ਹੈ। ਨਾਵਲ ਦਾ ਨਿੱਠ ਕੇ ਪਾਠ ਕਰਦਿਆਂ ਪਾਠਕ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਨਾਵਲ ਦਾ ਆਰੰਭ ਉਨੀਂ ਸੌ ਸੰਤਾਲੀ ਦੀ ਭਾਰਤ-ਪਾਕਿ ਵੰਡ ਦੀ ਗੰਭੀਰਤਾ ਨਾਲ਼ ਸਿਰਜਨਾ ਕੀਤੀ ਗਈ ਹੈ। ਨਾਵਲ ਦਾ ਨਾਇਕ ਸ਼ਿਕੋਹ ਮਲਿਕ ਅਤੇ ਨਾਇਕਾ ਬੀਬੀ ਮੁਹੰਮਦ ਦਾ ਵਿਆਹ ਤੋਂ ਪੰਝਤਰ ਸਾਲ ਬਾਅਦ ਮਿਲਾਪ ਹੋਣਾ ਅਦਭੁੱਤ ਜਾਪਦਾ ਹੈ। ਨਾਵਲ ਦੀ ਕਹਾਣੀ ਵਿਚਲਾ ਬਿਰਤਾਂਤ ਦੂਜੇ ਪਾਤਰ ਪ੍ਰੋ. ਨੰਦਾ ਦੁਆਰਾ ਪੇਸ਼ ਕੀਤਾ ਗਿਆ ਹੈ, ਜਿਸ ਦਾ ਸੰਪਰਕ ਸ਼ਿਕੋਹ ਮਲਿਕ ਦੇ ਮਿੱਤਰ ਰਾਵਲ ਰਾਹੀਂ ਹੁੰਦਾ ਹੈ।

ਨਾਵਲ ਵਿਚ ਰਾਵਲ ਸਿੰਘ ਅਤੇ ਸ਼ਿਕੋਹ ਮਲਿਕ ਦੀ ਦੋਸਤੀ ਬਹੁਤ ਗੂੜ੍ਹੀ ਸਿਰਜੀ ਗਈ ਹੈ। ਨਾਇਕ ਸ਼ਿਕੋਹ ਮਲਿਕ ਸਾਹਿਤਕ ਰੁਚੀ ਵਾਲਾ ਹੋਣ ਕਰਕੇ ਉਸ ਦੀ ਖ਼ਤੋ-ਖ਼ਿਤਾਬਤ ਵਿਚੋਂ ਸਾਹਿਤਕ ਖ਼ੁਸ਼ਬੂ ਆਉਂਦੀ ਹੈ। ਨਾਵਲ ਵਿਚ ਸਿਆਸਤ ਨੂੰ ਕੈਂਚੀ ਅਤੇ ਡਾਂਗ ਵਰਗੇ ਪ੍ਰਤੀਬਿੰਬ ਨਾਲ਼ ਪੇਸ਼ ਕੀਤਾ ਗਿਆ ਹੈ, ਜੋ ਜਨਮ ਜਮਾਂਤਰਾਂ ਦੇ ਰਿਸ਼ਤਿਆਂ ਦੇ ਬੰਧਨ ਨੂੰ ਕੱਟ-ਵੱਢ ਸੁੱਟ ਦਿੰਦੇ ਹਨ। ਡਾਂਗ ਤਾਂ ਪਾਣੀਆਂ ਨੂੰ ਵੀ ਵੰਡ ਦਿੰਦੀ ਹੈ। ਨਾਵਲ ਵਿਚ ਪ੍ਰੋ. ਨੰਦਾ ਦੀ ਜੀਵਨ ਸਾਥਣ ਦਾ ਸਦਾ ਲਈ ਵਿਛੋੜਾ ਅਤੇ ਸ਼ਿਕੋਹ ਮਲਿਕ ਦਾ ਇੱਕ ਆਸ ਤਹਿਤ ਵਿਛੋੜਾ ਅਸਹਿ ਤੇ ਅਕਹਿ ਹੈ। ਦੋਹਾਂ ਦਾ ਦਰਦ ਨਾਵਲ ਵਿਚ ਵਿਅਕਤ ਹੁੰਦਾ ਹੈ।

ਨਾਵਲ ਵਿਚ ਸੰਨ ਸੰਤਾਲੀ ਦੇ ਘਟਨਾਕ੍ਰਮ ਨੂੰ ਇਕ ਖਾਸ ਅੰਦਾਜ਼ ਪੇਸ਼ ਕਰਦਾ ਹੈ। ਭਾਰਤ ਪਾਕਿ ਦੀ ਸੰਤਾਲੀ ਵਿਚ ਹੋਈ ਵੰਡ ਜਿਸ ਨੂੰ ਅੱਜਕੱਲ੍ਹ ਦੀ ਪੀੜ੍ਹੀ ਨਹੀਂ ਜਾਣਦੀ ਪਰ ਨਾਵਲ ਪੜ੍ਹ ਕੇ ਮਹਿਸੂਸ ਕਰ ਸਕਦੀ ਹੈ। ਇੱਕ ਲੂੰ ਕੰਡੇ ਖੜ੍ਹੇ ਕਰਨ ਵਾਲੀ ਕਹਾਣੀ ਹੈ ਇਸ ਨਾਵਲ ਵਿਚ। ਅਸਲ ਵਿਚ ਉਸ ਸਮੇਂ ਦਾ ਦਰਦ ਸਿਰਫ ਉਹੀ ਲੋਕ ਸਮਝਦੇ ਹਨ, ਜਿਨ੍ਹਾਂ ਨੇ ਜਾਂ ਤਾਂ ਆਪਣੇ ਹੱਡੀਂ ਹੰਢਾਇਆ ਹੈ ਜਾਂ ਫਿਰ ਅੱਖੀਂ ਦੇਖਿਆ ਹੈ। ਪੁਰਾਣੀ ਪੀੜ੍ਹੀ ਦੇ ਉਸ ਸਮੇਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਨਾਵਲ ਇੱਕੋ ਹਾਲਾਤ ਨੂੰ ਦੋ ਪੱਖਾਂ ਵਿਚ ਚੱਲਦਾ ਹੈ। ਇੱਕ ਤਾਂ ਸੰਨ ਸੰਤਾਲੀ ਵਿਚ ਹੋਈ ਬੇਕਸੂਰ ਲੋਕਾਂ ਦੀ ਕਤਲੋ-ਗਾਰਤ ਅਤੇ ਦੂਜਾ ਵਿਛੋੜੇ ਦਾ ਦਰਦ। ਕਿੰਨੇ ਲੋਕਾਂ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਿਰ ਆਪਣੀਆਂ ਧੀਆਂ ਭੈਣਾਂ ਨੂੰ ਆਪ ਕਤਲ ਕੀਤਾ ਜਾਂ ਖੂਹਾਂ ਵਿਚ ਧੱਕੇ ਦੇ ਕੇ ਫਸਾਦੀਆਂ ਤੋਂ ਬਚਾਇਆ। ਇੱਕ ਦਰਦਨਾਕ ਹਾਲਾਤ ਜਦੋਂ ਆਪਣਾ ਸਾਰਾ ਕੁਝ ਉੱਥੇ ਹੀ ਛੱਡ ਕੇ ਆਉਣਾ ਪਿਆ।

ਦੂਜਾ ਸ਼ਿਕੋਹ ਮਲਿਕ ਅਤੇ ਬੀਬੀ ਮੁਹੰਮਦ ਦੀ ਵਿਹੁਤਾ ਪ੍ਰੇਮ ਕਹਾਣੀ ਜਿਸ ਦੀ ਕੜੀ ਪ੍ਰੋ. ਨੰਦਾ ਬਣਿਆ। ਨਾਇਕਾ ਦਾ ਬੀਬੀ ਮੁਹੰਮਦ ਤੋਂ ਮਨਜੀਤ ਕੌਰ ਤੱਕ ਦਾ ਸਫਰ ਦਿਲ ਟੁੰਬਣ ਵਾਲਾ ਹੈ। ਪੁਰਾਣੇ ਪੱਤਰਾਂ ਵਿਚ ਸ਼ਿਕੋਹ ਮਲਿਕ ਬੀਬੀ ਮੁਹੰਮਦ ਨੂੰ ਤੀਜੀ ਵਾਰੀ ਨਹੀਂ ਪੁਟੱਣਾ ਚਾਹੁੰਦਾ। ਉਸ ਸਮਝਦਾ ਹੈ ਕਿ ਪਹਿਲਾਂ ਉਹ ਆਪਣੇ ਮਾਂ-ਪਿਉ ਤੋਂ ਵਿਆਹ ਲਈ ਦੂਜੀ ਵਾਰੀ ਸ਼ਿਕੋਹ ਮਲਿਕ ਤੋਂ ਵਿਆਹ ਤੋਂ ਬਾਅਦ ਫਸਾਦਾਂ ਵੇਲੇ ਅਤੇ ਤੀਜੀ ਵਾਰ ਜਿੱਥੇ ਹੁਣ ਉਹ ਵਸਦੀ ਹੈ। ਫਸਾਦਾਂ ਸਮੇਂ ਸ਼ਿਕੋਹ ਦੀ ਪਤਨੀ ਬੀਬੀ ਮੁਹੰਮਦ ਨੂੰ ਖੋਹਿਆ ਗਿਆ ਸੀ ਪਰ ਆਸ ਨਜ਼ਰ ਆਉਂਦੀ ਸੀ ਕਿ ਕਿਸੇ ਸਮੇਂ ਮੁੜ ਮਿਲਾਪ ਹੋ ਸਕਦਾ ਹੈ। ਪਰ ਪ੍ਰੋ. ਨੰਦਾ ਦੀ ਪਤਨੀ ਰੇਸ਼ਮਾਂ ਤਾਂ ਸਦੀਵੀ ਵਿਛੋੜਾ ਦੇ ਗਈ ਹੈ। ਇਸ ਤਰ੍ਹਾਂ ਨਾਵਲ ਵਿਚ ਆਸ ਤੇ ਬੇਆਸ ਦੇ ਹਾਲਾਤ ਸਥਾਪਤ ਕੀਤੇ ਗਏ ਹਨ। ਨਾਵਲਕਾਰ ਇਨ੍ਹਾਂ ਦੋਹਾਂ ਮੁਲਕਾਂ ਦੇ ਦਰਦ ਨੂੰ ਪ੍ਰੋ. ਨੰਦਾ ਰਾਹੀਂ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਜਿਨ੍ਹਾਂ ਨੇ ਆਪਣੇ ਮੁਫਾਦ ਲਈ ਲੋਕਾਂ ਦਾ ਘਾਣ ਕੀਤਾ ਹੈ। ਪਤਾ ਨਹੀਂ ਕਿੰਨੀਆਂ ਬੀਬੀਆਂ ਮੁਹੰਮਦ ਅਤੇ ਸ਼ਿਕੋਹ ਮਲਿਕ ਵਰਗੇ ਨਾ ਮਾਲੂਮ ਬੇਗੁਨਾਹਾਂ ਦੇ ਅਰਮਾਨਾਂ ਦੀਆਂ ਲਾਸ਼ਾਂ 'ਤੇ ਸਿਆਸੀ ਰੋਟੀਆਂ ਸੇਕੀਆਂ ਹਨ।

ਨਾਵਲ ਵਿਚ ਪ੍ਰੋ. ਨੰਦਾ ਦੇ ਪੋਤਰੇ ਗਗਨਦੀਪ ਵਲੋਂ ਇੱਕ ਅਜਿਹੀ ਫਸਾਦੀ ਫ਼ਿਲਮ ਦੇਖਣਾ ਅਤੇ ਆਪਣੇ ਦਾਦੇ ਨੂੰ ਵੀ ਫ਼ਿਲਮ ਦੇਖਣ ਲਈ ਕਹਿਣਾ ਪਰ ਬਾਅਦ ਵਿਚ ਸੰਤਾਲੀ ਦੇ ਉਜਾੜੇ ਲਈ ਰੋਜ਼ਾਨਾ ਕਹਾਣੀਆਂ ਸੁਣਨੀਆਂ ਇੱਕ ਵੱਖਰਾ ਪੱਖ ਹੈ। ਪ੍ਰੋ. ਨੰਦਾ ਤਾਂ ਕਹਿੰਦਾ ਹੈ ਕਿ ਅਜਿਹੀਆਂ ਫ਼ਿਲਮਾਂ ਨਵੀਂ ਪੀੜ੍ਹੀ ਨੂੰ ਕੋਈ ਚੰਗੀ ਸੇਧ ਨਹੀਂ ਦੇ ਸਕਦੀਆਂ। ਦਾਦੇ-ਪੋਤਰੇ ਦੀ ਇਹ ਵਾਰਤਾ ਬਹੁਤ ਭਾਵੁਕਤਾ ਪੈਦਾ ਕਰਦੀ ਹੈ। ਫ਼ਿਲਮਾਂ ਦੇ ਕੱਚ-ਸੱਚ ਤੋਂ ਨੇਕੀ ਬਦਲੇ ਤੱਕ ਦਾਦੇ ਪੋਤਰੇ ਦੀ ਵਾਰਤਾ ਚਲਦੀ ਹੈ। ਗਗਨਦੀਪ ਵੱਲੋਂ ਪ੍ਰੋ. ਨੰਦਾ ਨੂੰ ਕੀਤੇ ਸਵਾਲ ਜਿਵੇਂ ਹਿੰਦੂ-ਮੁਸਲਮਾਨ ਅਲੱਗ-ਅਲੱਗ ਕਿਉਂ ਹੋਏ? ਧਰਮ ਕੀ ਹੁੰਦਾ ਹੈ? ਰੱਬ ਦੇ ਬਣਾਏ ਬੰਦੇ ਆਪਸ ਵਿਚ ਕਿਉਂ ਲੜਦੇ ਹਨ? ਕੈਂਪ ਕੀ ਹੁੰਦਾ ਹੈ? ਇਤਿਆਦਿ ਨਾਵਲ ਵਿਚਲੀ ਤੜਪ ਤਲਾਸ਼ ਯਥਾਰਥ ਹਉਮੈ ਹੰਕਾਰ ਮਜ਼ਬੀ ਜਨੂੰਨ ਵਹਿਸ਼ੀਪੁਣਾ ਜ਼ਮੀਰ ਈਮਾਨ ਅਤੇ ਇਨਸਾਨੀਅਤ ਦਾ ਹੁੰਗਾਰਾ ਭਰਦੇ ਹਨ।

ਇਹ ਹਾਲਾਤ ਫਕੀਰ ਸਿੰਘ ਅਤੇ ਨਾਜ਼ਰ ਸਿੰਘ ਵਰਗੇ ਬੰਦਿਆਂ ਨੂੰ ਕੈਂਪਾਂ ਵਿਚ ਪਾਗਲ ਕਰਦੇ ਹਨ। ਨਾਵਲ ਵਿਚ ਜਿੱਥੇ ਸੰਨ ਸੰਤਾਲੀ ਦੇ ਹਾਲਾਤਾਂ ਦੀ ਗੱਲ ਚਲਦੀ ਹੈ, ਉੱਥੇ ਪ੍ਰੋ. ਨੰਦਾ ਦੇ ਵਿਦਿਆਰਥੀਆਂ ਨੂੰ ਦਿੱਤੇ ਲੈਕਚਰ ਵਿਚ ਸੰਨ ਉਨੀਂ ਸੌ ਚੁਰਾਸੀ ਦੇ ਹਾਲਾਤਾਂ ਦਾ ਜ਼ਿਕਰ ਵੀ ਆਉਂਦਾ ਹੈ। ਨਵਾਲ ਦੱਸਦਾ ਹੈ ਕਿ ਸਿਰਫ ਬਾਣਾ ਬਦਲਣ ਨਾਲ਼ ਇਨਸਾਨ ਨਹੀਂ ਬਦਲ ਜਾਂਦਾ। ਜਿਵੇਂ ਬੀਬੀ ਮੁਹੰਮਦ ਇੱਕ ਮੁਸਲਮਾਨ ਧਰਮ ਤੋਂ ਅਮ੍ਰਿਤ ਛੱਕ ਕੇ ਸਿੰਘਣੀ ਸਜਦੀ ਹੈ ਅਤੇ ਬਾਣਾ ਬਦਲ ਲੈਂਦੀ ਹੈ ਪਰ ਬੇਸਿਕ ਤੌਰ 'ਤੇ ਉਹ ਮੁਸਲਮਾਨ ਧਰਮ ਦੀ ਅਨੁਯਾਈ ਹੈ। ਨਾਵਲ ਵਿਚ ਬੀਬੀ ਮੁਹੰਮਦ ਦੀ ਕਹਾਣੀ ਵੀ ਅਚੰਭਤਾ ਪੈਦਾ ਕਰਦੀ ਹੈ। ਫਸਾਦੀਆਂ ਤੋਂ ਬਚਾਉਣ ਵਾਲਾ ਰਣਜੀਤ ਸਿੰਘ ਜਿਹੜਾ ਸਿੱਖ ਪਰਿਵਾਰ ਨਾਲ਼ ਸਬੰਧ ਰੱਖਦਾ ਹੈ ਅਤੇ ਜਿਸ ਦਾ ਛੋਟਾ ਭਰਾ ਸ਼ਮਸ਼ੇਰ ਸਿੰਘ ਹੈ, ਜਿਹੜਾ ਇੰਗਲੈਂਡ ਰਹਿੰਦਾ ਹੈ। ਰਣਜੀਤ ਸਿੰਘ ਵਿਆਹਿਆ ਹੋਣ ਅਤੇ ਉਸ ਦੇ ਬੱਚੇ ਹੋਣ ਦੇ ਬਾਵਜੂਦ ਵੀ ਬੀਬੀ ਮੁਹੰਮਦ ਦਾ ਇਸਤੇਮਾਲ ਕਰਦਾ ਹੈ ਅਤੇ ਉਸਦੀ ਪਤਨੀ ਮਾਤਾ ਪਹਿਲਾਂ ਬੀਬੀ ਮੁਹੰਮਦ ਨਾਲ਼ ਨਫ਼ਰਤ ਕਰਦੀਆਂ ਹਨ, ਫਿਰ ਉਸ ਨੂੰ ਅਮ੍ਰਿਤ ਛਕਾ ਕੇ ਉਸ ਦਾ ਨਾਮਕਰਣ ਮਨਜੀਤ ਕੌਰ ਰੱਖਣ ਉਪਰੰਤ ਆਪਣੇ ਮੁਫਾਦ ਲਈ ਸ਼ਮਸ਼ੇਰ ਸਿੰਘ ਕੋਲ ਇੰਗਲੈਂਡ ਇਸ ਕਰਕੇ ਭੇਜਦੇ ਹਨ ਕਿਉਂਕਿ ਸ਼ਮਸ਼ੇਰ ਸਿੰਘ ਦੀ ਪਹਿਲੀ ਪਤਨੀ ਦੀ ਮੌਤ ਹੋਈ ਕਰਕੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਉਸ ਨਾਲ਼ ਵਿਆਹ ਕਰ ਦਿੰਦੇ ਹਨ। ਸ਼ਮਸ਼ੇਰ ਸਿੰਘ ਇੱਕ ਭਲਾ ਪਾਤਰ ਦਿਖਾਇਆ ਗਿਆ ਹੈ, ਜਿਹੜਾ ਬੀਬੀ ਮੁਹੰਮਦ ਉਰਫ ਮਨਜੀਤ ਕੌਰ ਉਰਫ ਜੀਤੋ ਬਣੀ ਦਾ ਬਹੁਤ ਧਿਆਨ ਰੱਖਦਾ ਹੈ। ਬੀਬੀ ਮੁਹੰਮਦ ਹੁਣ ਮਨਜੀਤ ਬਣਨ ਤੋਂ ਬਾਅਦ ਗੁਰੂ ਘਰ ਜਾਣ ਅਤੇ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੀ ਹੈ। ਇੱਥੇ ਰਣਜੀਤ ਸਿੰਘ ਅਤੇ ਸ਼ਮਸ਼ੇਰ ਸਿੰਘ ਦੋਨਾਂ ਭਰਾਵਾਂ ਵਿਚ ਜ਼ਮੀਨ-ਆਸਮਾਨ ਦਾ ਫਰਕ ਨਜ਼ਰ ਆਉਂਦਾ ਹੈ। ਸਬੱਬੀ ਮਨਜੀਤ ਉਰਫ ਬੀਬੀ ਮੁਹੰਮਦ ਅਤੇ ਸ਼ਮਸ਼ੇਰ ਸਿੰਘ ਦਾ ਇੰਗਲੈਂਡ ਤੋਂ ਸਮੇਤ ਪਰਿਵਾਰ ਭਾਰਤ ਆਉਣਾ ਪਿੰਡ ਵਿਚ ਸੱਭਿਆਚਾਰਕ ਸਮਾਗਮ ਹੋਣਾ ਬੀਬੀ ਮਨਜੀਤ ਅਤੇ ਸ਼ਮਸ਼ੇਰ ਦਾ ਉਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਾ ਸਟੇਜ ਤੇ ਸ਼ਮਸ਼ੇਰ ਸਿੰਘ ਮਨਜੀਤ ਕੌਰ ਅਤੇ ਤੀਜੇ ਵਿਅਕਤੀ ਪ੍ਰੋ. ਨੰਦਾ ਦਾ ਇਕੱਠਾ ਹੋਣਾ ਅਤੇ ਇਸੇ ਸਮਾਗਮ ਦੌਰਾਨ ਬੀਬੀ ਮੁਹੰਮਦ ਉਰਫ ਮਨਜੀਤ ਦਾ ਪੰਝਤਰ ਸਾਲ ਪਹਿਲਾਂ ਵਿਛੜੇ ਪਤੀ ਸ਼ਿਕੋਹ ਮਲਿਕ ਨਾਲ਼ ਮਿਲਾਪ ਨਾਵਲ ਵਿਚਲੀ ਕਸਕ ਨੂੰ ਬਿਆਨ ਕਰਦਾ ਹੈ। ਉਹ ਪਲ਼ ਬਹੁਤ ਭਾਵੁਕ ਹੁੰਦੇ ਹਨ, ਜਦੋਂ ਆਪਣੇ ਵਿਛੜਿਆਂ ਨਾਲ਼ ਮਿਲਾਪ ਹੁੰਦਾ ਹੈ ਅਤੇ ਅੱਖਾਂ ਛਲਕ ਪੈਂਦੀਆਂ ਹਨ। ਨਾਵਲ ਦੱਸਦਾ ਹੈ ਕਿ ਇਸ ਸੰਤਾਲੀ ਦੇ ਉਜਾੜੇ ਦੌਰਾਨ ਵੀਹ ਲੱਖ ਤੋਂ ਵੱਧ ਲੋਕ ਮਰੇ ਅਤੇ ਇੱਕ ਕਰੋੜ ਤੋਂ ਵੱਧ ਲੋਕ ਉਜੜੇ ਸਨ।

ਨਾਵਲ ਵਿਚ ਗੁਰਬਾਣੀ ਦੇ ਸ਼ਬਦ ਉਰਦੂ ਦੇ ਸ਼ਿਅਰ ਉਰਦੂ ਦੇ ਸ਼ਬਦਾਂ ਦੀ ਭਰਮਾਰ ਰਹੀ ਹੈ, ਜਿਵੇਂ ਦਰਯਾਫਤ ਫੇਹਰਿਸਤ ਸ਼ੋਹਰ ਸ਼ਿਕਸ਼ਤ ਮਸ਼ਗੂਲ ਆਦਿ ਆਮ ਪਾਠਕਾਂ ਨੂੰ ਸਮਝਣ ਵਿਚ ਦਿੱਕਤ ਆ ਸਕਦੀ ਹੈ। ਇੱਕ ਨਾਵਲ ਵਿਚ ਘਟਨਾ ਸਥਲ ਜਿੱਥੇ ਬੀਬੀ ਮੁਹੰਮਦ ਅਤੇ ਸ਼ਿਕੋਹ ਮਲਿਕ ਦਾ ਵਿਛੋੜਾ ਪਿਆ ਬਾਰੇ ਜਾਣਕਾਰੀ ਨਹੀਂ ਮਿਲੀ। ਨਾਵਲ ਵਿਚ ਕਈ ਥਾਈਂ ਸਬੰਧਤ ਫੋਟੋਆਂ ਵੀ ਛਾਪੀਆਂ ਹਨ।

ਇਸ ਨਾਵਲ ਲਈ ਨਾਵਲਕਾਰ ਇਸ ਲਈ ਵੀ ਵਧਾਈ ਦਾ ਪਾਤਰ ਹੈ ਕਿ ਉਸ ਨੇ ਭਾਰਤ ਪਾਕ ਦੀ ਸੰਤਾਲੀ ਦੀ ਵੰਡ ਨੂੰ ਬਹੁਤ ਰੌਚਕਤਾ ਅਤੇ ਕਲਾਮਈ ਢੰਗ ਨਾਲ਼ ਪਾਠਕਾਂ ਸਾਹਮਣੇ ਰੱਖਿਆ ਹੈ।

# ਘੜਿਆ ਵੇ ਮਿੱਟੀ ਦਿਆ ਘੜਿਆ...

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਸੰਪਰਕ : 98885-10185
ਪੰਜਾਬ ਮੇਲ USA



ਮਨੁੱਖ ਦੀ ਘੜੇ ਨਾਲ ਸਾਂਝ ਬਹੁਤ ਪੁਰਾਣੀ ਹੈ। ਇਸ ਸਾਂਝ ਦੇ ਮੁੱਢ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਤੋਂ ਜੁੜੀ ਚਲੀ ਆ ਰਹੀ ਹੈ। ਇਸ ਸਾਂਝ ਦੀ ਪੁਰਾਤਨਤਾ ਤੇ ਇਸਦੇ ਪਿਛੋਕੜ ਬਾਰੇ ਵੀ ਕੋਈ ਅਨੁਮਾਨ ਲਗਾਉਣਾ ਕਠਿਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਘੜਾ ਮਨੁੱਖ ਵੱਲੋਂ ਸਿਰਜੀ ਗਈ ਮਹੱਤਵਪੂਰਨ ਵਸਤੂ ਹੈ। ਘੜੇ ਦੀ ਸਿਰਜਣਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚੋਂ ਕੁਝ ਅਹਿਮ ਲੋੜਾਂ ਦੀ ਪੂਰਤੀ ਕਰਨ ਲਈ ਇਕ ਸੰਦ ਵਜੋਂ ਕੀਤੀ ਗਈ ਹੋਵੇਗੀ। ਘੜੇ ਦਾ ਮਨੁੱਖੀ ਸਮਾਜ ਤੇ ਲੋਕ ਸੱਭਿਆਚਾਰ ਵਿਚ ਇਸ ਹੱਦ ਤੱਕ ਮਹੱਤਵ ਪਾਇਆ ਜਾਂਦਾ ਹੈ ਕਿ ਉਹ ਮਹਿਜ਼ ਇਕ ਵਸਤੂ ਨਾ ਰਹਿ ਕੇ ਆਪਣੀ ਕਾਇਆ ਅੰਦਰ, ਆਪਣੀ ਰੂਪ ਬਣਤਰ ਅੰਦਰ, ਆਪਣੇ ਵਜੂਦ ਅੰਦਰ ਤੇ ਆਪਣੇ ਗੁਣਾਂ ਆਦਿ ਸਦਕਾ ਬਹੁਤ ਡੂੰਘੇ ਅਰਥ ਗ੍ਰਹਿਣ ਕਰ ਜਾਂਦਾ ਹੈ। ਇਸੇ ਲਈ ਮਨੁੱਖ ਘੜੇ ਨੂੰ ਬਹੁਅਰਥੀ ਪ੍ਰਤੀਕ ਦੇ ਤੌਰ 'ਤੇ ਸਵੀਕਾਰ ਕਰਦਾ ਆਇਆ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ "ਮਿੱਟੀ ਦੇ ਸਾਧਾਰਨ ਜਿਹੇ ਘੜੇ ਨਾਲ ਪੰਜਾਬੀਆਂ ਦੀ ਵੰਨ-ਸੁਵੰਨੀ ਸੱਭਿਆਚਾਰਕ ਪਛਾਣ ਤੇ ਲੋਕਧਾਰਾਈ ਪਹਿਲੂ ਜੁੜੇ ਹੋਏ ਹਨ। ਵਿਆਹ ਦੇ ਸਮੇਂ ਜਦੋਂ ਕੰਨਿਆ ਨੂੰ ਛੰਦੜੀਆਂ 'ਤੇ ਬਿਠਾਇਆ ਜਾਂਦਾ ਹੈ, ਤਾਂ ਉਸ ਕੋਲ ਤਿੰਨ ਘੜੋਲੀਆਂ ਰੱਖੀਆਂ ਜਾਂਦੀਆਂ ਹਨ। ਵਿਆਹ ਨਾਲ ਸਬੰਧਤ ਕੁਝ ਹੋਰ ਰੀਤਾਂ-ਰਸਮਾਂ ਜਿਹਾ ਕਿ ਘੜੋਲੀ ਭਰਨੀ, ਘੜਾ-ਘੜੋਲੀ ਖੇਡਣਾ ਆਦਿ ਵੇਲੇ ਘੜੇ ਤੇ ਜਲ ਦਾ ਹੀ ਸ਼ਗਨ ਕੀਤਾ ਜਾਂਦਾ ਹੈ। ਪੰਜਾਬੀ ਲੋਕਧਾਰਾ ਵਿਚ ਘੜਾ ਜੀਵ ਦੇ ਸਰੀਰ ਦਾ ਬੋਧ ਵੀ ਕਰਵਾਉਂਦਾ ਹੈ, ਟੁੱਟਾ ਘੜਾ ਕਾਲ ਦਾ ਚਿੰਨ੍ਹ ਹੈ।" (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ : 1277)। ਪ੍ਰੋ. ਜਲੌਰ ਸਿੰਘ ਖੀਵਾ ਅਨੁਸਾਰ- "ਸਾਧਾਰਨ ਅਰਥਾਂ ਵਿਚ ਘੜਾ ਮਿੱਟੀ ਤੋਂ ਤਿਆਰ ਕੀਤਾ ਹੋਇਆ ਅਜਿਹਾ ਭਾਂਡਾ ਹੈ, ਜਿਸਦੀ ਵਿਹਾਰਕ ਵਰਤੋਂ ਰਸੋਈ ਨਾਲ ਸਬੰਧਿਤ ਹੈ, ਪਰ ਕਲਾਤਮਿਕ ਤੇ ਦਾਰਸ਼ਨਿਕ ਪੱਖੋਂ 'ਘੜਾ' ਸ਼ਬਦ ਦੇ ਅਰਥ ਬਹੁਤ ਉਚੇਰੇ ਤੇ ਡੂੰਘੇਰੇ ਹਨ। ਕਲਾਤਮਿਕ ਪੱਖੋਂ ਇਹ ਕਿਸੇ ਕੁੰਭਕਾਰ ਦੀ ਸਿਰਜਣਾਤਮਿਕ ਤੇ ਸੁਹਜਾਤਮਿਕ ਸੂਝ ਦਾ ਕ੍ਰਿਸ਼ਮਾ ਹੈ।" ਘੜਾ ਅਤੇ ਘੜੇ ਦਾ ਪਾਣੀ ਬਹੁਤੀਆਂ ਹਾਲਤਾਂ ਵਿਚ ਬੇਸ਼ੱਕ ਹੁਣ ਸਮਾਜ ਦੇ ਕੁਝ ਹਿੱਸੇ ਦੇ ਜੀਵਨ ਦਾ ਭਾਗ ਨਹੀਂ ਰਿਹਾ, ਫਿਰ ਵੀ ਘੜੇ ਦਾ ਮਹੱਤਵ ਇਸ ਸਮਾਜ ਅਤੇ ਸੱਭਿਆਚਾਰ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਵਸਿਆ ਹੋਇਆ ਹੈ। ਘੜੇ ਦੇ ਪਰਿਵਾਰ ਵਿਚ ਮਟਕਾ, ਮੱਟੀ, ਝਾਰੀ, ਘੜੋਲੀ, ਮੱਟ, ਸੁਰਾਹੀ, ਘੜੀ, ਮੱਘੀ, ਝੱਜਰ, ਝੱਕਰਾ, ਚਾਟੀ, ਤੌੜੀ, ਕੁੱਜਾ, ਕੁੱਜੀ ਆਦਿ ਵੀ ਪਾਣੀ ਰੱਖਣ/ਸਾਂਭਣ ਵਾਲੇ ਮਿੱਟੀ ਦੇ ਬਰਤਨ ਹਨ। ਇਨ੍ਹਾਂ ਵਿਚੋਂ ਕਈ ਬਰਤਨਾਂ ਵਿਚ ਕੋਈ ਜਿਣਸ ਪਾ ਕੇ ਵੀ ਰੱਖ ਲਈ ਜਾਂਦੀ ਹੈ। ਘੜੇ ਦੇ ਬੋਲ-ਬਾਲੇ ਦਾ ਜ਼ਮਾਨਾ ਬੀਤ ਚੁੱਕਿਆ ਹੈ ਪਰ ਘੜਾ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਿਆ ਚਲਿਆ ਆ ਰਿਹਾ ਹੈ। ਪੰਜਾਬ ਦੀਆਂ ਲੋਕ ਗਾਥਾਵਾਂ ਵਿਚ ਘੜੇ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਆਇਆ ਹੈ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਘੜਾ ਇਕ ਪਾਤਰ ਵਜੋਂ ਪੇਸ਼ ਹੋਇਆ ਕਿਆਸਿਆ ਜਾਂਦਾ ਹੈ। ਕੱਚਾ ਘੜਾ ਆਪਣੇ ਨਾਲ ਡੂੰਘੇ ਅਰਥ ਜੋੜੀ ਬੈਠਾ ਹੈ।

* ਘੜਿਆ ਵੇ ਮਿੱਟੀ ਦਿਆ ਘੜਿਆ
ਤੂੰ ਚੜ੍ਹਿਆ ਢਾਕ ਮਹਿਬੂਬ ਦੀ ਕਿਹੜੀ ਆਸੇ?
* ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ...
* ਮੈਨੂੰ ਪਾਰ ਲੰਘਾ ਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ...
* ਨਦੀ ਆਰ ਸੋਹਣੀਏਂ
ਨਦੀ ਪਾਰ ਸੋਹਣੀਏਂ
ਘੜਾ ਚੁੱਕ ਲੈ ਦੰਦਾਂ ਦੇ
ਭਾਰ ਸੋਹਣੀਏਂ।
* ਥਾਲੀ ਉੱਤੇ ਥਾਲੀ, ਥਾਲੀ ਉੱਤੇ ਛੰਨਾ
ਘੜਾ ਦੰਦਾਂ ਨਾਲ ਚੁੱਕੇਂ
ਤੈਨੂੰ ਤਾਂ ਮਜਾਜਣ ਮੰਨਾ...

ਪੰਜਾਬੀ ਸੱਭਿਆਚਾਰ ਵਿਚ ਘੜਾ ਅਜਿਹੇ ਪ੍ਰਤੀਕ ਵਜੋਂ ਪੇਸ਼ ਹੁੰਦਾ ਆਇਆ ਹੈ, ਜਿਸ ਤੋਂ ਕਈ ਤਰ੍ਹਾਂ ਦੇ ਅਰਥਾਂ ਦਾ ਸੂਚਕ ਬਣ ਕੇ ਪ੍ਰਗਟ ਹੁੰਦਾ ਹੈ। ਘੜਾ ਮਨੁੱਖ ਨੂੰ ਆਪਣੀ ਮਿੱਟੀ ਦੀ ਅਵਸਥਾ ਤੋਂ ਲੈ ਕੇ ਟੁੱਟਣ ਤੱਕ ਵਿਭਿੰਨ ਅਰਥਾਂ ਦਾ ਬੌਧਿਕ ਬਣਦਾ ਹੈ। ਘੜਾ ਮਨੁੱਖ ਨੂੰ ਸੱਚੀ-ਸੁੱਚੀ ਜੀਵਨ ਜਾਚ ਨਾਲ ਜੁੜਨ ਦਾ ਸੰਕੇਤ ਦਿੰਦਾ ਹੈ। ਜੀਵਨ ਦੀ ਹਰੇਕ ਸਥਿਤੀ ਵਿਚ ਵਿਸ਼ੇਸ਼ ਕਰਕੇ ਦੁੱਖਾਂ ਦੇ ਸਮੇਂ ਕਸ਼ਟਦਾਇਕ ਸਥਿਤੀ ਵਿਚ ਵੀ ਹੌਂਸਲਾ ਨਾ ਹਾਰਨ ਦਾ ਸੰਦੇਸ਼ ਦਿੰਦਾ ਹੈ। ਮਨੁੱਖਾ ਜੀਵਨ ਵੀ ਤਾਂ ਹੈ ਹੀ ਘੜੇ ਦੀ ਨਿਆਈਂ! ਘੜੇ ਵਾਂਗ ਮਨੁੱਖ ਵੀ ਤਪਦਾ ਹੈ, ਘੜੇ ਵਾਂਗ ਮਨੁੱਖੀ ਸਰੀਰ ਵੀ ਨਾਸ਼ਵਾਨ ਹੈ। ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਘੜਾ ਮਨੁੱਖ ਦਾ ਸਾਥ ਨਿਭਾਉਂਦਾ ਹੈ। ਘੜਾ ਭੰਨ੍ਹਣ ਦੀ ਰਸਮ ਮਨੁੱਖੀ ਸਰੀਰ ਦੀ ਨਾਸ਼ਵਾਨਤਾ ਦਾ ਪ੍ਰਤੀਕ ਹੈ। ਕੱਚੇ ਘੜੇ ਨੇ ਸੋਹਣੀ ਨੂੰ ਅਮਰ ਬਣਾ ਦਿੱਤਾ ਹੈ। ਕੱਚਾ ਘੜਾ ਮਨੁੱਖ ਨੂੰ ਕਿਸੇ ਵਾਸਤੇ ਕੁਰਬਾਨੀ ਕਰਨ, ਨੇਕੀ ਕਮਾਉਣ, ਕਿਸੇ ਦੇ ਕੰਮ ਆਉਣ, ਕੀਤੇ ਹੋਏ ਕੌਲ-'ਕਰਾਰ ਨੂੰ ਨਿਭਾਉਣ ਦਾ ਪ੍ਰਤੀਕ ਬਣਦਾ ਹੈ। ਕੱਚਾ ਘੜਾ ਦਗ਼ਾ ਕਮਾਉਣ, ਧੋਖਾ ਦੇਣ ਦਾ ਪ੍ਰਤੀਕ ਬਣ ਕੇ ਵੀ ਉੱਭਰਦਾ ਹੈ।

ਪਛਵਾੜੇ ਖੂਹ ਮਾਹੀਆ
ਘੜਾ ਸਾਡਾ ਡੁੱਬਦਾ ਨਹੀਓਂ
ਸਾਡਾ ਤਰਸਦਾ ਰੂਹ ਮਾਹੀਆ...

ਪੰਜਾਬ ਦੀਆਂ ਕਈ ਲੋਕ ਕਹਾਣੀਆਂ ਵਿਚ ਘੜਾ ਮਹੱਤਵਪੂਰਨ ਤੇ ਉਪਯੋਗੀ ਵਸਤੂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਸਮਾਜ ਅਤੇ ਲੋਕ ਸਾਹਿਤ ਵਿਚ ਮਿੱਟੀ, ਘੜਾ, ਕੱਚਾ ਘੜਾ, ਤਿੜਕਿਆ ਘੜਾ, ਟੁੱਟਿਆ ਘੜਾ ਵਿਭਿੰਨ ਤਰ੍ਹਾਂ ਦੇ ਪ੍ਰਤੀਕਾਂ ਵਜੋਂ ਜਾਣਿਆ ਜਾਂਦਾ ਹੈ।



ਘੜਿਆਂ ਵਿਚ ਭਰ ਕੇ ਰੱਖੇ ਪਾਣੀ ਨੂੰ ਪੀਣ ਵਾਲੇ ਸਮੇਂ ਹੁਣ ਬੀਤੇ ਦੀ ਬਾਤ ਬਣ ਕੇ ਰਹਿ ਗਏ ਹਨ। ਪਿਛਲੇ ਕੁਝ ਸਾਲਾਂ ਤੋਂ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਕਰਨ ਵੱਲ ਲੋਕਾਂ ਦਾ ਰੁਝਾਨ ਮੁੜ ਵਧ ਰਿਹਾ ਹੈ। ਫਰਿੱਜ ਦੇ ਪਾਣੀ ਦੀ ਥਾਂ 'ਤੇ ਕੁਝ ਲੋਕ ਮਿੱਟੀ ਦੇ ਘੜੇ ਦਾ ਪਾਣੀ ਪੀਣ ਨੂੰ ਤਰਜੀਹ ਦੇਣ ਲੱਗੇ ਹਨ। ਕਈਆਂ ਨੂੰ ਡਾਕਟਰ ਮਿੱਟੀ ਦੇ ਘੜੇ ਵਿਚ ਰੱਖਿਆ ਪਾਣੀ ਪੀਣ ਦੀ ਸਲਾਹ ਦੇਣ ਲੱਗੇ ਹਨ। ਕਹਿੰਦੇ ਹਨ ਘੜੇ ਦਾ ਪਾਣੀ ਸਿਹਤ ਲਈ ਗੁਣਕਾਰੀ ਹੁੰਦਾ ਹੈ। ਵਿਗਿਆਨੀਆਂ ਅਨੁਸਾਰ ਜਦੋਂ ਮਿੱਟੀ ਪਾਣੀ ਦੇ ਸੰਪਰਕ ਵਿਚ ਆਉਂਦੀ ਹੈ, ਤਾਂ ਪ੍ਰਦੂਸ਼ਿਤ ਪਾਣੀ ਵਿਚਲੇ ਨਾਇਟਰੇਟ ਅੰਸ਼ ਵੱਖ ਹੋ ਜਾਂਦੇ ਹਨ। ਇਹ ਕੁਦਰਤੀ ਕਿਰਿਆ ਸਿਰਫ਼ ਘੜੇ ਦੇ ਪਾਣੀ ਵਿਚ ਹੀ ਹੁੰਦੀ ਹੈ। ਇਸ ਪੱਖ ਤੋਂ ਘੜੇ ਦਾ ਪਾਣੀ ਪੀਣ ਵਾਸਤੇ ਸ਼ੁੱਧ ਸਮਝਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਘੜੇ ਦੇ ਪਾਣੀ ਦੀ ਲਗਾਤਾਰ ਵਰਤੋਂ ਕਰਨ ਨਾਲ ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਹੁੰਦਾ ਹੈ। ਘੜੇ ਦਾ ਪਾਣੀ ਪੀਣ ਨਾਲ ਪਾਚਣ ਪ੍ਰਣਾਲੀ ਵੀ ਠੀਕ ਤੇ ਚੁਸਤ-ਦਰੁੱਸਤ ਰਹਿੰਦੀ ਹੈ। ਘੜੇ ਦਾ ਪਾਣੀ ਗਲੇ 'ਤੇ ਮਾੜਾ ਪ੍ਰਭਾਵ ਨਹੀਂ ਪਾਉਂਦਾ। ਘੜੇ ਦਾ ਪਾਣੀ ਕੁਦਰਤੀ ਤੌਰ 'ਤੇ ਠੰਢਾ ਹੁੰਦਾ ਹੈ ਤੇ ਕੁਦਰਤੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਸਮੇਂ ਦਾ ਗੇੜ ਅਤੇ ਵਕਤ ਦੀਆਂ ਲੋੜਾਂ ਕਾਰਨ ਹੁਣ ਮਿੱਟੀ ਦੇ ਭਾਂਡਿਆਂ ਦੀ ਥਾਂ 'ਤੇ ਰਸੋਈ ਵਿਚ ਸਟੀਲ, ਪਿੱਤਲ, ਨੌਨ-ਸਟਿਕ, ਅਲੂਮੀਨੀਅਮ ਤੇ ਹੋਰ ਧਾਤਾਂ ਦੇ ਬਰਤਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਬਜ਼ੁਰਗਾਂ ਅਨੁਸਾਰ ਮਿੱਟੀ ਦੇ ਭਾਂਡੇ ਵਿਚ ਜਮਾਏ ਗਏ ਦਹੀਂ ਨੂੰ ਗੁਣਾਂ ਦੇ ਹਿਸਾਬ ਨਾਲ ਬਿਹਤਰ ਸਮਝਿਆ ਜਾਂਦਾ ਹੈ। ਵੇਖਣ ਵਿਚ ਆਉਂਦਾ ਹੈ ਕਿ ਲੋਕ ਜੀਵਨ ਤੇ ਲੋਕ ਸਾਹਿਤ ਵਿਚ ਘੜੇ ਬਣਾਉਣ ਵਾਲੇ ਕਾਰੀਗਰ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਮਾਣ-ਸਤਿਕਾਰ ਵਜੋਂ ਉਸ ਨੂੰ ਸਿਰਜਕ ਕਿਹਾ ਜਾਂਦਾ ਹੈ। ਵਧੀਆ ਕਾਰੀਗਰ ਆਪਣੇ ਹੱਥੀਂ ਬਣਾਏ ਘੜਿਆਂ ਨੂੰ ਵੇਲ-ਬੂਟਿਆਂ, ਆਕ੍ਰਿਤੀਆਂ ਆਦਿ ਨਾਲ ਸਜਾਉਂਦੇ ਹਨ ਤੇ ਰੰਗਾਂ ਨਾਲ ਸ਼ਿੰਗਾਰਦੇ ਹਨ। ਹੁਣ ਘੜੇ ਤੇ ਮਿੱਟੀ ਦੇ ਹੋਰ ਬਰਤਨ ਬਣਾਉਣ ਵਾਲੇ ਕਾਰੀਗਰ ਘੱਟ ਰਹੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਉਚਿੱਤ ਮੁੱਲ ਨਹੀਂ ਮਿਲਦਾ। ਇਸੇ ਕਰਕੇ ਹੀ ਇਸ ਪਿਤਾ-ਪੁਰਖੀ ਲੋਕ ਕਿੱਤੇ ਨੂੰ ਨਵੀਂ ਪੀੜ੍ਹੀ ਅਪਣਾਉਣ ਤੋਂ ਮੂੰਹ ਮੋੜ ਰਹੀ ਹੈ।

ਹੁਣ ਦੇ ਸਮਿਆਂ ਵਿਚ ਵੀ ਗਰਮੀ ਦੇ ਮੌਸਮ ਵਿਚ ਘੜਿਆਂ ਦੀ ਮੰਗ ਵਧ ਜਾਂਦੀ ਹੈ। ਭਾਵੇਂ ਕਿ ਕਾਰੀਗਰਾਂ ਨੇ ਮਿੱਟੀ ਦੇ ਵਾਟਰ ਕੂਲਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਘੜੇਨੁਮਾ ਵਾਟਰ ਕੂਲਰਾਂ ਵਿਚੋਂ ਪਾਣੀ ਦੀ ਨਿਕਾਸੀ ਲਈ ਅਗਲੇ ਪਾਸੇ ਇਕ ਟੂਟੀ ਲਗਾ ਦਿੱਤੀ ਗਈ ਹੈ। ਉਂਜ ਕਾਰੀਗਰਾਂ ਦੀ ਘਾਟ ਕਾਰਨ ਇਸ ਕਿੱਤੇ ਨੂੰ ਢਾਹ ਲੱਗੀ ਹੈ, ਪਰ ਪੰਜਾਬੀ ਲੋਕ ਗੀਤਾਂ ਵਿਚ ਘੜੇ ਦੀ ਗੱਲ ਕਿਸੇ ਨਾ ਕਿਸੇ ਪ੍ਰਸੰਗ ਵਿਚ ਹੁੰਦੀ ਰਹਿਣੀ ਹੈ:

* ਲੋਕਾਂ ਦੀਆਂ ਕੁੜੀਆਂ ਤਾਂ ਦੋ ਦੋ ਘੜੇ ਚੁੱਕਦੀਆਂ
ਮੇਰਾ ਘੜਾ ਕਿਉਂ ਡੋਲਦਾ ਨੀਂ
ਮੇਰਾ ਮਾਹੀ ਬੰਗਲੇ ਵਿਚ ਬੋਲਦਾ ਨੀਂ...
* ਘੜਾ, ਘੜੇ 'ਤੇ ਮੱਘੀ ਵੇ ਜ਼ਾਲਮਾ
ਦਿਲ ਵਿਚ ਰੱਖਦਾ ਏਂ ਠੱਗੀ ਵੇ ਜ਼ਾਲਮਾ...
* ਖੂਹੇ 'ਤੇ ਆ ਮਾਹੀਆ
ਨਾਲੇ ਸਾਡੀ ਗੱਲ ਸੁਣ ਜਾ
ਨਾਲੇ ਘੜਾ ਵੀ ਚੁਕਾ ਮਾਹੀਆ...

ਘੜੇ ਬਣਾਉਣ ਵਾਲੀ ਮਿੱਟੀ ਅਤੇ ਕਾਰੀਗਰਾਂ ਦੀ ਘਾਟ ਕਾਰਨ ਇਸ ਕਿੱਤੇ ਨੂੰ ਬਹੁਤ ਢਾਹ ਲੱਗੀ ਹੈ। ਫਿਰ ਵੀ ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ, ਮਜ਼ਦੂਰਾਂ ਲਈ ਅਤੇ ਸਮਾਜ ਦੇ ਗਰੀਬ ਤੇ ਸਾਧਨ ਵਿਹੂਣੇ ਲੋਕਾਂ ਲਈ ਘੜਾ ਫਰਿੱਜ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਮਨੁੱਖੀ ਜੀਵਨ ਦੀ ਹੋਂਦ ਦਾ ਆਧਾਰ ਬਣਦੇ ਰਹੇ ਘੜੇ ਦਾ ਸਮਾਜਿਕ ਜੀਵਨ ਵਿਚ ਮਹੱਤਵ ਬੇਸ਼ੱਕ ਘੱਟ ਗਿਆ ਹੈ, ਫਿਰ ਮਨੁੱਖ ਦੀ ਘੜੇ ਨਾਲ ਪੁਰਾਣੀ ਸਾਂਝ ਦੀ ਗੱਲ ਕਿਸੇ ਨਾ ਕਿਸੇ ਪ੍ਰਸੰਗ ਵਿਚ ਚੱਲਦੀ ਰਹਿਣੀ ਹੈ। ਘੜੇ ਨੇ ਮਨੁੱਖ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵੱਸਦਿਆਂ ਰਹਿਣਾ ਹੈ। ਇਸੇ ਸੱਚ ਦੇ ਤੱਥ ਵਿਚ ਪੰਜਾਬੀ ਸੱਭਿਆਚਾਰ ਵਿਚ ਘੜੇ ਦੇ ਮਹੱਤਵ ਦਾ ਰਹੱਸ ਛੁਪਿਆ ਹੈ।

# ਤਬਦੀਲੀ ਦੀਆਂ ਲਹਿਰਾਂ: ਵਿਸ਼ਵ ਸਮੁੰਦਰ ਦਿਵਸ 2024






ਡਾ. ਸਰਬਜੀਤ ਸਿੰਘ
ਸਬ ਲੈਫਟੀਨੈਂਟ
1 ਪੰਜਾਬ ਨੇਵਲ ਯੂਨਿਟ ਐਨ.ਸੀ.ਸੀ.,
ਨੰਗਲ, 94176-26925
ਪੰਜਾਬ ਮੇਲ USA


ਵਿਸ਼ਵ ਪੱਧਰ ’ਤੇ ਹਰ ਸਾਲ 8 ਜੂਨ ਨੂੰ ਵਿਸ਼ਵ ਮਹਾਸਾਗਰ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਅਸੀਂ ਵੱਡੇ ਪੱਧਰ ’ਤੇ ਸਾਡੇ ਜੀਵਨ ਵਿਚ ਸਾਗਰਾਂ ਦੀ ਮਹੱਤਵਪੂਰਨ ਭੂਮਿਕਾ ਅਤੇ ਸਮਾਜ ਦੇ ਮਹੱਤਵਪੂਰਨ ਕਾਰਕਾਂ ਵਿਚ ਸਮੁੰਦਰ ਨੂੰ ਮਹੱਤਵ ਦੇਣ ਦੀ ਗੱਲ ਕਰਦੇ ਹਾਂ। ਇਸ ਤੋਂ ਇਲਾਵਾ ਅਸੀਂ ਸਮੁੰਦਰ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਉਂਦੇ ਹਾਂ, ਜਿਸ ਨਾਲ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਦੇ ਤੱਕ ਇਹ ਉਤਸ਼ਾਹ ਪੈਦਾ ਹੋਵੇ ਕਿ ਪਾਣੀ ਅਤੇ ਪਾਣੀ ਦੇ ਸਾਧਨ ਸਾਡੇ ਜ਼ਿੰਦਗੀ ਦਾ ਮਹੱਤਵਪੂਰਨ ਅੰਗ ਹਨ। ਵਿਸ਼ਵ ਸਮੁੰਦਰ ਦਿਨ ਦੇ ਅੰਤਰਗਤ 2024 ਵਿਚਲੇ ਥੀਮ, **ਬਦਲਾਅ ਦੀਆਂ ਲਹਿਰਾਂ**: ਸਮੁੰਦਰ ਲਈ ਸਮੂਹਿਕ ਯਤਨ ਹੈ, ਇਹ ਸ਼ੁਰੂਆਤ, ਸਾਡੇ ਸਮੁੰਦਰਾਂ ਨੂੰ ਦਰਪੇਸ਼ ਅਣਗਿਣਤ ਚੁਣੌਤੀਆਂ ਨੂੰ ਹੱਲ ਕਰਨ ਵਿਚ ਸਾਂਝੇ ਰੂਪ ਵਿਚ ਕੀਤੇ ਗਏ ਉਪਰਾਲਿਆਂ ਦੀ ਮਹੱਤਤਾ ਬਾਰੇ ਮਾਰਗ ਦਰਸ਼ਨ ਕਰੇਗਾ। ਇਸ ਥੀਮ ਦੇ ਅੰਤਰਗਤ ਸਾਡੇ ਸਮੁੰਦਰੀ ਖਜ਼ਾਨਿਆਂ ਦੀ ਰੱਖਿਆ ਅਤੇ ਉਨ੍ਹਾਂ ਦੀ ਪੁਨਰ ਬਹਾਲੀ ਕਰਨ ਲਈ ਦੁਨੀਆਂ ਭਰ ਦੇ ਵਿਅਕਤੀਆਂ, ਭਾਈਚਾਰਿਆਂ, ਸਰਕਾਰਾਂ ਅਤੇ ਸੰਸਥਾਵਾਂ ਦੇ ਸਹਿਯੋਗੀ ਯਤਨਾਂ ਦੀ ਸਮਕਾਲੀ ਸਥਿਤੀ ਅਤੇ ਭਵਿੱਖੀ ਯੋਜਨਾਵਾਂ ਬਾਰੇ ਗੱਲ ਕਰਨਾ ਹੈ। ਸਾਡੇ ਜੀਵਨ ਦੇ ਵਿਚ ਜਿਸ ਤਰ੍ਹਾਂ ਹੋਰ ਕਾਰਕਾਂ ਦੀ ਅਹਿਮੀਅਤ ਹੈ, ਉਵੇਂ ਹੀ ਸਮੁੰਦਰਾਂ ਦੀ ਵੀ ਬਹੁਤ ਵੱਡੀ ਅਹਿਮੀਅਤ ਹੈ। ਸਾਗਰ ਸਾਡੀ ਧਰਤੀ ਦੀ ਸਤਹਾ ਦੇ 70% ਤੋਂ ਵੱਧ ਖੇਤਰ ਨੂੰ ਢੱਕਦੇ ਹਨ ਅਤੇ ਧਰਤੀ ’ਤੇ ਜੀਵਨ ਨੂੰ ਕਾਇਮ ਰੱਖਣ ਲਈ ਬੁਨਿਆਦੀ ਭੂਮਿਕਾ ਨਿਭਾ ਰਹੇ ਹਨ। ਅਸੀਂ ਜੋ ਸਾਹ ਲੈਂਦੇ ਹਾਂ, ਇਸ ਵਿਚ ਕੁਦਰਤੀ ਜਲਵਾਯੂ ਦਾ ਬਹੁਤ ਵੱਡਾ ਯੋਗਦਾਨ ਹੈ ਅਤੇ ਸਮੁੰਦਰ ਇਸ ਜਲਵਾਯੂ ਦਾ ਮਹੱਤਵਪੂਰਨ ਹਿੱਸਾ ਹਨ। ਸਾਗਰ, ਜਲਵਾਯੂ ਅਤੇ ਮੌਸਮ ਦੇ ਢਾਂਚੇ ਨੂੰ ਸੰਤੁਲਿਤ ਕਰਦੇ ਹਨ ਅਤੇ ਜੈਵਿਕ ਵਿਭਿੰਨਤਾ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਸਮਰਥਨ ਕਰਦੇ ਹਨ। ਇਸ ਤੋਂ ਇਲਾਵਾ ਸਮੁੰਦਰ, ਅਰਬਾਂ ਲੋਕਾਂ ਲਈ ਭੋਜਨ, ਨੌਕਰੀਆਂ ਅਤੇ ਮਨੋਰੰਜਨ ਦੇ ਮੌਕੇ ਪ੍ਰਦਾਨ ਕਰਦੇ ਹਨ ਅਤੇ ਵਿਸ਼ਵ ਅਰਥਵਿਵਸਥਾ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਾਡੇ ਸਮੁੰਦਰ ਜੋ ਕਿ ਮਨੁੱਖਤਾ ਨੂੰ ਬਹੁਤ ਕੁਝ ਜੀਵਨ ਜਿਉਣ ਲਈ ਦੇ ਰਹੇ ਹਨ ਪਰ ਇਸਦੇ ਬਾਵਜੂਦ ਵੀ ਉਨ੍ਹਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੁੰਦਰ ਦੀ ਮਨੁੱਖੀ ਜ਼ਿੰਦਗੀ ਵਿਚ ਇੰਨੀ ਜ਼ਿਆਦਾ ਮਹੱਤਤਾ ਦੇ ਬਾਵਜੂਦ, ਮਨੁੱਖੀ ਗਤੀਵਿਧੀਆਂ ਕਰਕੇ ਇਹ ਗੰਭੀਰ ਖ਼ਤਰੇ ਵਿਚ ਹਨ। ਇਸ ਦੇ ਅੰਤਰਗਤ ਪ੍ਰਦੂਸ਼ਣ, ਜਲਵਾਯੂ ਪਰਿਵਰਤਨ, ਜ਼ਿਆਦਾ ਮੱਛੀ ਕਾਰੋਬਾਰ ਅਤੇ ਕੁਦਰਤੀ ਜੀਵਨ ਦੀ ਤਬਾਹੀ ਕੁਝ ਪ੍ਰਮੁੱਖ ਮੁੱਦੇ ਹਨ, ਜਿਨ੍ਹਾਂ ’ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਸਭ ਤੋਂ ਪਹਿਲਾਂ ਜੇਕਰ ਅਸੀਂ ਗੱਲ ਕਰੀਏ, ਤਾਂ ਪ੍ਰਦੂਸ਼ਣ ਬਹੁਤ ਵੱਡਾ ਮੁੱਦਾ ਹੈ। ਹਰ ਸਾਲ ਲੱਖਾਂ ਟਨ ਪਲਾਸਟਿਕ ਸਮੁੰਦਰਾਂ ਵਿਚ ਦਾਖਲ ਹੁੰਦਾ ਹੈ, ਸਮੁੰਦਰੀ ਜੀਵਨ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪਲਾਸਟਿਕ ਦੇ ਛੋਟੇ ਕਣ, ਭੋਜਨ ਲੜੀ ਵਿਚ ਸ਼ਾਮਲ ਹੁੰਦੇ ਹਨ ਹਨ ਅਤੇ ਸਮੁੰਦਰੀ ਜੀਵਾਂ ਅਤੇ ਮਨੁੱਖੀ ਸਿਹਤ ਦੋਵਾਂ ਨੂੰ ਪ੍ਰਭਾਵਿਤ ਕਰਦੇ ਹਨ। ਉਦਯੋਗਿਕ ਫੈਕਟਰੀਆਂ ਅਤੇ ਹੋਰ ਉਤਪਾਦਕਾ ਦੇ ਰਸਾਇਣ, ਜਲ ਮਾਰਗਾਂ ਰਾਹੀਂ ਸਮੁੰਦਰ ਤੱਕ ਪਹੁੰਚ ਜਾਂਦੇ ਹਨ, ਜਿਸ ਨਾਲ ਜਲ ਖੇਤਰਾਂ ਵਿਚ ਅਜਿਹੇ ਜ਼ੋਨ ਬਣ ਜਾਂਦੇ ਹਨ, ਜਿੱਥੇ ਸਮੁੰਦਰੀ ਜੀਵਨ ਜਿਉਂਦਾ ਨਹੀਂ ਰਹਿ ਸਕਦਾ। ਸਮੁੰਦਰਾਂ ਦੇ ਵਿਚ ਚੱਲ ਰਿਹਾ ਪੈਟਰੋਲੀਅਮ ਕਾਰੋਬਾਰ ਵੀ ਸਮੁੰਦਰੀ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਬਹੁਤ ਵਾਰੀ ਸਮੁੰਦਰ ਵਿਚ ਪੈਟਰੋਲੀਅਮ ਪਾਈਪਾਂ ਲੀਕ ਹੋ ਜਾਂਦੀਆਂ ਹਨ ਅਤੇ ਦੁਰਘਟਨਾ ਵਿਚ ਤੇਲ ਦੇ ਛਿੱਟੇ ਸਮੁੰਦਰੀ ਵਾਤਾਵਰਣ ਨੂੰ ਤਬਾਹ ਕਰ ਦਿੰਦੇ ਹਨ। ਜੰਗਲੀ ਜੀਵਨ ਅਤੇ ਜੰਗਲੀ ਜੀਵਾਂ ਦੇ ਸਥਾਨਾਂ ’ਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵਾਂ ਕਾਰਨ ਕੁਦਰਤੀ ਵਿਭਿੰਨਤਾ ਦਾ ਪ੍ਰਬੰਧ ਖਰਾਬ ਹੋ ਜਾਂਦਾ ਹੈ। ਵੱਧ ਰਹੇ ਤਾਪਮਾਨ ਕਰਕੇ ਕੋਰਲ ਬਲੀਚਿੰਗ ਹੁੰਦੀ ਹੈ। ਅਜਿਹੇ ਕਾਰਨਾਂ ਕਰਕੇ ਸਮੁੰਦਰੀ ਵਾਤਾਵਰਨ ਵਿਗੜਦਾ ਹੈ ਅਤੇ ਜੈਵਿਕ ਵਿਭਿੰਨਤਾ ਖਤਮ ਹੋ ਜਾਂਦੀ ਹੈ। ਪਾਣੀ ਵਿਚ ਗਲਤ ਤਰਲ ਪਦਾਰਥਾਂ ਦੀ ਵੱਧਦੀ ਮਾਤਰਾ, ਸਮੁੰਦਰਾਂ ਨੂੰ ਹੋਰ ਤੇਜ਼ਾਬੀ ਬਣਾ ਰਹੀ ਹੈ। ਵਿਸ਼ਵ ਪੱਧਰ ’ਤੇ ਵੱਧ ਰਹੇ ਤਾਪਮਾਨ ਕਰਕੇ ਬਰਫ ਦੇ ਗਲੇਸ਼ੀਅਰ ਪਿਘਲ ਰਹੇ ਹਨ, ਧਰੁਵੀ ਬਰਫ਼ ਦੇ ਪਿਘਲਣ ਨਾਲ ਸਮੁੰਦਰ ਵਿਚ ਪਾਣੀ ਦਾ ਪੱਧਰ ਵਧਣ ਕਾਰਣ, ਤੱਟਵਰਤੀ ਆਬਾਦੀ ਅਤੇ ਵਾਤਾਵਰਣ ਪ੍ਰਣਾਲੀਆਂ ਨੂੰ ਖ਼ਤਰਾ ਪੈਦਾ ਹੁੰਦਾ ਹੈ। ਸਮੁੰਦਰ, ਜਿੱਥੇ ਸਾਨੂੰ ਕੁਦਰਤੀ ਖਣਿਜ ਪਦਾਰਥ ਦਿੰਦਾ ਹੈ, ਉਥੇ ਹੀ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਮੱਛੀ ਫੜਨ ਦੇ ਜ਼ਿਆਦਾ ਕਾਰੋਬਾਰ, ਕਈ ਸਮੁੰਦਰੀ ਪ੍ਰਜਾਤੀਆਂ ਨੂੰ ਖਤਮ ਕਰਨ, ਭੋਜਨ ਦੇ ਚੱਕਰ ਨੂੰ ਵਿਗਾੜਨ ਅਤੇ ਜੈਵ ਵਿਭਿੰਨਤਾ ਨੂੰ ਘਟਾਉਣ ਦਾ ਕਾਰਨ ਬਣਿਆ ਹੈ। ਮੱਛੀ ਦੇ ਇਸ ਕਾਰੋਬਾਰ ਵਿਚ ਅੰਤਰਰਾਸ਼ਟਰੀ ਪੱਧਰ ’ਤੇ ਹੱਦਾਂ, ਸਰਹੱਦਾਂ ਦੀ ਵੀ ਉਲੰਘਣਾ ਹੁੰਦੀ ਹੈ, ਜੋ ਕਿ ਵਿਸ਼ਵ ਭਾਈਚਾਰੇ ਦੇ ਤੌਰ ’ਤੇ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਵੀ ਖਰਾਬ ਕਰਦੀ ਹੈ। ਵਿਸ਼ਵ ਸਮੁੰਦਰ ਦਿਵਸ ਦੇ ਇਸ ਸਾਲ ਦੇ ਥੀਮ, ਬਦਲਾਅ ਦੀਆਂ ਲਹਿਰਾਂ: ਸਮੁੰਦਰ ਲਈ ਸਮੂਹਿਕ ਯਤਨ:- ਦੇ ਅੰਤਰਗਤ ਇਨ੍ਹਾਂ ਗੁੰਝਲਦਾਰ ਮੁੱਦਿਆਂ ਨੂੰ ਹੱਲ ਕਰਨ ਲਈ ਸਮਾਜ ਦੇ ਸਾਰੇ ਪੱਧਰਾਂ ’ਤੇ ਸਹਿਯੋਗ ਅਤੇ ਵਚਨਬੱਧਤਾ ਦੀ ਲੋੜ ਹੁੰਦੀ ਹੈ। ਅੰਤਰਰਾਸ਼ਟਰੀ ਪੱਧਰ ’ਤੇ ਸਾਰੇ ਦੇਸ਼ਾਂ ਦੇ ਸਹਿਯੋਗ ਅਧੀਨ ਵਿਸ਼ਵ ਪੱਧਰ ਦੇ ਸਮਝੌਤੇ ਦੀ ਲੋਅ ਵਿਚ ਪੈਰਿਸ ਸਮਝੌਤਾ ਅਤੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਵਰਗੀਆਂ ਸੰਧੀਆਂ ਸਮੁੰਦਰੀ ਸੁਰੱਖਿਆ ਅਤੇ ਜਲਵਾਯੂ ਕਾਰਵਾਈ ਲਈ ਅੰਤਰਰਾਸ਼ਟਰੀ ਮਾਪਦੰਡ ਨਿਰਧਾਰਤ ਕਰਨ ਵਿਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੀਆਂ ਹਨ। ਵਿਸ਼ਵ ਪੱਧਰ ਦੇ ਸਮਝੌਤਿਆਂ ਦੇ ਅਧੀਨ ਸਮੁੰਦਰੀ ਸੁਰੱਖਿਅਤ ਖੇਤਰ ਦੀ ਸਥਾਪਨਾ ਅਤੇ ਲਾਗੂ ਕਰਨਾ, ਸਮੁੰਦਰੀ ਜੈਵ ਵਿਭਿੰਨਤਾ ਨੂੰ ਬਚਾਉਣ ਅਤੇ ਮੱਛੀ ਦੀ ਆਬਾਦੀ ਨੂੰ ਬਹਾਲ ਕਰਨ ਵਿਚ ਮਦਦ ਕਰਦਾ ਹੈ। ਇਸ ਸਬੰਧ ਵਿਚ ਦੇਸ਼ ਪੱਧਰ ’ਤੇ ਸਰਕਾਰੀ ਨੀਤੀਆਂ ਦੀ ਬਹੁਤ ਵੱਡੀ ਜ਼ਰੂਰਤ ਹੈ। ਸਥਾਈ ਰੂਪ ਵਿਚ ਮੱਛੀ ਦੇ ਕਾਰੋਬਾਰ ਨਾਲ ਸੰਬੰਧਿਤ ਨੀਤੀਆਂ ਨੂੰ ਲਾਗੂ ਕਰਕੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣਾ ਸਭ ਤੋਂ ਵੱਡੀ ਪਹਿਲਕਦਮੀ ਹੋ ਸਕਦੀ ਹੈ। ਪ੍ਰਦੂਸ਼ਣ ਦੇ ਕਾਰਕਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਅਤੇ ਰਸਾਇਣਕ ਵਹਾਅ ’ਤੇ ਸਖ਼ਤ ਨਿਯਮਾਂ ਨੂੰ ਲਾਗੂ ਕਰਨ ਨਾਲ ਸਮੁੰਦਰੀ ਪ੍ਰਦੂਸ਼ਣ ਨੂੰ ਕਾਫ਼ੀ ਘੱਟ ਕੀਤਾ ਜਾ ਸਕਦਾ ਹੈ। ਸਮੁੰਦਰਾਂ ਵਿਚ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਗ੍ਰੀਨ ਹਾਉਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਾਲੀਆਂ ਮਜ਼ਬੂਤ ਜਲਵਾਯੂ ਨੀਤੀਆਂ ਜ਼ਰੂਰੀ ਹਨ। ਸਮਾਜ ਵਿਚ ਰਹਿੰਦੇ ਮਨੁੱਖ, ਮੁੜ ਵਰਤੋਂ ਯੋਗ ਬੈਗਾਂ, ਬੋਤਲਾਂ ਦੀ ਵਰਤੋਂ ਕਰਕੇ ਅਤੇ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਘੱਟ ਕਰਕੇ, ਇਸ ਤੋਂ ਪੈਦਾ ਹੋਣ ਵਾਲੇ ਖਤਰਿਆਂ ਤੋਂ ਬਚ ਸਕਦੇ ਹਨ। ਸਮੁੰਦਰੀ ਭੋਜਨ ਦੀ ਪ੍ਰਾਪਤੀ ਲਈ ਜ਼ਿੰਮੇਵਾਰੀ ਰੂਪ ਵਿਚ ਮੱਛੀ ਫੜਨ ਦੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਸੁਬੰਧੀ ਸਾਂਝੇ ਯਤਨ ਕਰਨ ਦੀ ਜ਼ਰੂਰਤ ਹੈ। ਸਾਂਝੇ ਭਾਈਚਾਰੇ ਦੀ ਅਗਵਾਈ ਵਿਚ ਜਲ ਸਰੋਤਾਂ ਅਤੇ ਨਦੀਆਂ ਦੀ ਸਫ਼ਾਈ, ਸਥਾਨਕ ਪ੍ਰਦੂਸ਼ਣ ਨੂੰ ਘਟਾਉਣ ਵਿਚ ਮਹੱਤਵਪੂਰਨ ਫ਼ਰਕ ਲਿਆ ਸਕਦੀ ਹੈ। ਮੱਛੀਆਂ ਫੜਨ, ਸ਼ਿਪਿੰਗ ਅਤੇ ਸੈਰ-ਸਪਾਟਾ ਉਦਯੋਗਾਂ ਨੂੰ ਸਥਾਈ ਰੂਪ ਵਿਚ ਕੁਦਰਤੀ ਸਾਧਨਾ ਦੇ ਬਚਾਓ ਕਰਨ ਵਾਲੀਆਂ ਵਿਧੀਆਂ ਨਾਲ ਹੀ ਅੱਗੇ ਵਧਣਾ ਚਾਹੀਦਾ ਹੈ, ਤਾਂ ਜੋ ਕਿਸੇ ਪ੍ਰਕਾਰ ਦੀ ਸਮੱਸਿਆ ਖੜ੍ਹੀ ਨਾ ਹੋਵੇ। ਵਿਸ਼ਵ ਪੱਧਰ ’ਤੇ ਦੇਸ਼, ਕਿਵੇਂ ਆਪਣੇ ਜਲ ਸਰੋਤਾਂ ਨੂੰ ਬਚਾ ਰਹੇ ਹਨ, ਉਨ੍ਹਾਂ ਦੀਆਂ ਸਫਲਤਾ ਦੀਆਂ ਕਹਾਣੀਆਂ ਦਾ ਜ਼ਿਕਰ ਆਪਣੇ ਪੱਧਰ ’ਤੇ ਵਿਦਿਅਰਥੀਆਂ ਅਤੇ ਲੋਕਾਂ ਨਾਲ ਕਰਨਾ ਚਾਹੀਦਾ ਹੈ। ਉਦਾਹਰਨ ਲਈ, ਅੰਟਾਰਕਟਿਕਾ ਵਿਚ ਰੌਸ ਸਾਗਰ ਸਮੁੰਦਰੀ ਸੁਰੱਖਿਅਤ ਖੇਤਰ ਵਰਗੇ ਵੱਡੇ ਸਮੁੰਦਰੀ ਭੰਡਾਰਾਂ ਦੀ ਸਥਾਪਨਾ ਨੇ ਜੈਵ ਵਿਭਿੰਨਤਾ ਨੂੰ ਸੁਰੱਖਿਅਤ ਰੱਖਣ ਵਿਚ ਸਕਾਰਾਤਮਕ ਨਤੀਜੇ ਦਿਖਾਏ ਹਨ। ਅਸੀਂ ਵਿਸ਼ਵ ਮਹਾਸਾਗਰ ਦਿਵਸ 2024 ਨੂੰ ਬਦਲ ਦੀਆਂ ਲਹਿਰਾਂ: ਸਮੁੰਦਰ ਲਈ ਸਮੂਹਿਕ ਯਤਨ ਦੇ ਥੀਮ ਨਾਲ ਲੈ ਕੇ ਅੱਗੇ ਵਧ ਰਹੇ ਹਾਂ। ਸਾਨੂੰ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਾਡੇ ਸਮੁੰਦਰਾਂ ਦੀ ਸਿਹਤ, ਅੱਜ ਸਾਡੇ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ’ਤੇ ਨਿਰਭਰ ਕਰਦੀ ਹੈ। ਅਸੀਂ ਸਰਕਾਰਾਂ, ਸੰਸਥਾਵਾਂ ਅਤੇ ਭਾਈਚਾਰਕ ਸਾਂਝ ਨਾਲ ਮਿਲ ਕੇ ਕੰਮ ਕਰਕੇ, ਸਕਾਰਾਤਮਕ ਤਬਦੀਲੀ ਦੀ ਇੱਕ ਲਹਿਰ ਪੈਦਾ ਕਰ ਸਕਦੇ ਹਾਂ। ਇਹ ਯਤਨ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੇ ਸਮੁੰਦਰਾਂ ਦੀ ਸੰਭਾਲ ਅਤੇ ਬਹਾਲੀ ਨੂੰ ਯਕੀਨੀ ਬਣਾਉਂਦਾ ਹੈ। ਆਓ ਅਸੀਂ ਆਪਣੀ ਧਰਤੀ ਦੇ ਵਡਮੁੱਲੇ ਸਾਧਨ ਪਾਣੀ ਨੂੰ ਬਚਾਉਣ ਲਈ, ਸਮੁੰਦਰ ਦੇ ਪਹਿਰੇਦਾਰ ਬਣਨ ਲਈ, ਪਹਿਲਕਦਮੀ ਕਰੀਏ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ




-ਸਰਵਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA


ਸਿੱਖ ਇਤਿਹਾਸ ਦੇ ਪੁਰਾਤਨ ਸੋਮਿਆਂ ਮੁਤਾਬਕ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 2 ਹਾੜ, ਜੇਠ ਸੁਦੀ 4 ਬਿਕ੍ਰਮੀ ਸੰਮਤ 1663 ਦਿਨ ਸ਼ੁੱਕਰਵਾਰ ਨੂੰ ਹੋਈ ਸੀ। ਉੱਨੀਵੀਂ ਸਦੀ ਦੇ ਅਖੀਰ ’ਤੇ, ਜਦੋਂ ਅੰਗਰੇਜ਼ੀ ਤਾਰੀਖਾਂ ਲਿਖਣ ਦਾ ਰਿਵਾਜ਼ ਪਿਆ, ਤਾਂ ਇਹ 30 ਮਈ, 1606 ਈ: (ਜੂਲੀਅਨ) ਲਿਖੀ ਗਈ। ਸਰਕਾਰੀ ਰਿਕਾਰਡ ਵਿਚ ਇਹ ਤਾਰੀਖ, 2 ਸ਼ਫਰ 1015 (ਹਿਜਰੀ) ਲਿਖੀ ਗਈ ਹੋਵੇਗੀ। ਭਾਵੇਂ ਅੱਜ ਤੋਂ 418 ਸਾਲ ਪਹਿਲਾ, ਇਹ ਦੋਵੇਂ ਤਾਰੀਖਾਂ (2 ਹਾੜ ਅਤੇ ਜੇਠ ਸੁਦੀ 4) ਇਕ ਦਿਨ ਹੀ ਆਈਆਂ ਸਨ। ਪਰ ਹਰ ਸਾਲ ਅਜਿਹਾ ਨਹੀਂ ਹੁੰਦਾ। 1663 ਬਿਕ੍ਰਮੀ ਤੋਂ ਪਿੱਛੋਂ ਇਹ ਦੋਵੇਂ ਤਾਰੀਖਾਂ 1682 ਬਿਕ੍ਰਮੀ ਨੂੰ ਇਕੱਠੀਆਂ ਆਈਆਂ ਸਨ। ਅੱਜ ਇਨ੍ਹਾਂ ਦੋ ਤਾਰੀਖਾਂ ’ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾਂ ਰਹੀ ਹੈ। ਆਓ, ਦਿਨੋਂ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ’ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਕਦੇ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆਂ ਹੋਵੇਗਾ, ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਇਨਕਲਾਬੀ ਤਬਦੀਲੀ ਆਈ ਹੋਵੇਗੀ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਸਭ ਤੋਂ ਪਹਿਲਾ ਚੰਦ ਆਧਾਰਿਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਰੁੱਤਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ, ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਆਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ ਵਿਚ ਚੰਦਰ-ਸੂਰਜੀ, ਸੂਰਜੀ ਬ੍ਰਿਕਮੀ ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ, ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

## 2 ਹਾੜ ਬਨਾਮ ਜੇਠ ਸੁਦੀ 4

| ਸੰਮਤ ਨ: ਸ: | ਵਦੀ-ਸੁਦੀ ਮੁਤਾਬਕ | | ਪ੍ਰਵਿਸ਼ਟਿਆਂ ਮੁਤਾਬਕ | |
|---|---|---|---|---|
| 547 | 8 ਜੇਠ | 22 ਮਈ | 2 ਹਾੜ | 16 ਜੂਨ |
| 548 | 26 ਜੇਠ | 8 ਜੂਨ | 2 ਹਾੜ | 16 ਜੂਨ |
| 549 | 16 ਜੇਠ | 29 ਮਈ | 2 ਹਾੜ | 16 ਜੂਨ |
| 550 | 3 ਹਾੜ | 17 ਜੂਨ | 2 ਹਾੜ | 16 ਜੂਨ |
| 551 | 24 ਜੇਠ | 7 ਜੂਨ | 2 ਹਾੜ | 16 ਜੂਨ |
| 552 | 13 ਜੇਠ | 26 ਮਈ | 2 ਹਾੜ | 16 ਜੂਨ |
| 553 | 32 ਜੇਠ | 14 ਜੂਨ | 2 ਹਾੜ | 16 ਜੂਨ |
| 554 | 21 ਜੇਠ | 3 ਜੂਨ | 2 ਹਾੜ | 16 ਜੂਨ |
| 555 | 9 ਜੇਠ | 23 ਮਈ | 2 ਹਾੜ | 16 ਜੂਨ |
| 556 | 28 ਜੇਠ | 10 ਜੂਨ | 2 ਹਾੜ | 16 ਜੂਨ |

ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ, ਇਸ ਦਾ ਇਕ ਚੱਕਰ 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਆਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨਾਂ ਦਾ ਮੰਨਿਆ ਗਿਆ ਹੈ। ਇਸ ਨੂੰ ਰੁੱਤੀ ਸਾਲ ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਆਲੇ ਘੁੰਮਦਾ ਹੈ, ਇਹ ਚੱਕਰ 29.53 ਦਿਨਾਂ ’ਚ ਪੂਰਾ ਹੁੰਦਾ ਹੈ। ਭਾਵ ਚੰਦ ਦਾ ਇਕ ਮਹੀਨਾ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਇਕ ਸਾਲ ਸੂਰਜੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ। ਪਰ ਬਿਕ੍ਰਮੀ ਕੈਲੰਡਰ ਵਿਚ ਅਜਿਹਾ ਨਹੀਂ ਹੁੰਦਾ। ਚੰਦ ਦਾ ਕੈਲੰਡਰ ਜਦੋਂ ਸੂਰਜੀ ਸਾਲ ਤੋਂ ਪਿੱਛੇ ਰਹਿ ਜਾਂਦਾ ਹੈ, ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਹੈ। ਇਸ ਸਾਲ ਚੰਦ ਦੇ ਸਾਲ ਵਿਚ 383-84 ਦਿਨ ਹੁੰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤਕ, 365.2563 ਦਿਨ) ਛਾਪਿਆ ਜਾਂਦਾ ਹੈ। ਪਰ ਗੁਰਪੁਰਬ ਵਦੀ-ਸੁਦੀ ਮੁਤਾਬਕ ਮਨਾਏ ਜਾਂਦੇ ਹਨ। ਇਹ ਹੀ ਕਾਰਨ ਹੈ ਕਿ ਹਰ ਸਾਲ ਹਰ ਦਿਹਾੜੇ ਦੀ, ਪ੍ਰਵਿਸ਼ਟਾ ਅਤੇ ਤਾਰੀਖ ਬਦਲ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4, ਮੁਤਾਬਕ, 553 ਨ: ਸ: ਵਿਚ 32 ਜੇਠ (14 ਜੂਨ) ਨੂੰ ਆਇਆ ਸੀ। 554 ਨ: ਸ: ਵਿਚ 21 ਜੇਠ (3 ਜੂਨ), 555 ਨ: ਸ: ਵਿਚ 9 ਜੇਠ (23 ਮਈ) ਨੂੰ ਆਇਆ ਸੀ। ਪਿਛਲੇ ਸਾਲ (ਸੰਮਤ 2080 ਬਿਕ੍ਰਮੀ) ਚੰਦ ਦੇ ਸਾਲ ਵਿਚ 13 ਮਹੀਨੇ (384 ਦਿਨ) ਸਨ। ਇਸ ਕਾਰਨ, ਇਸ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 28 ਜੇਠ (10 ਜੂਨ) ਆਇਆ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਦੀ ਬਜਾਏ, ਹਰ ਸਾਲ ਅਸਲ ਪ੍ਰਵਿਸ਼ਟੇ ਭਾਵ 2 ਹਾੜ ਨੂੰ ਮਨਾਉਂਦੇ ਹਾਂ, ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਹੁਣ ਇਹ ਫੈਸਲਾ ਪੂਰੇ ਵਿਸ਼ਵ ’ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਅਸੀਂ ਇਤਿਹਾਸਿਕ ਦਿਹਾੜੇ ਵਦੀ-ਸੁਦੀ ਮੁਤਾਬਕ ਹਰ ਸਾਲ ਬਦਲਵੇਂ ਪ੍ਰਵਿਸ਼ਟੇ ਅਤੇ ਤਾਰੀਖਾਂ ਨੂੰ ਮਨਾਉਣੇ ਹਨ ਜਾਂ ਅਸਲ ਪ੍ਰਵਿਸ਼ਟਿਆਂ ਮੁਤਾਬਕ ਹਰ ਸਾਲ ਪੱਕੀਆਂ ਤਾਰੀਖਾਂ ਨੂੰ? ਯਾਦ ਰਹੇ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਹਰ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 2 ਹਾੜ (16 ਜੂਨ) ਨੂੰ ਮਨਾਇਆ ਜਾਂਦਾ ਹੈ।

# ਸਟ੍ਰੈਸ ਵੱਧਾ ਰਿਹਾ ਹੈ- ਮਾਈਗਰੇਨ (ਸਿਰ-ਪੀੜ) ਦਾ ਅੰਕੜਾ

*"ਜੂਨ 2024 ਮਾਈਗਰੇਨ ਸਿਰ-ਪੀੜ ਜਾਗਰੂਕਤਾ ਮਹੀਨੇ ਦਾ ਥੀਮ ਹੈ- ਵੱਧ ਤੋਂ ਵੱਧ ਆਪਣੇ ਆਪ ਨੂੰ ਸਰੀਰਕ-ਮਾਨਸਿਕ ਐਕਟੀਵਿਟੀ 'ਚ ਵਿਅਸਤ ਰੱਖੋ। ਲਗਾਤਾਰ ਕੁੱਝ ਦਿਨ ਅੱਧਾ ਤੇਜ਼ ਸਿਰ-ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋਫੋਬੀਆ, ਸਿਰ 'ਤੇ ਭਾਰ ਮਹਿਸੂਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣਾ ਦੇ ਨਾਲ ਸਟ੍ਰੋਕ ਦੇ ਖਤਰੇ ਦਾ ਕਾਰਨ ਵੱਧ ਰਹੀ ਆਮ ਬਿਮਾਰੀ ਮਾਈਗਰੇਨ ਵੀ ਹੋ ਸਕਦੀ ਹੈ"- ਅਨਿਲ ਧੀਰ*

ਜੂਨ 2024 ਨੂੰ ਮਾਈਗਰੇਨ ਜਾਗਰੂਕਤਾ ਮਹੀਨੇ ਵਜੋਂ ਮਨਾ ਕੇ ਹਰ ਉਮਰ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਵਿਸ਼ਵ ਪੱਧਰ 'ਤੇ ਮਾਈਗਰੇਨ ਯਾਨੀ ਸਿਰ-ਦਰਦ ਬੱਚੇ, ਨੌਜਵਾਨ, ਗਰਭਵਤੀ ਔਰਤਾਂ, ਸੀਨੀਅਰਜ਼ ਯਾਨੀ ਹਰ ਉਮਰ ਵਿਚ ਅਸਰ ਦੇਖਿਆ ਜਾ ਰਹਾ ਹੈ। ਡਬਲਯੂ.ਐੱਚ.ਓ.

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲUSA



ਦੀ ਰਿਪੋਰਟ ਮੁਤਾਬਿਕ ਵਿਸ਼ਵ ਭਰ ਵਿਚ ਲਗਭਗ 66% ਲੋਕਾਂ ਨੂੰ 18-65 ਦੀ ਉਮਰ ਵਿਚ 1 ਸਾਲ ਅੰਦਰ ਸਿਰ ਦਰਦ ਤੋਂ ਪ੍ਰੇਸ਼ਾਨ ਦੇਖਿਆ ਗਿਆ ਹੈ। 36% ਤੋਂ ਵੱਧ ਆਬਾਦੀ ਨੇ ਮਾਈਗ੍ਰੇਨ ਕਾਰਨ ਸਿਰ ਦਰਦ ਮਹਿਸੂਸ ਕੀਤਾ ਹੈ। ਮਾਈਗ੍ਰੇਨ ਪੀੜਿਤਾਂ ਨੇ ਹਰ ਤੀਜੇ ਦਿਨ ਦਰਦ ਦੀ ਸ਼ਿਕਾਇਤ ਕੀਤੀ ਹੈ।

ਡਬਲਯੂ.ਐੱਚ.ਓ. ਨੇ 2004 'ਚ ਗੈਰ-ਸਰਕਾਰੀ ਸੰਗਠਨ ਲਿਫਟਿੰਗ ਦਿ ਬਰਡਨ ਦੇ ਨਾਲ ਸਿਰ ਦਰਦ ਦੇ ਵਿਰੁੱਧ ਗਲੋਬਲ ਮੁਹਿਮ ਸ਼ੁਰੂ ਕੀਤੀ ਸੀ। ਇਸਦਾ ਮਕਸਦ ਸਿਰ ਦਰਦ ਦੇ ਰੋਗਾਂ ਪ੍ਰਤੀ ਜਾਗਰੂਕਤਾ ਦੇ ਨਾਲ ਵਿਸ਼ਵ ਭਰ ਵਿਚ ਦੇਖਭਾਲ ਦੀ ਗੁਣਵਤਾ ਵਿਚ ਸੁਧਾਰ ਕਰਨਾ ਸੀ। ਸਾਲ 2011 ਵਿਚ ਡਬਲਯੂ.ਐੱਚ.ਓ. ਨੇ ਸਿਰ ਦਰਦ ਦੇ ਰੋਗਾਂ ਨੂੰ ਘਟਾਉਣ ਲਈ ਐਟਲਸ ਵੀ ਪ੍ਰਕਾਸ਼ਿਤ ਕੀਤੇ ਸਨ।

ਹਰ ਦਿਨ ਸਟ੍ਰੈਸ, ਘੱਟ ਆਮਦਨੀ ਜ਼ਿਆਦਾ ਖਰਚਾ ਵੱਧ ਰਹੀ ਸਿਰ ਦਰਦ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਸਰੀਰ ਤੇ ਮਨ ਦੇ ਆਮ ਰੋਗਾਂ ਤੋਂ ਲੈ ਕੇ ਦਿਮਾਗ ਦੀਆਂ ਗੰਭੀਰ ਬਿਮਾਰੀਆਂ ਨੂੰ ਸਿਰ ਦਰਦ ਦਾ ਕਾਰਨ ਮੰਨਿਆ ਗਿਆ ਹੈ। ਕਈ ਕਿਸਮ ਦੇ ਸਿਰ ਦਰਦ ਵਿਚ ਮਾਈਗ੍ਰੇਨ, ਤਣਾਅ ਘੱਟ ਕਰਨ ਵਾਲੀ ਦਵਾਈਆਂ ਦੀ ਜ਼ਿਆਦਾ ਵਰਤੋਂ ਨਾਲ ਵੀ ਸ਼ੁਰੂ ਹੋ ਜਾਂਦਾ ਹੈ। ਮਾਈਗ੍ਰੇਨ ਦੇ ਸ਼ਿਕਾਰ ਘੱਟ ਉਮਰ ਤੇ 35-40 ਸਾਲ ਦੇ ਲੋਕ ਆ ਰਹੇ ਹਨ। ਹਾਰਮੋਨਜ਼ ਦਾ ਬਿਗੜਿਆ ਬੈਲੇਂਸ ਸਿਰ ਅਤੇ ਖ਼ੂਨ ਦੀਆਂ ਨਾੜੀਆਂ ਦੁਆਲੇ ਦਰਦ ਸ਼ੁਰੂ ਕਰ ਦਿੰਦਾ ਹੈ। ਮਾਈਗ੍ਰੇਨ ਦਾ ਅਟੈਕ ਵਾਰ-ਵਾਰ ਹੁੰਦਾ ਹੈ। ਮਾਈਗ੍ਰੇਨ ਦੀ ਹਾਲਤ ਵਿਚ ਵਿਅਕਤੀ ਪੇਟ ਅੰਦਰ ਗੜਬੜ, ਉਲਟੀਆਂ ਦੇ ਨਾਲ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ।


ਤਣਾਅ ਯਾਨੀ ਟੀ.ਟੀ.ਐੱਚ. ਪ੍ਰਾਇਮਰੀ ਕਿਸਮ ਦਾ ਸਿਰ ਦਰਦ ਹੈ। ਤਕਰੀਬਨ 70% ਵਿਅਕਤੀ ਐਪੀਸੋਡਿਕ ਟੀ.ਟੀ.ਐੱਚ ਦੀ ਹਾਲਤ ਵਿਚ 15 ਦਿਨ ਤੋਂ ਪਹਿਲਾਂ ਹੀ ਦਰਦ ਦੇ ਸ਼ਿਕਾਰ ਹੋ ਜਾਂਦੇ ਹਨ। ਇਸਦਾ ਅਸਰ ਨੌਜਵਾਨਾਂ ਵਿਚ ਜ਼ਿਆਦਾ ਦੇਖਿਆ ਜਾ ਰਿਹਾ ਹੈ। ਤਣਾਅ ਸੰਬੰਧੀ ਦਰਦ ਗਰਦਨ ਦੀ ਮਾਂਸਪੇਸ਼ੀਆਂ ਕਾਰਨ ਹੋ ਸਕਦਾ ਹੈ। ਇਸ ਹਾਲਤ ਵਿਚ ਸਿਰ ਦੇ ਦੁਆਂਲ਼ੇ ਇੱਕ ਬੈਂਡ ਵਾਂਗ ਕਈ ਵਾਰ ਗਰਦਨ ਵਿਚ ਦਰਦ ਮਹਿਸੂਸ ਹੁੰਦੀ ਹੈ। ਕਲਸਟਰ ਦੀ ਹਾਲਤ 'ਚ ਗੰਭੀਰ ਸਿਰ ਦਰਦ ਦੌਰਾਣ ਇੱਕ ਅੱਖ ਵਿਚ ਜਾਂ ਇਸਦੇ ਦੁਆਲੇ, ਅੱਖਾਂ ਵਿਚੋਂ ਅੱਥਰੂ, ਲਾਲੀ, ਨੱਕ ਚੱਲਣ ਦੇ ਨਾਲ ਪਲਕ ਬਲਾਕ ਹੋ ਸਕਦੀ ਹੈ। ਦਵਾਈ ਦੀ ਜ਼ਿਆਦਾ ਇਸਤੇਮਾਲ ਨਾਲ ਐੱਮ.ਓ.ਐੱਚ. ਸੈਕੰਡਰੀ ਸਿਰ ਦਰਦ, ਜੋ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਘੇਰੇ ਵਿਚ ਆਉਂਦੀਆਂ ਹਨ। ਸਮਾਜਿਕ, ਪਰਿਵਾਰਕ ਅਤੇ ਆਰਥਿਕ ਮਾਨਸਿਕ ਪ੍ਰੈਸ਼ਰ ਛੋਟੀ ਉਮਰ ਤੋਂ ਲੈ ਕੇ 50 ਸਾਲਾਂ ਦੀ ਉਮਰ ਤੱਕ ਜ਼ਿਆਦਾ ਸਿਰ ਦਰਦ ਦੀ ਸ਼ਿਕਾਇਤ ਦੇਖੀ ਜਾ ਰਹੀ ਹੈ।

ਸਿਰ ਦਰਦ ਦੇ ਰੋਗੀ ਆਪਣੇ ਲਾਈਫਸਟਾਇਲ 'ਚ ਬਦਲਾਅ ਕਰਕੇ ਅਤੇ ਅੱਗੇ ਲਿਖੇ ਤਰੀਕੇ ਦੁਆਰਾ ਬੇਹਤਰ ਜ਼ਿੰਦਗੀ ਜੀਅ ਸਕਦੇ ਹਨ :

* ਮਾਈਗ੍ਰੇਨ ਨੂੰ ਟਰਿੱਗਰ ਕਰਨ ਵਾਲੇ ਨਾਈਟ੍ਰੇਟਸ ਵਾਲੇ ਪਦਾਰਥ ਡੇਲੀ ਮੀਟ, ਬੇਕਨ, ਹਾਟ-ਡਾਗ 'ਚ ਇਸਤੇਮਾਲ ਹੋਣ ਵਾਲੇ ਸਾਸੇਜ ਅਤੇ ਕੈਫੀਨ ਸਿਰ ਦਰਦ ਤੋਂ ਪਰੇਸ਼ਾਨ ਵਿਅਕਤੀ ਨੂੰ ਆਪਣੀ ਖੁਰਾਕ ਵਿਚ ਮੋਨੋਸੋਡੀਅਮ ਵਾਲੇ ਭੋਜਨ, ਤੇਲ-ਮਿਰਚ-ਮਸਾਲੇ ਵਾਲਾ ਅਚਾਰ, ਗਲੂਟਾਮੇਟ (ਐੱਮ.ਐੱਸ.ਜੀ.), ਪ੍ਰੋਸੈਸਡ ਪਦਾਰਥ, ਫੈਟਾ, ਸੀਡਰ, ਪਰਮੇਸਨ ਤੇ ਸਵਿਸ (ਟਾਇਰਾਮਾਈਨ), ਮੱਖਣ, ਖੱਟੀ ਕ੍ਰੀਮ, ਦਹੀਂ, ਜੰਕ ਫੂਡ, ਆਈਸਕ੍ਰੀਮ, ਅਲਕੋਹਲ, ਵਗੈਰਾ ਤੋਂ ਪਰਹੇਜ਼ ਦੀ ਲੋੜ ਹੁੰਦੀ ਹੈ।

- ਸਿਰ ਦਰਦ ਵੇਲੇ ਕਾਟਨ ਬਾਲ (ਰੂਈ) ਲੈ ਕੇ ਲੈਵੈਂਡਰ ਇਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ 10-15 ਮਿੰਟ ਇਨਹੇਲ, ਯਾਨੀ ਸਾਹ ਲੈਣ ਨਾਲ ਰੋਗੀ ਨੂੰ ਆਰਾਮ ਮਿਲਦਾ ਹੈ।
- ਪਿਪਰਮੇਂਟ ਇਸੈਂਸ਼ੀਅਲ ਤੇਲ ਦੀਆਂ ਕੁੱਝ ਬੂੰਦਾਂ ਮੱਥੇ ਅਤੇ ਗਰਦਨ ਦੇ ਪਿੱਛੇ ਲਗਾ ਰਾਹਤ ਮਹਿਸੂਸ ਕਰੋ।
- ਸਿਰ ਦਰਦ ਤੋਂ ਪ੍ਰੇਸ਼ਾਨ ਲੋਕ ਜਿੰਜਰ-ਛੋਟੀ ਇਲਾਚੀ ਵਾਲੀ ਅਤੇ ਗ੍ਰੀਨ-ਟੀ, ਬਿਨਾ ਦੁੱਧ, ਚੀਨੀ ਤਾਜ਼ੇ ਨਿੰਬੂ ਰੱਸ ਵਾਲੀ ਚਾਹ ਰੋਜ਼ਾਨਾਂ 2-3 ਵਾਰ ਪੀ ਕੇ ਮਾਨਸਿਕ ਥਕਾਵਟ ਤੋਂ ਆਰਾਮ ਮਿਲਦਾ ਹੈ।
- ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਤੇ ਔਰਤਾਂ ਨੂੰ ਮਾਹਵਾਰੀ ਦੌਰਾਣ ਹੋਣ ਵਾਲੇ ਸਿਰ ਦਰਦ ਅਤੇ ਮਾਈਗ੍ਰੇਨ ਦੇ ਅਟੈਕ ਵੇਲੇ ਓਟਮੀਲ, ਨਾਸ਼ਤੇ ਵਾਲਾ ਸੀਰੀਅਲ, ਸੈਸਮੇ ਸੀਡਜ਼, ਮੂੰਗਫਲੀ, ਬ੍ਰਾਜ਼ੀਲ ਨੱਟਸ, ਬਾਦਾਮ ਵਗੈਰਾ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਹੀਟ-ਸਟ੍ਰੋਕ ਵਾਲੇ ਸਿਰ ਦਰਦ ਵਿਚ ਠੰਡਾ ਸ਼ਾਵਰ ਲੈਣ ਦੇ ਨਾਲ ਮੱਥੇ 'ਤੇ ਆਈਸ ਦੀ ਪੱਟੀ ਜਾਂ ਟਕੋਰ ਕਰਨ ਆਰਾਮ ਮਿਲਦਾ ਹੈ।
- ਹਾਜ਼ਮਾ ਠੀਕ ਰੱਖਣ ਲਈ ਗਰਮ ਪਾਣੀ ਜ਼ਿਆਦਾ ਪੀਓ ਅਤੇ ਕਬਜ਼ ਦੀ ਹਾਲਤ ਵਿਚ 1 ਕੱਪ ਗਰਮ ਦੁੱਧ ਵਿਚ ਅੱਧੇ ਤੋਂ 1 ਚਮਚ ਕੈਸਟਰ ਆਇਲ ਜਾਂ ਈਸਬਗੋਲ ਦੀ ਵਰਤੋਂ ਕਰ ਕੇ ਰਾਹਤ ਮਹਿਸੂਸ ਕਰੋ।
- ਡੀਹਾਈਡ੍ਰੇਸ਼ਨ ਵੀ ਸਿਰ ਦਰਦ ਦਾ ਕਾਰਨ ਬਣਦਾ ਹੈ। ਰੋਜ਼ਾਨਾ 10-12 ਗਿਲਾਸ ਪਾਣੀ ਪੀਓ।
- ਬਲੱਡ-ਪ੍ਰੈਸ਼ਰ ਦੀ ਪ੍ਰੈਸਕਰਾਈਬਡ ਦਵਾਈ 'ਚ ਨਾਗਾ (ਮਿਸ) ਪੈਣ ਨਾਲ ਵੀ ਸਿਰ ਦਰਦ ਸ਼ੁਰੂ ਹੋ ਜਾਂਦਾ ਹੈ। ਰੋਗੀ ਖਾਸ ਧਿਆਣ ਰੱਖਣ।
- ਵੀਕਐਂਡ 'ਤੇ ਸੈਸਮੇ (ਤਿੱਲ) ਆਇਲ ਨਾਲ ਸਿਰ ਦੀ ਚੰਗੀ ਤਰ੍ਹਾਂ ਮਾਲਿਸ਼ ਕਰਨ ਨਾਲ ਸਟ੍ਰੈਸ ਕਾਰਨ ਸੌਣ ਵਾਲੇ ਸਿਰ ਦਰਦ ਵਿਚ ਰਾਹਤ ਮਿਲਦੀ ਹੈ।
- ਕੰਪਿਊਟਰ 'ਤੇ ਕੰਮ ਕਰਨ ਵਾਲੇ ਬਾਡੀ ਪੋਸਚਰ ਦਾ ਪੂਰਾ ਖਿਆਲ ਰੱਖਣ। ਹਰ 2 ਘੰਟੇ ਬਾਅਦ ਅੱਖਾਂ 'ਤੇ ਗਰਦਨ ਨੂੰ 10 ਮਿੰਟ ਆਰਾਮ ਦੇਣ ਨਾਲ ਸਿਰ ਦਰਦ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੰਪਿਊਟਰ ਦੀ ਸਕਰੀਨ ਅਤੇ ਅੱਖਾਂ ਦਰਮਿਆਨ ਪ੍ਰਾਪਰ ਫਾਸਲਾ ਰੱਖਿਆ ਜਾਵੇ।
- ਸਿਰ ਦਰਦ ਤੋਂ ਬਚਾਅ ਅਤੇ ਚੰਗੀ ਨੀਂਦ ਲੈਣ ਲਈ ਸਹੀ ਪਿੱਲੋ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਓਰਥੋ ਅਤੇ ਘੱਟ ਹਾਈਟ ਵਾਲਾ ਪਿੱਲੋ ਗਰਦਨ ਦੀ ਮਾਂਸਪੇਸ਼ੀਆਂ ਦੀ ਸਟਿਫਨੈਸ ਤੋਂ ਬਚਾਉਂਦਾ ਹੈ।
- ਸਿਰ ਦਰਦ ਤੋਂ ਬਚਣ ਲਈ ਘੱਟ ਨੀਂਦ ਲੈਣ ਵਾਲੇ ਸਟੂਡੈਂਟਸ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਨੂੰ 8-10 ਘੰਟੇ ਦੀ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।
- ਗਰਮ ਸ਼ਾਵਰ ਲਓ। ਸ਼ਾਵਰ ਦੀ ਨਰਮ-ਗਰਮ ਹਵਾ ਯਾਨੀ ਭਾਫ ਸਾਈਨਸ-ਨੱਕ ਦੇ ਅੰਸ਼ਾਂ ਨੂੰ ਕਲੀਨ ਕਰਕੇ ਸਿਰ ਦਰਦ ਵਿਚ ਆਰਾਮ ਦਿੰਦੀ ਹੈ।
- ਹਰ ਉਮਰ ਦੇ ਵਿਅਕਤੀ ਨੂੰ ਸਮਰ 'ਚ ਗਾਰਡਨਿੰਗ, ਸੈਰ, ਰਨਿੰਗ, ਯੋਗਾ, ਡਾਗ-ਵਾਕ, ਆਊਟਡੋਰ ਵਰਕਆਊਟ, ਸਾਈਕਲਿੰਗ, ਬੈਡਮਿੰਟਨ, ਤੈਰਨਾ, ਹਾਈਕਿੰਗ, ਸੌਕਰ, ਵਾਲੀਬਾਲ, ਡਾਂਸ, ਟੈਨਿਸ ਵਗੈਰਾ ਸਪੋਰਟਸ ਐਕਟੀਵਿਟੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

ਨੋਟ : ਸਿਰ ਦਰਦ ਦੇ ਆਮ ਲੱਛਣ ਜਿਵੇਂ ਲਗਾਤਾਰ ਕੁੱਝ ਦਿਨ ਤੇਜ਼ ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋਫੋਬੀਆ, ਸਿਰ 'ਤੇ ਭਾਰ ਮਹਿਸੂਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣ ਦੇ ਨਾਲ ਸਟ੍ਰੋਕ ਦੇ ਖਤਰੇ ਤੋਂ ਬਚਣ ਲਈ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।










## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਹਵਾਵਾਂ ਵੀ ਮਰਜ਼ੀ ਦੀਆਂ ਮਾਲਕ ਹੁੰਦੀਆਂ ਹਨ। ਚਾਹੁਣ ਤਾਂ ਸਵਾਹ ਹੋ ਰਹੀ ਅੱਗ ਨਾਲ ਵੀ ਭਾਂਬੜ ਮਚਾ ਦੇਣ, ਚਾਹੁਣ ਤਾਂ ਬਲਦੇ ਦੀਵੇ ਬੁਝਾ ਦੇਣ।
- ਬੀਤੇ ਸਮੇਂ ਨੂੰ ਕਦੇ ਨਾ ਭੁੱਲੋ, ਵਰਤਮਾਨ ਸਮੇਂ ਵਿਚੋਂ ਲੰਘ ਹੀ ਰਹੇ ਹੋ ਅਤੇ ਭਵਿੱਖ ਵਾਸਤੇ ਉਸਾਰੂ (ਪੌਜ਼ਟਿਵ) ਸੋਚ ਰੱਖੋ।
- ਚੁੱਪਚਾਪ ਸੁਣਦੇ ਅਤੇ ਸਹਿੰਦੇ ਰਹੋ, ਤਾਂ ਤੁਸੀਂ ਬਹੁਤ ਚੰਗੇ ਹੋ। ਜਿਸ ਦਿਨ ਸਵਾਲ ਕਰਨੇ ਸ਼ੁਰੂ ਕੀਤੇ, ਤੁਹਾਡੇ ਜਿਹਾ ਕੋਈ ਮਾੜਾ ਨਹੀਂ ਹੋਵੇਗਾ।
- ਕਿਸੇ ਦੇ ਹੱਥ ਵਿਚ ਪਾਣੀ ਦਾ ਕੱਪ ਹੋਵੇ। ਜੇ ਉਸ ਨੂੰ ਕੋਈ ਧੱਕਾ ਮਾਰੇ ਪਾਣੀ ਡੁੱਲ੍ਹਣ ਉਪਰੰਤ ਪੁੱਛੇ ਕਿ ਪਾਣੀ ਕਿਉਂ ਡੋਲ੍ਹਿਆ? ਜਵਾਬ ਮਿਲਦਾ ਹੈ, ਤੂੰ ਧੱਕਾ ਦਿੱਤਾ! ਅਸਲ ਵਿਚ ਧੱਕੇ ਨਾਲ ਪਾਣੀ ਨਹੀਂ ਡੁੱਲ੍ਹਿਆ, ਜੋ ਵੀ ਕੱਪ ਵਿਚ ਹੁੰਦਾ, ਉਹੋ ਡੁੱਲ੍ਹਣਾ ਸੀ। ਇਸ ਕਾਰਨ ਜ਼ਿੰਦਗੀ ਵਿਚ ਜਦ ਧੱਕਾ ਵੱਜੇ, ਤਾਂ ਉਹੋ ਹੀ ਡੁੱਲ੍ਹੇਗਾ, ਜੋ ਸਾਡੇ ਵਿਚ ਹੈ, ਉਹ ਗੁੱਸਾ/ਕਰੋਧ ਹੋਵੇ ਜਾਂ ਸਬਰ/ਸੰਤੋਖ। ਇਸ ਲਈ ਹਮੇਸ਼ਾਂ ਠੰਢੇ ਰਹੋ।
- ਲੱਕ ਬੰਨ੍ਹ ਕੇ ਲਗਨ ਨਾਲ ਕੀਤੀ ਮਿਹਨਤ ਸੁੱਕੀਆਂ ਵੇਲਾਂ ਨੂੰ ਵੀ ਫੁੱਲ ਲਾ ਦੇਵੇਗੀ, ਜਦਕਿ ਕੀਤਾ ਗਿਆ ਆਲਸ ਹਰੇ-ਭਰੇ ਬਾਗ ਵੀ ਉਜਾੜ ਦੇਵੇਗਾ।
- ਇਲੈਕਸ਼ਨ ਵੀ ਕਿੰਨੇ ਰੰਗ ਵਿਖਾਉਂਦੀ ਹੈ, ਵੋਟਾਂ ਤੋਂ ਦੂਜੇ ਦਿਨ ਸਰਦਾਰ ਫੱਗਾ ਸਿੰਘ, ਫੱਗੂ ਅਮਲੀ ਬਣ ਜਾਂਦਾ ਹੈ।
- ਅਮਰੀਕਨ ਲੋਕਾਂ ਦਾ ਮੰਨਣਾ ਹੈ ਕਿ ਮੱਛੀ ਫੜਨ ਗਏ ਹੋਵੋ, ਤਾਂ ਤੁਹਾਡਾ ਮਾੜਾ ਦਿਨ ਵੀ ਕੰਮ ਕਰਦੇ (ਡਿਊਟੀ ਵਾਲੇ) ਦਿਨ ਤੋਂ ਚੰਗਾ ਹੋਵੇਗਾ।


ਪੰਜਾਬ ਮੇਲUSA

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



## ਕਾਂਡ 14




ਸੁੱਖੀ ਅਤੇ ਜਿੰਦਰ ਦੁਪਿਹਰੋਂ ਬਾਅਦ ਘਰ ਪਹੁੰਚੀਆਂ।

ਉਨ੍ਹਾਂ ਬੱਸ ਵਿਚ ਬੈਠੀਆਂ ਨੇ ਪ੍ਰਤੀਕ ਦੇ ਖੇਤਾਂ ਦਾ ਮੋਟਾ ਜਿਹਾ ਜਾਇਜ਼ਾ ਲੈ ਲਿਆ ਸੀ।

ਜਦ ਉਹ ਘਰ ਪਹੁੰਚੀਆਂ ਤਾਂ ਸ਼ਾਮ ਕੌਰ ਮੰਜੇ 'ਤੇ ਪਈ ਸੀ।

-"ਤਾਈ ਚਿੱਤ ਠੀਕ ਐ..?" ਸੁੱਖੀ ਨੇ ਪੁੱਛਿਆ।

-"ਚਿੱਤ ਤਾਂ ਠੀਕ ਐ ਪੁੱਤ..! ਪਰ ਹੁਣ ਦੇਹ ਓਨਾਂ ਸਾਥ ਜਿਆ ਨੀ ਦਿੰਦੀ, ਥੱਕ ਜਾਈਦੈ..! ਖੇਤ ਤੇਰੇ ਤਾਏ ਦੀ ਰੋਟੀ ਦੇ ਕੇ ਆਈ ਸੀ, ਜਾਣੀਂਦੀ ਸਰੀਰ ਟੁੱਟਿਆ ਭੱਜਿਆ ਪਿਐ, ਸੋਚਿਆ ਬਿੰਦ 'ਰਾਮ ਈ ਕਰਲਾਂ..!"

-"ਮੈਨੂੰ ਲੱਗਦੈ ਤੈਨੂੰ ਬੁਖਾਰ ਐ, ਤਾਈ..!" ਸੁੱਖੀ ਨੇ ਮੱਥੇ 'ਤੇ ਹੱਥ ਰੱਖ ਕੇ ਦੇਖਿਆ, ਤਾਂ ਮੱਥਾ ਤੰਦੂਰ ਵਾਂਗ ਤਪ ਰਿਹਾ ਸੀ, "ਤੇਰੀਆਂ ਅੱਖਾਂ ਲਾਲ ਐ...!"

-"ਤੈਨੂੰ ਤਾਂ ਬੁਖਾਰ ਚੜ੍ਹਿਆ ਪਿਐ, ਤਾਈ..!"

-"ਚੜ੍ਹ ਗਿਆ ਹੋਣੈਂ ਪੁੱਤ..! ਤਾਪ ਦਾ ਵੀ ਕੀ ਵਸਾਹ ਐ..? ਕਿਹੜਾ ਕਿਸੇ ਨੂੰ ਪੁੱਛਣੈ..?"

-"ਮੈਂ ਡਾਕਟਰ ਨੂੰ ਭੇਜਦੀ ਆਂ..!"

-"ਨੀ ਆਪੇ ਲਹਿਜੂ..! ਡਾਕਦਾਰ ਕੀ ਕਰੂ..? ਉਹ ਓਦੂੰ ਟੀਕਾ ਘਸੋ ਕੇ ਤੰਗ ਕਰੂ..!"

-"ਬਖਾਧ ਵਧ ਜਾਂਦੈ ਤਾਈ, ਮੈਂ ਜਾਂਦੀ-ਜਾਂਦੀ ਭੇਜਦੀ ਐਂ ਡਾਕਟਰ ਨੂੰ..!"

-"ਥੋਡਾ ਕੰਮ ਹੋ ਗਿਆ ਸਾਟੀਫਟਕ ਆਲ਼ਾ..?"

-"ਕੱਲ੍ਹ ਨੂੰ ਮਿਲਜੂ ਤਾਈ..! ਤੂੰ ਚਿੰਤਾ ਨਾ ਕਰ..!"

-"ਤੇ ਅੱਜ ਕਿਉਂ ਨੀ ਦਿੱਤਾ ਥੇਹ ਹੋਣਿਆਂ ਨੇ..?"

-"ਅਜੇ ਪ੍ਰਿੰਸੀਪਲ ਦੇ ਦਸਤਖ਼ਤ ਹੋਣ ਆਲ਼ੇ ਰਹਿੰਦੇ ਐ ਤਾਈ..!"

-"ਨ੍ਹੀ ਦਸਕਤਾਂ ਨੂੰ ਉਹਨੇ ਕਰਾਹਾ ਥੋੜ੍ਹੋ ਲਾਉਣਾ ਸੀ..? ਘੁੱਗੀ ਮਾਰਨੀ ਸੀ, ਮਾਰ ਕੇ ਕੰਮ ਨਬੇੜਦਾ ਪਰਾਂਹ..!"

-"ਅੱਜ ਉਹ ਆਇਆ ਨੀ ਸੀ, ਤਾਈ..!"

-"ਕਿੱਥੇ ਉੱਜੜਿਆ ਸੀ..?"

-"ਰੱਬ ਜਾਣੇ..! ਤਕੜੇ ਦਾ ਸੱਤੀਂ ਵੀਹੀਂ ਸੌ..! ਕਿਹੜਾ ਕਿਸੇ ਨੇ ਪੁੱਛਣੈ..?"

-"ਮੈਨੂੰ ਲਾਉਣ ਦਸ ਕੁ ਦਿਨ ਇਨ੍ਹਾਂ ਦੀ ਪਤੰਦਰਨੀ ਬਣਾ ਕੇ..! ਦੇਖ ਨਾਸੀਂ ਧੂੰਆਂ ਲਿਆਉਂਦੀ..! ਜੇ ਆਥਣ ਨੂੰ ਗਜ ਮਾਂਗੂੰ ਸਿੱਧੇ ਨਾ ਕਰ ਦਿਆਂ..! ਬੇੜੀ ਬਹਿਣੇ..! ਤਨਖਾਹਾਂ ਲੈ ਕੇ ਵੀ ਕੰਮ ਨੀ ਕਰਦੇ..!"

ਜਿੰਦਰ ਅਤੇ ਸੁੱਖੀ ਬਣਾਉਟੀ ਜਿਹਾ ਹਾਸਾ ਹੱਸ ਪਈਆਂ।

-"ਜੇ ਤਾਈ ਠੀਕ ਰਹੀ ਤਾਂ ਕੱਲ੍ਹ ਨੂੰ ਜਾ ਕੇ ਸਰਟੀਫ਼ਿਕੇਟ ਲੈ ਆਵਾਂਗੀਆਂ..!" ਅੱਖਾਂ ਵਿਚ ਦੀ ਗੁੱਝਾ ਇਸ਼ਾਰਾ ਕਰ ਕੇ ਸੁੱਖੀ ਤੁਰ ਗਈ।

-"ਨ੍ਹੀ ਠੀਕ ਨੂੰ ਮੈਨੂੰ ਕੀ ਗੋਲ਼ੀ ਵੱਜੀ ਐ..! ਮੈਂ ਤਾਂ ਲੈ ਘੋੜ੍ਹੇ ਵਰਗੀ ਹੋਈ..! ਮੈਨੂੰ ਕੀ ਹੋਇਐ..?" ਸ਼ਾਮ ਕੌਰ ਬੋਲੀ। ਪਰ ਸੁੱਖੀ ਜਾ ਚੁੱਕੀ ਸੀ।

-"ਚਾਹ ਬਣਾ ਕੇ ਦੇਵਾਂ ਬੀਜੀ..?" ਜਿੰਦਰ ਨੇ ਪੁੱਛਿਆ।

-"ਨਹੀਂ ਪੁੱਤ..! ਮੇਰਾ ਤਾਂ ਮੂੰਹ ਕੌੜਤੁੰਮੇਂ ਅਰਗਾ ਹੋਇਆ ਪਿਐ, ਅਜੇ ਤਾਂ ਕਾਸੇ ਨੂੰ ਜੀਅ ਨੀ ਕਰਦਾ..!"

ਡਾਕਟਰ ਆ ਗਿਆ।

-"ਲਿਆ ਜਿੰਦਰ ਪਾਣੀ ਲਿਆ, ਗਰਮ..!" ਡਾਕਟਰ ਥਰਮਾਮੀਟਰ ਝਿਣਕਦਾ ਹੋਇਆ ਬੋਲਿਆ।

ਜਿੰਦਰ ਪਾਣੀ ਲੈ ਆਈ।

ਜਦ ਡਾਕਟਰ ਨੇ ਥਰਮਾਮੀਟਰ ਲਾ ਕੇ ਦੇਖਿਆ ਤਾਂ ਸ਼ਾਮ ਕੌਰ ਨੂੰ ਇੱਕ ਸੌ ਤਿੰਨ ਬੁਖਾਰ ਸੀ।

-"ਥੋਨੂੰ ਤਾਂ ਬੁਖਾਰ ਈ ਬਾਹਵਾ ਹੋਇਆ ਪਿਐ ਚਾਚੀ..!" ਪਿੰਡ ਦੇ ਡਾਕਟਰ ਨੇ ਕਿਹਾ।

-"ਵੇ ਬਾਹਲ਼ੇ ਨੂੰ ਕਿੰਨਾਂ ਕੁ ਹੋ ਗਿਆ ਹੋਊ ਪੁੱਤ..! ਤੂੰ ਗੋਲ਼ੀ ਗੱਪਾ ਦੇਹ, ਆਪੇ ਲਹਿਜੂ..! ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧਣ ਆਲ਼ੇ ਆਪਾਂ ਐਹੋ ਜੇ ਬੁਖਾਰਾਂ ਨੂੰ ਕੀ ਗੌਲ਼ਦੇ ਐਂ..?"

-"ਬੁਖਾਰ 'ਚ ਟੀਕਾ ਤਾਂ ਨੀ ਲੱਗਣਾ ਚਾਚੀ..! ਗੋਲ਼ੀਆਂ ਤੇ ਕੈਪਸੂਲ ਦੇ ਜਾਨੈਂ, ਚਾਰ-ਚਾਰ ਘੰਟੇ ਬਾਅਦ ਲੈਂਦੀ ਜਾਈਂ, ਸਵੇਰ ਤੱਕ ਠੀਕ ਹੋਜੇਂਗੀ..!"

-"ਚੰਗਾ ਪੁੱਤ...!"

-"ਖਾਣ ਨੂੰ ਕੀ ਦੇਈਏ, ਵੀਰੇ..?" ਜਿੰਦਰ ਨੇ ਪੁੱਛਿਆ।

-"ਅੱਜ ਖਿਚੜੀ ਦੇ ਦਿਓ..!"

-"ਪੈਸੇ ਤੇਰਾ ਚਾਚਾ ਈ ਦਿਊ ਆ ਕੇ ਪੁੱਤ, ਹੁਣ ਮੈਥੋਂ ਤਾਂ ਨੀ ਉਠਿਆ ਜਾਂਦਾ..!"

-"ਪੈਸਿਆਂ ਦਾ ਫ਼ਿਕਰ ਨਾ ਕਰ ਚਾਚੀ..! ਬੱਸ ਕੈਮ ਹੋ..!" ਤੇ ਡਾਕਟਰ ਝੋਲ਼ਾ ਚੁੱਕ ਤੁਰ ਗਿਆ।

ਜਿੰਦਰ ਨੇ ਗਰਮ ਪਾਣੀ ਨਾਲ਼ ਗੋਲ਼ੀ ਅਤੇ ਕੈਪਸੂਲ ਦੇ ਦਿੱਤੇ।

ਜਦ ਸ਼ਾਮ ਨੂੰ ਗਿੰਦਰ ਘਰ ਆਇਆ, ਤਾਂ ਸ਼ਾਮ ਕੌਰ ਮੁੜ੍ਹਕੋ-ਮੁੜ੍ਹਕੀ ਹੋਈ ਪਈ ਸੀ। ਜਿੰਦਰ ਚੌਂਕੇ ਵਿਚ ਚੱਕਣ-ਧਰਨ ਕਰ ਰਹੀ ਸੀ।

-"ਤੇਰੀ ਬੇਬੇ ਕਾਹਤੋਂ ਪਈ ਐ, ਪੁੱਤ..?"

-"ਉਹਨੂੰ ਬੁਖਾਰ ਚੜ੍ਹ ਗਿਆ, ਬਾਪੂ..!"

-"ਡਾਕਦਾਰ ਨੀ ਬੁਲਾਇਆ..?"

-"ਬੁਲਾਇਆ ਸੀ, ਦੁਆਈ ਦਿੱਤੀ ਐ..!"

-"ਤਾਂ ਹੀਂ ਮੁੜ੍ਹਕੇ ਨਾਲ਼ ਭਿੱਜੀ ਪਈ ਐ, ਇਹਨੂੰ ਖਾਣ ਪੀਣ ਨੂੰ ਦਿੱਤਾ ਕੁਛ..?"

-"ਚਾਹ ਤਾਂ ਪੀਤੀ ਨੀ, ਹੁਣ ਖਿਚੜੀ ਬਣਾਈ ਐ..!"

-"ਚੰਗਾ ਕੀਤਾ ਪੁੱਤ..! ਤੂੰ ਬਾਹਲ਼ਾ ਰੋਟੀ-ਟੁੱਕ ਦਾ ਢਾਨਸ ਨਾ ਕਰੀਂ, ਮੈਂ ਵੀ ਖਿਚੜੀ ਈ ਖਾ ਲਊਂਗਾ..!"

ਅਗਲੇ ਦਿਨ ਸ਼ਾਮ ਕੌਰ ਦੀ ਹਾਲਤ ਠੀਕ ਨਾ ਹੋਣ ਕਾਰਨ ਸੁੱਖੀ ਅਤੇ ਜਿੰਦਰ ਪ੍ਰਤੀਕ ਨੂੰ ਮਿਲਣ ਖੇਤ ਨਾ ਜਾ ਸਕੀਆਂ।

ਕਮਜ਼ੋਰੀ ਦੀ ਹਾਲਤ ਵਿਚ ਸ਼ਾਮ ਕੌਰ ਨੇ ਅਜੇ ਵੀ ਮੰਜਾ ਨਹੀਂ ਛੱਡਿਆ ਸੀ। ਉਹ ਉਠ ਕੇ ਕੰਮ ਕਾਰ ਕਰਨਾ ਚਾਹੁੰਦੀ ਸੀ, ਪਰ ਬੁਖਾਰ ਨੇ ਸਰੀਰ ਹੀ ਇਤਨਾ ਨਿਰਬਲ ਕਰ ਦਿੱਤਾ ਸੀ, ਕਿ ਉਹ ਚਾਹੁੰਦਿਆਂ ਵੀ ਮੰਜੇ ਤੋਂ ਉਠ ਨਹੀਂ ਸਕੀ ਸੀ। ਉਸ ਨੇ ਜਿੰਦਰ ਦੀ ਤਿਆਰੀ ਵੀ ਕਰਨੀ ਸੀ, ਗਿਣਤੀ ਦੇ ਦਿਨ ਪੂਰੇ ਦੀ ਹਵਾ ਵਾਂਗ ਲੰਘਦੇ ਜਾ ਰਹੇ ਸਨ। ਜਿੰਦਰ ਦੇ ਜਾਣ ਵਿਚ ਸਿਰਫ਼ ਤਿੰਨ ਦਿਨ ਬਾਕੀ ਸਨ। ਇਸ ਗੱਲ ਦਾ ਫ਼ਿਕਰ ਸ਼ਾਮ ਕੌਰ ਨੂੰ ਤੋੜ-ਤੋੜ ਖਾਂਦਾ ਸੀ।

-"ਆਪਾਂ ਕੱਲ੍ਹ ਨੂੰ ਸ਼ਹਿਰ ਜਾ ਕੇ ਲੀੜਾ-ਲੱਤਾ ਵੀ ਲਿਆਈਏ, ਕੁੜੀ ਨੂੰ ਖਾਲੀ ਹੱਥ ਥੋੜ੍ਹੋ ਤੋਰ ਦਿਆਂਗੇ..?" ਸ਼ਾਮ ਕੌਰ ਸਾਹ ਜਿਹੇ ਵਰੋਲ਼ਦੀ ਬੋਲੀ, "ਜੇ ਕੁੜੀ ਨੂੰ ਕੁਛ ਨਾਲ਼ ਨਾ ਦੇ ਕੇ ਤੋਰਿਆ, ਬਾਧੂ ਮਿਹਣਿਆਂ ਨੂੰ ਥਾਂ ਕਰਾਂਗੇ, ਜੋਰਾ ਸਿਉਂ ਨੂੰ ਵੀ ਪੈਂਟ ਬੂਛਲਟ ਚਾਹੀਦੀ ਐ, ਤੇ ਗੇਲ ਭੈਣ ਜੀ ਵਾਸਤੇ ਗਰਮ ਸੂਟ..! ਜਿੰਦਰ ਨੂੰ ਵੀ ਚਾਰ ਲੀੜੇ ਚਾਹੀਦੇ ਐ..!"

-"ਤੂੰ ਕੈਮ ਹੋ, ਆਪਾਂ ਚੱਲ ਵੜਾਂਗੇ..!"

-"ਜੇ ਕੁੜੀ ਬੇਰੰਗ ਤੋਰ'ਤੀ, ਸਾਰੀ ਉਮਰ ਤਾਹਨੇ ਮਿਹਣੇ ਸੁਣਨ ਨੂੰ ਮਿਲਣਗੇ..!"

-"ਤੂੰ ਡਮਾਕ 'ਤੇ ਬੋਝ ਨਾ ਪਾਅ..! ਜੋ ਦਿਲ ਕਰੇ, ਲੈ ਲਈਂ..!"

ਜਿੰਦਰ ਚਾਹ ਲੈ ਕੇ ਆ ਗਈ।

-"ਤਾਈ ਹੋਈ ਨੀ ਠੀਕ ਅਜੇ..?" ਅਚਾਨਕ ਸੁੱਖੀ ਅੰਦਰ ਆਉਂਦੀ ਬੋਲੀ। ਹਮਰਾਜ ਸਹੇਲੀ ਨੂੰ ਦੇਖ ਕੇ ਦੀਵੇ ਵਾਂਗ ਬੁਝੀ ਜਿੰਦਰ ਵੇਲ ਵਾਂਗ ਹਰੀ ਹੋ ਗਈ।

-"ਠੀਕ ਨੂੰ ਮੈਨੂੰ ਕੀ ਹੋਇਐ, ਸੁੱਖੀ..! ਮਾੜੀ ਮੋਟੀ ਹਰਜ ਮਰਜ ਤਾਂ ਸਰੀਰ ਨੂੰ ਆਉਂਦੀ ਰਹਿੰਦੀ ਐ..!"

ਸੁੱਖੀ ਜਿੰਦਰ ਕੋਲ਼ ਚਲੀ ਗਈ।

-"ਕੀ ਕਰੀਏ ਸੁੱਖੀ, ਪ੍ਰਤੀਕ ਜੀ ਨੂੰ ਮਿਲਣ ਦਾ ਸਬੱਬ ਬਣਦਾ ਦਿਸਦਾ ਨੀ..!" ਜਿੰਦਰ ਨੇ ਮੜ੍ਹੀ ਵਰਗਾ ਹਾਉਕਾ ਲਿਆ।

-"ਮੈਂ ਗੱਲ ਹੋਰ ਸੋਚਦੀ ਸੀ, ਜਿੰਦਰ..!" ਸੁੱਖੀ ਨੇ ਆਸਾ-ਪਾਸਾ ਦੇਖ ਕੇ ਚੋਰਾਂ ਵਾਂਗ ਗੱਲ ਸ਼ੁਰੂ ਕੀਤੀ, "ਪ੍ਰਤੀਕ ਕੋਲ਼ ਜਾਣ ਦਾ ਫ਼ਾਇਦਾ ਤਾਂ ਕੋਈ ਹੋਣਾ ਨੀ, ਉਹਦੇ ਅੱਲੇ ਜ਼ਖ਼ਮਾਂ 'ਤੇ ਮਿਰਚਾਂ ਈ ਭੁੱਕਾਂਗੇ..! ਉਹਨੇ ਇਹੀ ਸੋਚਣੈ ਬਈ ਮੈਨੂੰ ਹੋਰ ਸਤਾਉਣ ਆ ਗਈਆਂ..!"

-"..................।" ਜਿੰਦਰ ਚੁੱਪ ਸੀ। ਉਸ ਦਾ ਮਨ ਨੱਕੋ-ਨੱਕ ਭਰਿਆ ਪਿਆ ਸੀ।

-"ਜੇ ਤਾਂ ਕੋਈ ਮੁੜ ਆਉਣ ਦੀ ਆਸ ਹੋਵੇ, ਤਾਂ-ਤਾਂ ਬੰਦਾ ਦਿਲ ਧਰਾਉਣ ਵਾਲ਼ੀਆਂ ਗੱਲਾਂ ਵੀ ਕਰਦੈ, ਪਰ ਜਦੋਂ ਹੁਣ ਮੁੜ ਆਉਣ ਦੀ ਕੋਈ ਵਾਈ-ਧਾਈ ਈ ਨੀ, ਜਾਣ ਦਾ ਫ਼ਾਇਦਾ ਕੀ ਹੋਊ..?"

-"ਮੈਂ ਇੱਕ ਵਾਰ ਪ੍ਰਤੀਕ ਜੀ ਨੂੰ ਮਿਲ਼ ਕੇ ਉਨ੍ਹਾਂ ਦੀ ਹਿੱਕ ਨੂੰ ਲੱਗਣਾ ਚਾਹੁੰਦੀ ਹਾਂ..!" ਜਿੰਦਰ ਸਿਰੇ ਦੀ ਗੱਲ ਆਖ ਕੇ ਬੇਵੱਸੀ ਵਿਚ ਅੱਖਾਂ ਭਰ ਆਈ। ਉਸ ਦਾ ਦਿਲ ਕਰਦਾ ਸੀ ਕਿ ਉਸ ਦੇ ਖੰਭ ਨਿਕਲ਼ ਆਉਣ ਅਤੇ ਉਹ ਪ੍ਰਤੀਕ ਜੀ ਕੋਲ਼ ਉਡ ਕੇ ਚਲੀ ਜਾਵੇ।

-"..................।" ਸੁੱਖੀ ਚੁੱਪ ਸੀ। ਉਹ ਜਿੰਦਰ ਦੇ ਦਿਲ ਦੀ ਚੀਸ ਨੂੰ ਸਮਝਦੀ ਸੀ।

-"ਮੈਂ ਪ੍ਰਤੀਕ ਜੀ ਨੂੰ ਆਪਣੀ ਮਜਬੂਰੀ, ਤੇ ਆਪਣੀ ਬੇਵੱਸੀ ਦੀ ਇਬਾਰਤ ਦੱਸਣੀ ਚਾਹੁੰਦੀ ਆਂ..!"

-"ਫ਼ਾਇਦਾ ਕੀ ਨਿਕਲੂ..?? ਰੋਟੀ-ਰੋਟੀ ਕਹਿਣ ਨਾਲ਼ ਢਿੱਡ ਥੋੜ੍ਹੋ ਭਰ ਜਾਣੈ..? ਪਾਣੀ-ਪਾਣੀ ਪੁਕਾਰਨ ਨਾਲ਼ ਪਿਆਸ ਨੀ ਮਿਟਦੀ ਕਮਲ਼ੀਏ..! ਜਾਂ ਤਾਂ ਪ੍ਰਤੀਕ ਦੇ ਸਾਹਮਣੇ ਜਾ ਕੇ ਥਾਪੜ ਹਿੱਕ..! ਬਈ ਚੱਲ, ਰੱਖ ਜਿੱਥੇ ਰੱਖਦੈਂ, ਮੈਂ ਨੀ ਜਾਣਾ ਕਿਸੇ ਵਲਾਇਤ, ਮੈਂ ਤੇਰੀ ਬਣ ਕੇ ਰਹਿਣ ਨੂੰ ਤਿਆਰ ਐਂ..! ਹੈਗੀ ਐਨੀ ਹਿੰਮਤ..?"

-"..................।" ਜਿੰਦਰ ਚੁੱਪ ਧਾਰ ਗਈ। ਉਸ ਦੀ ਮਾਲੂਕ ਜਿੰਦੜੀ ਦੋ ਪੁੜਾਂ ਵਿਚਕਾਰ ਪਿਸ ਰਹੀ ਸੀ। ਨਾ ਤਾਂ ਉਹ ਮਾਂ-ਬਾਪ ਨੂੰ ਨਿਰਾਸ਼ ਕਰ ਸਕਦੀ ਸੀ, ਅਤੇ ਨਾ ਹੀ ਆਪਣੇ ਪ੍ਰਤੀਕ ਜੀ ਦੀ ਉਦਾਸੀ ਦੇਖ ਸਕਦੀ ਸੀ। ਜਾਵੇ ਤਾਂ ਕਿੱਧਰ ਜਾਵੇ..? ਨਿਕਲ਼ੇ ਤਾਂ ਕਿਹੜੀ ਮੋਰੀ ਨਿਕਲ਼ੇ..?? ਇੱਕ ਤਰ੍ਹਾਂ ਨਾਲ਼ ਝੋਟਿਆਂ ਦੇ ਭੇੜ 'ਚ ਫ਼ਸੀ ਜਿੰਦਰ ਨੂੰ ਕੋਈ ਰਸਤਾ ਨਹੀਂ ਲੱਭ ਰਿਹਾ ਸੀ।

-"ਮੈਂ ਨਹੀਂ ਚਾਹੁੰਦੀ ਕਿ ਪ੍ਰਤੀਕ ਜੀ ਮੇਰੇ ਕਾਰਨ ਦਾਰੂ ਪੀ ਕੇ ਆਪਣੀ ਸਿਹਤ ਖਰਾਬ ਕਰਨ..!" ਜਿੰਦਰ ਅਸਲ ਗੱਲ ਵੱਲ ਨੂੰ ਆਈ।

-"ਫ਼ੋਕਾ ਧਰਵਾਸ ਵੀ ਉਹਦੇ ਕਿਸੇ ਕੰਮ ਨੀ ਆਉਣਾ, ਜਿੰਦਰ..! ਜੰਗਲ ਦੀ ਅੱਗ ਕਦੇ ਫ਼ੂਕਾਂ ਨਾਲ਼ ਨੀ ਬੁਝਦੀ..! ਮੂੰਹ 'ਚ ਬੱਤੀ ਦੰਦ ਹੁੰਦੇ ਐ, ਇੱਕ ਦੰਦ ਨਿਕਲ਼ ਜਾਵੇ, ਜੀਭ ਹੇਰਵਾ ਕਰਦੀ, ਵਾਰ-ਵਾਰ ਓਥੇ ਜਾਂਦੀ ਐ ਕਿ ਐਥੇ ਮੇਰਾ ਕੁਛ ਸੀਗਾ..! ਪਰ ਸਮਾਂ ਪਾ ਕੇ ਜੀਭ ਉਸ ਖਲਾਅ ਦੀ ਆਦੀ ਹੋ ਜਾਂਦੀ ਐ...! ਸਮੇਂ ਦੇ ਨਾਲ਼ ਪ੍ਰਤੀਕ ਵੀ ਤੇਰੀ ਦੂਰੀ ਦਾ ਆਦੀ ਹੋ ਜਾਊਗਾ, ਤੇ ਤੇਰੇ ਬਿਨਾਂ ਜਿਊਣਾ ਸਿੱਖ ਲਊਗਾ..! ਇਹ ਵਕਤੀ ਦਰਦ ਨੇ, ਵਿਛੋੜੇ ਦੀਆਂ ਚੋਭਾਂ ਜਿਸ ਦਿਨ ਹੁਸੀਨ ਯਾਦਾਂ ਵਿਚ ਬਦਲ ਗਈਆਂ, ਉਹ ਵੀ ਉਨ੍ਹਾਂ 'ਚ ਮਸਤ ਹੋ ਕੇ ਤੁਰ ਪਊਗਾ..! ਹਰ ਸਦਮੇਂ ਦੀ ਕੋਈ ਸੀਮਾਂ ਹੁੰਦੀ ਐ, ਕਿਸੇ ਦੀ ਦਸ ਦਿਨ ਤੇ ਕਿਸੇ ਦੀ ਦਸ ਮਹੀਨੇ, ਜਦ ਤੂੰ ਵਲਾਇਤ ਦੀ ਰੰਗੀਨ ਦੁਨੀਆਂ, ਤੇ ਰੰਗੀਨ ਮਾਹੌਲ ਵਿਚ ਰੰਗੀ ਗਈ, ਤੈਨੂੰ ਵੀ ਸਾਰਾ ਕੁਛ ਸੁਪਨੇ ਵਾਂਗੂੰ ਜਾਪੂਗਾ..! ਵਕਤ ਸਾਰੇ ਜ਼ਖ਼ਮ ਆਪੇ ਭਰ ਦਿੰਦੈ, ਪਰ ਕਦੇ-ਕਦੇ ਉਸ ਦੇ ਦਾਗ ਬੰਦੇ ਨੂੰ ਤੰਗ ਕਰਦੇ ਰਹਿੰਦੇ ਐ..!"

-"ਪਰ ਮੈਂ ਆਪਣੇ ਲਈ ਪ੍ਰਤੀਕ ਜੀ ਨੂੰ ਮਿਲਣਾ ਚਾਹੁੰਦੀ ਆਂ, ਸੁੱਖੀ..!"

-"ਮਨਸੂਰ ਨੂੰ ਲੋਕਾਂ ਨੇ ਪੱਥਰ ਮਾਰੇ, ਤਾਂ ਉਹਨੇ 'ਸੀ' ਤੱਕ ਨਾ ਕੀਤੀ, ਜਦ ਉਹਦੀ ਸ਼ਿਬਲੀ ਨੇ ਫ਼ੁੱਲ ਮਾਰਿਆ, ਤਾਂ ਬਿਲਕ ਉਠਿਆ..! ਜੀਭ ਅਤੇ ਦੰਦਾਂ ਦਾ ਬਹੁਤ ਗੂੜ੍ਹਾ ਰਿਸ਼ਤੈ..! ਜੀਭ 'ਤੇ ਦੰਦੀ ਨਿੱਤ ਨੀ ਵੱਢੀ ਜਾਂਦੀ, ਤੇ ਜਦ ਕਦੇ ਦੰਦੀ ਵੱਢੀ ਜਾਵੇ, ਬਹੁੜੀਆਂ ਪੁਆ ਦਿੰਦੀ ਐ..! ਤੂੰ ਹੁਣ ਦੰਦ ਬਣ ਕੇ ਉਹਦੀ ਜੀਭ 'ਤੇ ਦੰਦੀ ਵੱਢੇਂਗੀ, ਸੁਆਰ ਤੂੰ ਉਹਦਾ ਕੁਛ ਨੀ ਸਕਣਾ..! ਇੱਕ ਗੱਲ ਹੋਰ ਵੀ ਐ...!"

-"........................।" ਜਿੰਦਰ ਨੇ ਅਗਲੀ ਗੱਲ ਲਈ ਕੰਨ ਚੁੱਕੇ।

-"ਸਾਰਾ ਕਸੂਰ ਤੇਰਾ ਈ ਨੀ..! ਸਾਰਾ ਦੋਸ਼ ਆਪਣੇ ਆਪ 'ਤੇ ਵੀ ਨਾ ਲੈ..! ਜੇ ਤੂੰ ਸਾਰਾ ਕੁਛ ਤਿਆਗ ਕੇ ਉਹਦੇ ਕੋਲ਼ ਚਲੀ ਜਾਵੇਂ, ਤੈਨੂੰ ਅਪਨਾਉਣ ਦਾ ਦਿਲ ਓਹਨੇ ਵੀ ਨੀ ਕੱਢ ਸਕਣਾ..! ਐਡਾ ਖਰਲਾਂ ਦਾ ਮਿਰਜ਼ਾ ਜੱਟ ਉਹ ਵੀ ਹੈਨ੍ਹੀ, ਸਮਾਜ ਤੇ ਘਰਦਿਆਂ ਦਾ ਭੈਅ ਉਹਦੇ ਅੰਦਰ ਵੀ ਗਿੱਦੜ ਦੇ ਦਿਲ ਵਾਂਗੂੰ ਕੰਬਦਾ ਹੋਊ..! ਜੇ ਨਹੀਂ ਤਾਂ ਅਜ਼ਮਾ ਕੇ ਦੇਖ ਲੈ..! ਤੁਸੀਂ ਦੋਨੋਂ ਬਰਾਬਰ ਦੇ ਬੇਵੱਸ, ਤੇ ਇੱਕੋ ਦੌੜ ਦੇ ਘੋੜੇ ਹੋ..! ਦੂਜੇ 'ਤੇ ਦੂਸ਼ਣ ਲਾਉਣਾ ਬਹੁਤ ਸੌਖੈ...! ਪਤਾ ਤਾਂ ਓਦੋਂ ਲੱਗਦੈ, ਜਦੋਂ ਆਪਣੀ ਪਰਖ ਦੀ ਘੜ੍ਹੀ ਆਉਂਦੀ ਐ...!"

-"........................।" ਜਿੰਦਰ ਚੁੱਪ ਸੀ। ਉਸ ਨੂੰ ਸੱਚ ਆ ਗਿਆ ਸੀ ਕਿ ਜੋ ਕੁਝ ਸੁੱਖੀ ਆਖ ਰਹੀ ਸੀ, ਉਹ ਸੋਲ਼ਾਂ ਆਨੇ ਸੱਚ ਸੀ। ਪਰ ਜਿੰਦਰ ਦੇ ਤਨ ਮਨ ਨੂੰ ਇੱਕ ਅੱਚਵੀ ਲੱਗੀ ਪਈ ਸੀ। ਉਸ ਨੂੰ ਇਹ ਵੀ ਯਕੀਨ ਆ ਗਿਆ ਸੀ ਕਿ ਸੁੱਖੀ ਉਸ ਨਾਲ਼ ਕਦੇ ਵੀ ਪ੍ਰਤੀਕ ਜੀ ਨੂੰ ਮਿਲਣ ਨਹੀਂ ਜਾਵੇਗੀ ਅਤੇ ਸੁੱਖੀ ਦੀਆਂ ਕਹੀਆਂ ਗੱਲਾਂ ਵੀ ਕਿਸੇ ਹੱਦ ਤੱਕ ਸੱਚ ਸਨ। ਜਿੰਦਰ ਇਸ ਗੱਲ ਤੋਂ ਵੀ ਪ੍ਰੇਸ਼ਾਨ ਸੀ ਕਿ ਉਸ ਦੀ ਫ਼ਲਾਈਟ ਦੇ ਦਿਨ ਸਿਰ 'ਤੇ ਚੜ੍ਹਦੇ ਆ ਰਹੇ ਸਨ। ਸਮਾਂ ਬਹੁਤ ਘੱਟ ਸੀ।

ਅਗਲੇ ਦਿਨ ਜਿੰਦਰ ਇਕੱਲੀ ਨੇ ਹੀ ਕਰੈਕਟਰ ਸਰਟੀਫ਼ਿਕੇਟ ਲੈਣ ਦੇ ਬਹਾਨੇ ਬੱਸ ਫ਼ੜ ਲਈ ਅਤੇ ਪ੍ਰਤੀਕ ਕੇ ਖੇਤਾਂ ਕੋਲ਼ ਜਾ ਉੱਤਰੀ। ਖੇਤ ਵਾਲ਼ੀ ਮੋਟਰ ਲਾਵਾਰਿਸ ਮੜ੍ਹੀ ਵਾਂਗ ਸੁੰਨ-ਸਾਨ ਪਈ ਸੀ। ਦੂਰ-ਦੂਰ ਤੱਕ ਕੋਈ ਨਜ਼ਰ ਨਹੀਂ ਆ ਰਿਹਾ ਸੀ। ਉਹ ਚੱਕਵੇਂ ਪੈਰੀਂ ਖੇਤਾਂ ਵਿਚੋਂ ਬਾਹਰ ਆ ਗਈ।

ਜਦ ਉਹ ਖੇਤਾਂ ਵਿਚੋਂ ਨਿਕਲ਼ ਕੇ ਸੜਕ 'ਤੇ ਆਈ ਤਾਂ ਇੱਕ ਮੋਟਰ ਸਾਈਕਲ ਸਵਾਰ ਜਿੰਦਰ ਨੂੰ ਸ਼ੱਕੀ ਅਤੇ ਸ਼ੈਤਾਨ ਜਿਹੀਆਂ ਨਜ਼ਰਾਂ ਨਾਲ਼ ਘੋਖਦਾ ਅੱਗੇ ਲੰਘ ਗਿਆ। ਕੁਝ ਸੋਚ ਕੇ ਜਿੰਦਰ ਦਾ ਸੀਤ ਨਿਕਲ਼ ਗਿਆ ਅਤੇ ਉਹ ਹੋਰ ਤੇਜ਼ੀ ਨਾਲ਼ ਸੜਕ 'ਤੇ ਤੁਰਨ ਲੱਗ ਪਈ। ਕਿਸੇ ਘਬਰਾਹਟ ਵਿਚ ਉਸ ਦੇ ਸਾਹ ਕਾਹਲ਼ੇ ਪਏ ਹੋਏ ਸਨ ਅਤੇ ਮੱਥੇ 'ਤੇ ਕੱਚੀ ਤਰੇਲ਼ੀ ਆ ਗਈ ਸੀ।

ਉਸ ਨੇ ਪਿੰਡ ਵਾਲ਼ੀ ਬੱਸ ਫ਼ੜ ਲਈ।

ਉਸ ਦੀ ਪ੍ਰਤੀਕ ਜੀ ਨੂੰ ਮਿਲ਼ਣ ਦੀ ਆਖਰੀ ਇੱਛਾ ਵੀ ਹਿਰਦੇ ਅੰਦਰ ਦਮ ਤੋੜ ਕੇ ਰਹਿ ਗਈ ਸੀ। ਬੱਸ ਵਿਚ ਬੈਠੀ ਉਹ ਪਤਾ ਨਹੀਂ ਕੀ-ਕੀ ਸੋਚ ਰਹੀ ਸੀ? ਪ੍ਰਤੀਕ ਜੀ ਦੇ ਘਰ ਜਾਇਆ ਜਾਵੇ..? ਜੇ ਉਸ ਦੇ ਘਰਦਿਆਂ ਨੇ ਬੇਇੱਜ਼ਤੀ ਕਰ ਦਿੱਤੀ, ਤਾਂ ਬੁਰੀ ਤਰ੍ਹਾਂ ਬਦਨਾਮੀਂ ਹੋ ਜਾਵੇਗੀ..! "ਬਦਨਾਮੀਂ" ਦੇ ਨਾਂ ਨੂੰ ਉਹ ਅੰਦਰੋਂ ਧੁਰ ਤੱਕ ਕੰਬ ਗਈ। ਮੁੜ ਕਾਲਿਜ ਜਾਇਆ ਜਾਵੇ..? ਉਹ ਸੋਚਾਂ ਦੀਆਂ ਕਪੜਛੱਲਾਂ ਵਿਚ ਗੋਤੇ ਖਾਂਦੀ ਪਿੰਡ ਆ ਉੱਤਰੀ। -ਚੱਲਦਾ

## ਪੰਜਾਬੀ ਬੋਲੀ ਦੀ ਟੌਰ

ਬੋਲੀਏ ਪੰਜਾਬੀਏ, ਸੋਹਣੀ ਸ਼ਹਿਜ਼ਾਦੀਏ
ਜੱਗ 'ਤੇ ਅਨੋਖੀ ਤੇਰੀ ਟੌਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਸ਼ਹਿਦ ਨਾਲੋਂ ਮਿੱਠੀਏ, ਦੁੱਧ ਨਾਲੋਂ ਚਿੱਟੀਏ
ਤੇਰੇ ਜਿਹੀ ਭਾਸ਼ਾ ਕੋਈ ਜੱਗ 'ਤੇ ਨਾ ਡਿੱਠੀ ਏ
ਤੈਨੂੰ ਸੁਣ ਨੱਚਦੇ ਨੇ ਮੋਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਬੋਲੀ ਗੁਰੂ ਪੀਰਾਂ ਦੀ ਤੂੰ, ਸੂਫੀਆਂ ਫਕੀਰਾਂ ਦੀ ਤੂੰ
ਸੂਫੀਆਨਾ ਕਾਵਿ ਤੂੰ ਹੀ ਵਾਰ ਯੋਧੇ ਵੀਰਾਂ ਦੀ ਤੂੰ
ਤੇਰੇ ਹਰ ਅੱਖ਼ਰ 'ਚ ਲ਼ੋਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਮਹਿਕ ਹੈਂ ਗ਼ੁਲਾਬ ਦੀ ਤੂੰ, ਸੁਰ ਹੈਂ ਰਬਾਬ ਦੀ ਤੂੰ
ਬੋਲੀਏ ਪੰਜਾਬੀਏ ਸ਼ਾਨ ਹੈਂ ਪੰਜਾਬ ਦੀ ਤੂੰ
ਸਭ ਬੋਲੀਆਂ 'ਚੋਂ ਸਿਰਮੌਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਪੈਂਤੀ ਸਾਡੀ ਸ਼ਾਨ ਬਣੀ, ਗਿਆਨੀਆਂ ਦਾ ਗਿਆਨ ਬਣੀ
ਗੁਰੂ ਗਰੰਥ ਸਾਹਿਬ ਵਿਚ ਰੱਬ ਦਾ ਤੂੰ ਨਾਮ ਬਣੀ
ਤੇਰੇ ਉੱਤੇ ਹੋਣ ਅੱਜ ਚਉਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਲਿਖੋ ਬੋਲੋ ਪੜ੍ਹੋ ਸਾਰੇ, ਪੰਜਾਬੀ 'ਚ ਕੰਮ ਕਰੋ ਸਾਰੇ
ਗਿੱਲ ਮਲਕੀਤ ਝੋਲੀ ਖੁਸ਼ੀਆਂ ਨਾ ਭਰੋ ਸਾਰੇ
ਸੀਸ ਮੈਂ ਝੁਕਾਵਾਂ ਹੱਥ ਜੋੜ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।
ਜੱਗ ਤੋਂ ਅਨੋਖੀ ਤੇਰੀ ਟੌਰ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਪਿੰਡ ਭੱਠਲਾਂ ਜਿਲ੍ਹਾ ਬਰਨਾਲਾ।
ਸੰਪਰਕ : 79865-28225

ਪੰਜਾਬ ਮੇਲ USA

## ਸ਼ੇਰ ਬਚੀਏ

ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ

ਚੇਤੇ ਰਹੂ ਤੇਰੀ ਇਹ ਚਪੇੜ ਜੱਟੀਏ
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ

ਬੱਚੀਏ ਕਰਾਤੀ ਪੂਰੀ ਧੰਨ ਧੰਨ ਤੂੰ
ਕਿੰਨਾ ਸੋਹਣਾ ਕੀਤਾ ਅੱਜ Welcome ਤੂੰ
ਜਿਉਂਦੀ ਰਹਿ ਤੂੰ ਕੌਮ ਦੀ ਦਲੇਰ ਬੱਚੀਏ
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ

ਫੋਨਾਂ ਉੱਤੇ ਚੱਲਦੀ ਇਹ reel ਦੇਖ ਕੇ
ਲਾਲ ਪੀਲੀ ਹੁੰਦੀ ਹੋਊ ਨੀਲ ਦੇਖ ਕੇ
ਮਾਰਦੀ ਹੋਣੀ ਆ ਉੱਚੀ ਲੇਰ ਬੱਚੀਏ
ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ

ਲੰਘਣ ਲੱਗੀ ਸੀ ਜਦ ਲਾਇਨ ਕੱਟ ਕੇ
ਉਸੇ ਵੇਲੇ ਛੱਡਿਆ ਲਫੇੜਾ ਵੱਟ ਕੇ
ਅੱਖਾਂ 'ਚ ਲਿਆਤਾ ਓਹਦੇ ਨੇਹਰ ਬੱਚੀਏ
ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ

ਸ਼ੀਸ਼ੇ ਵਿਚ ਮੂੰਹ ਜਦ ਦੇਖਦੀ ਹੋਊ
ਬੰਬੇ ਵਾਲੀ ਬੀਬੀ ਬੁੱਲ੍ਹ ਟੇਰਦੀ ਹੋਊ
ਲਗਦਾ ਨੀ ਪੰਗਾ ਲੈਂਦੀ ਫੇਰ ਬੱਚੀਏ
ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ

ਜਿਉਂਦੀਆਂ ਨੇ ਹਾਲੇ ਕੌਮ ਦੀਆਂ ਬੱਚੀਆਂ
ਅਣਖਾਂ ਜ਼ਮੀਰਾਂ ਜਿਨ੍ਹਾਂ ਸਾਂਭ ਰੱਖੀਆਂ
ਦੱਸਤਾ ਨਚਾਰਾਂ ਨੂੰ ਤੂੰ ਘੇਰ ਬੱਚੀਏ
ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ

ਸਦਾ ਨੀ ਸਾਹੋਤੇਆ ਇਹ ਹੀਰਾਂ ਹੁੰਦੀਆਂ
ਕੁੜੀਆਂ ਤਾਂ ਤੇਜ਼ ਸ਼ਮਸ਼ੀਰਾਂ ਹੁੰਦੀਆਂ
ਵੈਰੀ ਨੂੰ ਇਹ ਦਿੰਦੀਆਂ ਉਧੇੜ ਬੱਚੀਏ
ਸ਼ਾਬਾਸ਼ੇ ਨੀ ਕੌਮ ਦੀਏ ਸ਼ੇਰ ਬੱਚੀਏ
ਚੇਤੇ ਰਹੂ ਤੇਰੀ ਨੀ ਚਪੇੜ ਬੱਚੀਏ



-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਦੋ ਫੁੱਲ ਮੁਰਝਾ ਗਏ

ਦੋ ਫੁੱਲ ਮੁਰਝਾ ਗਏ
ਤਾਂ ਸੋਗ ਨਾ ਮਨਾਈਂ
ਪੱਤ ਝੜ ਗਏ ਤਾਂ
ਦਿਲ-ਏ-ਰੋਗ ਨਾ ਲਾਈਂ
ਬਥੇਰੇ ਬੀਜ਼ ਅਨੇਕਾਂ ਕਲਮਾਂ
ਅਜੇ ਸੁੱਕਾ ਨਹੀਂ ਚਨਾਬ ਮੇਰਾ
ਦੇਖ ਖਿੜਿਆ ਅਜੇ ਪੰਜਾਬ ਮੇਰਾ

ਮਿੱਟੀ ਵੀ ਮੇਰੀ
ਡੁੱਲ੍ਹਦਾ ਖ਼ੂਨ ਵੀ ਮੇਰਾ
ਨਾਨਕ ਫ਼ੱਕਰ ਵੀ ਮੇਰਾ
ਫ਼ਰੀਦ ਕਬੀਰੁ ਵੀ ਮੇਰਾ
ਮਰਦਾਨੇ ਦੀਆਂ ਤਾਰਾਂ 'ਚੋਂ ਕਿਰਦਾ
ਇੱਕ ਇਕ ਰਾਗ ਵੀ ਮੇਰਾ

ਇਹ ਦਰਿਆ ਤੇ ਕਿਨਾਰਾ
ਫਿਰ ਸੁਕਦਾ ਨਹੀਂ ਰਹੇਗਾ
ਇਹ ਜੰਗਲ ਜੋ ਧੁਖ਼ਦਾ
ਹੁਣ ਧੁਖ਼ਦਾ ਨਹੀਂ ਰਹੇਗਾ
ਇਹ ਹਵਾਵਾਂ ਦਾ ਦੁੱਖ ਸੁੱਖ
ਰੁੱਤਾਂ ਨਾਲ ਹਿਸਾਬ ਹੈ ਮੇਰਾ

ਇਹ ਰੁੱਖ ਨੇ ਸਭ ਦੇ
ਬੈਠੇ ਦੁੱਖ ਨੇ ਸਭ ਦੇ
ਰਾਗਨੀਆਂ ਇਹ ਗੀਤ
ਸੁੱਖ ਵੀ ਨੇ ਸਭ ਦੇ
ਕਿਤੇ ਕਿਤੇ ਜੇ ਲੀਰਾਂ ਹੋਇਆ ਦਿਸੇ
ਹੋਣਾ ਇਹ ਸਫ਼ਾ ਕਿਤਾਬ ਦਾ ਮੇਰਾ

ਪਤਾ ਨਹੀਂ ਸੀ ਇਹ ਝੱਲੀ
ਆਵਾਜ਼ ਗੋਲੀ ਦੀ ਹੋਣੀ
ਮੈਂ ਤਾਂ ਸੀ ਅਜੇ ਤਾਰਿਆਂ ਸੰਗ
ਚਾਨਣੀ ਸੀ ਪਰੋਣੀ
ਪੱਤਾ ਪੱਤਾ ਇਹ ਜੋ ਹੋ ਗਿਆ
ਸੂਹਾ ਗੁਲਾਬ ਸੀ ਮੇਰਾ

ਫ਼ੌਜੀ ਬੂਟਾਂ ਦਾ ਖੜਕਾ
ਇਹ ਟੈਂਕਾਂ ਦਾ ਸ਼ੋਰ
ਰੋਕ ਸ਼ਬਦ ਗਾਇਣ ਅੰਦਰ
ਅਨਿਆਇ ਮਹਾਂ ਘੋਰ
ਇਹ ਜਲਿਆ ਸਾਰਿਆਂ ਸਾਹਵੇਂ
ਰਾਗ ਰਬਾਬ ਸੀ ਮੇਰਾ

ਬਥੇਰੇ ਬੀਜ਼ ਅਨੇਕਾਂ ਕਲਮਾਂ
ਅਜੇ ਸੁੱਕਾ ਨਹੀਂ ਚਨਾਬ ਮੇਰਾ
ਦੇਖ ਖਿੜਿਆ ਅਜੇ ਵੀ ਪੰਜਾਬ ਮੇਰਾ



-ਅਮਰਜੀਤ ਟਾਂਡਾ
ਫੋਨ +61-417-271-147

ਪੰਜਾਬ ਮੇਲ USA

## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਪਵੇ ਨਾ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ

'ਰੰਧਾਵਾ' ਨਹੀਂ ਹੈ ਇੱਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀਂ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ



-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ,
ਫੋਨ: +1 (916) 320-9444

ਪੰਜਾਬ ਮੇਲ USA

## ਮੀਆਂ ਬੀਵੀ

**ਬੀਵੀ:**
'ਚੰਨਾ ਵੇ ਕਿਤੇ ਰੁੱਸ ਨਾ ਬੈਠੀਂ,
ਖਾ ਗੁੱਸਾ ਕਿਤੇ ਖੁੱਸ ਨ ਬੈਠੀਂ।
ਮੈਥੋਂ ਨਹੀਂ ਹੈ ਝੱਲਿਆ ਜਾਣਾ,
ਤੈਨੂੰ ਵੀ ਪਊਗਾ ਪਛਤਾਉਣਾ।

ਗੁਆਂਢੀ ਦੇਖਕੇ ਚਸਕਾ ਲੈਂਦੇ,
ਬਨੇਰੇ ਉੱਤੇ ਲਿਟ ਲਿਟ ਪੈਂਦੇ।
ਐਵੇਂ ਝਈਆਂ ਲੈ ਲੈ ਪੈਂਦਾ ਤੂੰ,
ਵਿਟ ਵਿਟ ਤੱਕਦੇ ਬੱਚੇ ਮੂੰਹ।

ਅਗਲੇ ਪਿਛਲੇ ਗਿਣੀ ਜਾਵੇਂ,
ਗਾਲਾਂ ਧਰ ਧਰ ਚਿਣੀ ਜਾਵੇਂ।
ਦੋਵੇਂ ਕੰਨਾਂ ਦੀ ਵਰਤੋਂ ਕਰਕੇ,
ਐਧਰ ਸੁਣ ਮੈਂ ਔਧਰ ਕੱਢਕੇ।

ਗੱਲ ਤੇਰੀ ਨ ਦਿਲ 'ਤੇ ਲਾਣੀ,
ਸਿਰ ਵਿਚ ਪਾਵਾਂ ਠੰਡਾ ਪਾਣੀ।
ਕਾਹਨੂੰ ਵਾਧੂ ਖ਼ੂਨ ਸਕਾਉਣਾ,
ਨ ਕੁਛ ਪਾਣਾ ਨ ਗੁਆਉਣਾ।"
**ਮੀਆਂ:**
"ਬੈਠ ਜਾ ਚੁੱਪ ਕਰਕੇ ਰਕਾਨੇ,
ਨਿੱਤ ਲੱਭੇਂ ਲੜਨ ਦੇ ਬਹਾਨੇ।
ਜੇ ਛੱਡਦੇਂ ਸਾਰੇ ਨੀ ਚਲਿੱਤਰ,
ਫਿਰ ਕਦੇ ਖੜਕੇ ਨਾ ਛਿੱਤਰ।

ਪਾਣੀ ਕਿਉਂ ਮਧਾਣੀ ਪਾਈਏ,
ਆ ਜਾ ਬੈਠ ਗੱਲ ਮੁਕਾਈਏ।"
ਮੀਆਂ ਬੀਵੀ ਦੀ ਕੀ ਲੜਾਈ,
ਅੰਦਰ ਬਹਿ ਕੇ ਦੋਵਾਂ ਮੁਕਾਈ।

ਘਰ ਘਰ ਦੀ ਹੈ ਕਹਾਣੀ ਲੋਕੋ,
ਸਭ ਜੱਗ ਦੀ ਹੈ ਪਛਾਣੀ ਲੋਕੋ।
ਐਵੇਂ ਪੜ੍ਹਕੇ ਨ ਕੋਈ ਮਨ ਲਾਵੇ,
"ਨੂਰਪੁਰੀ" ਸਭਨਾਂ ਨੂੰ ਸਮਝਾਵੇ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਪਾਣੀ ਦੀ ਕਿੱਲਤ

ਸਬਰਸੀਬਲ ਪੰਪ ਪਾਣੀ ਵਲੋਂ ਜਵਾਬ ਦੇ ਚੱਲੇ,
ਪਾਣੀ ਬਚਾਉਣ ਦੀ ਸਮਝ ਅਜੇ ਆਉਣੀ ਨਹੀਂ।

ਅੱਜ ਆਹ ਪਿੰਡ ਮੁੱਕਿਆ ਕੱਲ੍ਹ ਉੱਥੇ ਮੁੱਕਿਆ,
ਸਾਨੂੰ ਕਿਤੋਂ ਵੀ ਪਾਣੀ ਦੀ ਘੁੱਟ ਥਿਆਉਣੀ ਨਹੀਂ।

ਸਰਕਾਰਾਂ ਵੀ ਪੰਜਾਬ ਲਈ ਬੇਈਮਾਨ ਹੋਈਆਂ,
ਉਨ੍ਹਾਂ ਵੀ ਪਾਣੀ ਦੀ ਦੁਰਵਰਤੋਂ ਰਕਾਉਣੀ ਨਹੀਂ।

ਲੋਕਾਂ ਨੇ ਝੋਨਾਂ ਲਾਉਣ ਦਾ ਕੰਮ ਨਹੀਂ ਬੰਦ ਕਰਨਾ,
ਬੰਜਰ ਹੋਣ ਲੱਗੀ ਜ਼ਮੀਨ ਇਨ੍ਹਾਂ ਬਚਾਉਣੀ ਨਹੀਂ।

ਖੂਹਾਂ ਤੋਂ ਮੱਛੀ ਮੋਟਰ ਤੱਕ ਦਾ ਸਫ਼ਰ ਕਰ ਚੁੱਕੇ,
ਹੁਣ ਸੁੱਕੇ ਰੇਤੇ ਵਿਚ ਪਾਣੀ ਦੀ ਬੂੰਦ ਹੋਣੀ ਨਹੀਂ।

ਲੋਕੋ! ਘੜੇ ਚੁੱਕਣੇ ਪੈ ਜਾਣੇ ਫਿਰ ਸੁਆਣੀਆਂ ਨੂੰ,
'ਮੁੱਲਾਂਪੁਰ' ਵਾਲੇ ਦੀ ਗੱਲ ਜੇ ਕੰਨੀਂ ਪਾਉਣੀ ਨਹੀਂ।



-ਸੁਖਵਿੰਦਰ ਸਿੰਘ ਮੁੱਲਾਂਪੁਰ

ਪੰਜਾਬ ਮੇਲ USA

## ਕਵੀ ਪ੍ਰਵਾਨਾ



ਕਵੀ ਪ੍ਰਵਾਨਾ ਇਹਨੂੰ ਜਾਣਦਾ
ਜ਼ਮਾਨਾ ਸਾਰਾ
ਧਰਤੀ ਪੰਜਾਬ ਦੀ 'ਚ ਇਹਨੇ ਮੌਜਾਂ
ਮਾਣੀਆਂ।
ਬੋਲੀ ਏ ਪੰਜਾਬੀ ਰਮੀ ਰੋਮ-ਰੋਮ ਵਿਚ
ਇਹਦੇ
ਪਾਲਿਆ ਏ ਪੰਜ ਦਰਿਆਵਾਂ ਦਿਆਂ ਪਾਣੀਆਂ।
ਖੇਡਿਆ ਏ ਲਾਡੋਵਾਲੀ ਵਿਚ ਨਾਲ ਮਿੱਤਰਾਂ ਦੇ
ਰੱਜਕੇ ਪਿਆਰ ਦਿੱਤਾ ਇਹਨੂੰ ਇਹਦੇ ਹਾਣੀਆਂ।
ਅੰਨਜਲ ਖਿੱਚਕੇ ਲਿਆਇਆ ਅਮਰੀਕਾ ਇਹਨੂੰ
ਪਿਆਰ ਦੀਆਂ ਪਿੱਛੇ ਛੱਡ ਆਇਆ ਏ ਕਹਾਣੀਆਂ।
ਕਵਿਤਾ ਦਾ ਸ਼ੌਕ ਏਥੇ ਆਕੇ ਭੀ ਨਾ ਹੋਇਆ ਮੱਠਾ
ਰਾਹ ਵਿਚ ਆਈਆਂ ਚਾਹੇ ਲੱਖਾਂ ਪ੍ਰੇਸ਼ਾਨੀਆਂ।
ਨਿੱਕੀ ਜਹੀ ਕਵਿਤਾ 'ਚ ਗੱਲ ਕਰੇ ਬੜੀ ਵੱਡੀ
ਬਿਨਾ ਵਜ੍ਹਾ ਇਹ ਨਹੀਂ ਐਵੇਂ ਪਾਉਂਦਾ ਏ ਕਹਾਣੀਆਂ।
ਗਿੰਨੀ ਦੇ ਵਿਛੋੜਿਆਂ ਨੇ ਘੁਣ ਵਾਂਗੂ ਖਾ ਲਿਆ ਏ
ਦਿਲ 'ਚ ਦਬਾਈ ਬੈਠਾ ਪੀੜਾਂ ਨੇ ਪੁਰਾਣੀਆਂ।
ਸਬਰਾਂ ਦੇ ਕਦੇ ਵੀ ਨਾ ਟੁੱਟੇ ਨੇ ਕਿਨਾਰੇ ਇਹਦੇ
ਜ਼ਿੰਦਗੀ 'ਚ ਆਈਆਂ ਭਾਵੇ ਲੱਖਾਂ ਤੁਗਆਨੀਆਂ।
ਸਭਾ ਤੇ ਸੁਸਾਇਟੀਆਂ 'ਚ ਬੜਾ ਕੰਮ ਕੀਤਾ ਇਹਨੇ
ਪਰ ਇਹਦੇ ਸਾਥੀਆਂ ਨੇ ਕਦਰਾਂ ਨਾ ਜਾਣੀਆਂ।
ਗੁਰੂ ਘਰਾਂ ਵਿਚ ਜਾਕੇ ਸੇਵਾ ਕਰੇ ਸੰਗਤਾਂ ਦੀ
ਰੱਬ ਦੀਆਂ ਰਮਜ਼ਾਂ ਨੇ ਇਸਨੇ ਪਛਾਣੀਆਂ।
ਪਹਿਲੀ ਏ ਕਿਤਾਬ ਇਹਦੀ ਪੜ੍ਹਕੇ 'ਆਜ਼ਾਦ' ਦੇਖੋ
ਸਿੱਧਾ-ਸਾਦਾ ਬੰਦਾ ਗੱਲਾਂ ਕਰਦਾ ਸਿਆਣੀਆਂ॥

-ਆਜ਼ਾਦ ਜਲੰਧਰੀ

ਪੰਜਾਬ ਮੇਲ USA

## ਗ਼ਜ਼ਲ

ਵਰ੍ਹਦੇ ਵਰ੍ਹਦੇ ਗ਼ਮ ਦੇ ਬੱਦਲ ਵਰ੍ਹ ਜਾਂਦੇ ਨੇ।
ਹਿੰਮਤ ਕਰਕੇ ਲੋਕੀਂ ਸਾਗਰ ਤਰ ਜਾਂਦੇ ਨੇ।

ਜਿੱਤ ਦੇ ਨੇੜੇ ਪਹੁੰਚੇ ਕਦੇ-ਕਦਾਈਂ ਤਾਂ,
ਹਰਦੇ ਹਰਦੇ ਲੋਕੀਂ ਆਖ਼ਰ ਹਰ ਜਾਂਦੇ ਨੇ।

ਐਸੇ ਨਿੱਡਰ ਲੋਕਾਂ ਦੀ ਕੀ ਗੱਲ ਆਖਾਂ,
ਸੱਪ ਸਮਝ ਕੇ ਰੱਸੀ ਨੂੰ ਉਹ ਡਰ ਜਾਂਦੇ ਨੇ।

ਕੀ ਉਨ੍ਹਾਂ ਨੇ ਮੰਜ਼ਿਲ ਨੂੰ ਸਰ ਕਰਨਾ ਹੈ,
ਮੌਤ ਆਉਣ ਤੋਂ ਪਹਿਲਾਂ ਹੀ ਜੋ ਮਰ ਜਾਂਦੇ ਨੇ।

ਭ੍ਰਿਸ਼ਟਾਚਾਰ ਦੀ ਆਦਤ ਜਿਨ੍ਹਾਂ ਨੂੰ ਪੈ ਜਾਂਦੀ,
ਉਹ ਤਾਂ ਪਸ਼ੂਆਂ ਦਾ ਚਾਰਾ ਵੀ ਚਰ ਜਾਂਦੇ ਨੇ।

ਜ਼ੁਲਮ-ਜਬਰ ਨੂੰ ਜੜ੍ਹੋਂ ਮਿਟਾਉਂਦੇ ਨੇ ਧਰਮੀ,
ਤੱਤੀ ਤਵੀ ਦੇ ਸੇਕ ਨੂੰ ਵੀ ਉਹ ਜਰ ਜਾਂਦੇ ਨੇ।

ਸਾਰੀ ਉਮਰ ਆਸਰਾ ਮਿਲੇ ਨਾ ਜਿਨ੍ਹਾਂ ਨੂੰ,
ਮਰਨ ਪਿੱਛੋਂ ਉਹ ਅਪਣੇ ਅਸਲੀ ਘਰ ਜਾਂਦੇ ਨੇ।

'ਨਵ ਸੰਗੀਤ' ਉਹ ਜ਼ਿੰਦਾ ਰਹਿੰਦੇ ਅਜ਼ਲਾਂ ਤੱਕ
ਜੀਵਨ ਨੂੰ ਜੋ ਲੋਕਾਂ ਦੇ ਨਾਂ ਕਰ ਜਾਂਦੇ ਨੇ।



-ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ, ਤਲਵੰਡੀ
ਸਾਬੋ-151302
ਬਠਿੰਡਾ : 94176-92015

ਪੰਜਾਬ ਮੇਲ USA



REALTYONEGROUP

Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

Gurjatinder S. Randhawa

REALTOR CA DRE licence # 01490567

web: www.RealtorRandhawa.com

garysingh123@yahoo.com